ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 47 | 30 November to 6 December 2022 | Ph.: (510) 240-5949 | Email: asrtimes@gmail.com

# ਅਮਰੀਕੀ ਸਿੱਖ ਥਮਿੰਦਰ ਸਿੰਘ ਪਾਵਨ ਗੁਰਬਾਣੀ ਦੀਆਂ ਲਗਾਂ-ਮਾਤਰਾਂ ਨਾਲ ਛੇੜਛਾੜ ਕਰਨ ਦੇ ਦੋਸ਼ ਤਹਿਤ ਪੰਥ 'ਚੋਂ ਖ਼ਾਰਜ

## ਲੰਗਾਹ ਪੰਥ ਵਿਚ ਮੁੜ ਸ਼ਾਮਲ, ਜਥੇਦਾਰਾਂ ਨੇ ਲਗਾਈ 21 ਦਿਨਾਂ ਲਈ ਧਾਰਮਿਕ ਤਨਖ਼ਾਹ

## ਹਰਿਆਣਾ ਕਮੇਟੀ ਨੂੰ ਮਾਨਤਾ, ਸ਼੍ਰੋਮਣੀ ਕਮੇਟੀ 'ਤੇ ਕੇਂਦਰ ਸਰਕਾਰ ਵੱਲੋਂ ਹਮਲਾ ਕਰਾਰ

## ਵਲਟੋਹਾ ਵੱਲੋਂ ਵਿਰੋਧ, ਕਿਹਾ ਕਿ ਮੁਆਫ਼ੀ ਦੇਣਾ ਜਥੇਦਾਰ ਦਾ ਅਧਿਕਾਰ ਪਰ ਹੋਰ ਛੋਟਾਂ ਦੇਣਾ ਸਵਾਲ ਖੜ੍ਹੇ ਕਰਦਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਜਾਰੀ ਕੀਤੇ ਹੁਕਮਨਾਮਿਆਂ ਵਿਚ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਇਕ ਬੱਜਰ ਗੁਨਾਹ ਕਰਨ ਲਈ 21 ਦਿਨਾਂ ਲਈ ਧਾਰਮਿਕ ਤਨਖ਼ਾਹ ਲਗਾਈ ਗਈ ਅਤੇ ਅਮਰੀਕੀ ਸਿੱਖ ਥਮਿੰਦਰ ਸਿੰਘ ਅਨੰਦ ਨੂੰ ਪਾਵਨ ਗੁਰਬਾਣੀ ਦੀਆਂ ਲਗਾਂ-ਮਾਤਰਾਂ ਨਾਲ ਛੇੜਛਾੜ ਕਰਨ ਦੇ ਦੋਸ਼ ਤਹਿਤ ਸਿੱਖ ਪੰਥ 'ਚੋਂ ਖ਼ਾਰਜ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ ਨੂੰ ਵੀ ਵੱਖ-ਵੱਖ ਮਾਮਲਿਆਂ ਵਿਚ ਧਾਰਮਿਕ ਤਨਖ਼ਾਹ ਲਗਾਈ ਗਈ। ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਤੇ ਪੰਜ ਪਿਆਰੇ ਭਾਈ ਸੁਖਦੇਵ ਸਿੰਘ ਸ਼ਾਮਿਲ ਹੋਏ।ਲੰਗਾਹ ਸਮੇਤ ਹੋਰਨਾਂ ਧਾਰਮਿਕ ਤੇ ਪੰਥਕ ਮਾਮਲਿਆਂ ਦੀ ਸੁਣਵਾਈ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬਾਨ ਨੇ ਕੀਤੀ। ਲੰਗਾਹ ਦੇ ਮਾਮਲੇ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਉਸ ਨੂੰ ਪਰ ਇਸਤਰੀ ਗਾਮੀ ਹੋਣ ਦੀ ਬੱਜਰ ਕੁਰਹਿਤ ਦੇ ਕੀਤੇ ਜੁਰਮ ਦਾ ਇਕਬਾਲ ਕਰਨ 'ਤੇ ਇਸ ਲਈ





ਸੰਗਤਾਂ ਤੋਂ ਪੰਜ ਵਾਰ ਮੁਆਫ਼ੀ ਮੰਗਣ ਲਈ ਆਦੇਸ਼ ਕੀਤਾ ਗਿਆ। ਉਸ ਵੱਲੋਂ ਅਜਿਹਾ ਕਰਨ ਤੋਂ ਬਾਅਦ ਸਿੰਘ ਸਾਹਿਬ ਵੱਲੋਂ ਉਸ ਨੂੰ 21 ਦਿਨ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਪੁਜੀ ਸਾਹਿਬ ਦਾ ਪਾਠ ਕਰਨ, ਇਕ ਘੰਟਾ ਬਰਤਨ ਸਾਫ਼ ਕਰਨ, ਇਕ ਘੰਟਾ ਪਰਿਕਰਮਾ ਵਿਚ ਬੈਠ ਕੇ ਕੀਰਤਨ ਸਰਵਣ ਕਰਨ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਦੇ ਢਾਡੀ ਦਰਬਾਰ ਦੌਰਾਨ ਇਕ ਦਿਨ ਦੇ ਦੀਵਾਨ ਵਾਲੇ ਸਾਰੇ ਢਾਡੀ ਜਥਿਆਂ ਨੂੰ 5100-5100 ਰੁਪਏ ਦੀ ਭੇਟਾ ਦੇਣ, ਉਨ੍ਹਾਂ ਲਈ ਘਰੋਂ ਪ੍ਰਸ਼ਾਦਾ ਤਿਆਰ ਕਰਵਾ ਕੇ ਲਿਆ ਕੇ ਛਕਾਉਣ ਅਤੇ ਉਨ੍ਹਾਂ ਦੇ ਜੂਠੇ ਬਰਤਨ ਸਾਫ਼ ਕਰਨ ਦੀ ਧਾਰਮਿਕ ਤਨਖ਼ਾਹ ਲਗਾਈ ਗਈ ।21 ਦਿਨ ਦੀ ਸੇਵਾ ਮੁਕੰਮਲ ਹੋਣ ਬਾਅਦ 5100 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਅਰਦਾਸ ਕਰਾਉਣ ਦਾ ਵੀ ਆਦੇਸ਼ ਦੇਣ ਦੇ ਨਾਲ ਨਾਲ ਲੰਗਾਹ ਨੂੰ 5 ਸਾਲ ਤੱਕ ਸ਼੍ਰੋਮਣੀ ਕਮੇਟੀ ਸਮੇਤ ਕਿਸੇ ਵੀ ਹੋਰ ਗੁਰਦੁਆਰਾ ਕਮੇਟੀ ਦਾ ਮੈਂਬਰ ਨਾ ਬਣਨ ਦਾ ਵੀ ਆਦੇਸ਼ ਜਾਰੀ ਕੀਤਾ, ਜਿਸ ਨੂੰ ਲੰਗਾਹ ਵੱਲੋਂ ਕਬੂਲਿਆ ਗਿਆ। ਸਿੰਘ ਸਾਹਿਬਾਨ ਵੱਲੋਂ ਇਕ ਹੋਰ ਹੁਕਮਨਾਮਾ ਜਾਰੀ ਕਰਦਿਆਂ ਅਮਰੀਕਾ ਨਿਵਾਸੀ ਥਮਿੰਦਰ ਸਿੰਘ ਅਨੰਦ ਨੂੰ ਪਾਵਨ ਗੁਰਬਾਣੀ ਦੀਆਂ ਲਗਾਂ ਮਾਤਰਾਂ ਵਿਚ ਤਬਦੀਲੀ ਕਰਨ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਨਾ ਹੋਣ ਦੇ ਦੋਸ਼ ਤਹਿਤ ਸਿੱਖ ਪੰਥ ਵਿਚੋਂ ਖ਼ਾਰਜ ਕਰ ਦਿੱਤਾ ਗਿਆ ਤੇ ਸਿੱਖ ਸੰਗਤਾਂ ਨੂੰ ਉਸ ਨਾਲ ਰੋਟੀ ਬੇਟੀ ਦੀ ਸਾਂਝ ਨਾ ਰੱਖਣ ਦੀ ਤਾਕੀਦ ਕੀਤੀ ਗਈ। ਪ੍ਰਵਾਸੀ ਸਿੱਖਾਂ ਰਾਜਵੰਤ ਸਿੰਘ, ਭਜਨੀਕ ਸਿੰਘ ਤੇ ਗੁਰਦਰਸ਼ਨ ਸਿੰਘ ਨੂੰ ਵੀ ਪਾਵਨ ਸਰੂਪਾਂ ਨੂੰ ਡੱਬਿਆਂ ਵਿਚ ਬੰਦ ਕਰਕੇ ਗੁਰਦੁਆਰਾ ਸਾਹਿਬਾਨ ਅਤੇ ਸੰਗਤਾਂ ਤੱਕ ਭੇਜ ਕੇ ਅਦਬ ਸਤਿਕਾਰ ਕਾਇਮ ਨਾ ਰੱਖਣ, ਪਾਵਨ ਸਰੂਪ ਦੇ ਅੰਗ ਨੰਬਰ ਗੁਰਮੁਖੀ ਦੀ ਥਾਂ ਰੋਮਨ ਵਿਚ ਲਿਖਣ ਤੇ ਤਖ਼ਤ ਸਾਹਿਬ ਵੱਲੋਂ ਬਣਾਈ ਪੜਤਾਲੀਆ ਕਮੇਟੀ ਨਾਲ ਮਾੜਾ ਵਿਹਾਰ ਕਰਨ ਦੇ ਦੋਸ਼ਾਂ ਤਹਿਤ ਕ੍ਰਮਵਾਰ 11 ਦਿਨ ਅਤੇ 7 ਦਿਨ ਅਮਰੀਕਾ ਦੇ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਇਕ ਘੰਟਾ ਕੀਰਤਨ ਸਰਵਣ ਕਰਨ, ਬਰਤਨ ਸਾਫ਼ ਕਰਨ ਤੇ ਇਕ ਸਹਿਜ ਪਾਠ ਖ਼ੁਦ ਕਰਨ ਤੋਂ ਇਲਾਵਾ 125 ਡਾਲਰ ਗੁਰੂ ਦੀ ਗੋਲਕ ਵਿਚ ਪਾ ਕੇ ਗ੍ਰੰਥੀ ਸਿੰਘ ਤੋਂ ਅਰਦਾਸ ਕਰਵਾ ਕੇ ਲਿਖਤੀ ਤੌਰ 'ਤੇ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਦਾ ਆਦੇਸ਼ ਦਿੱਤਾ ਗਿਆ।

ਇਕੱਤਰਤਾ ਤੋਂ ਬਾਅਦ ਕਿਹਾ ਗਿਆ ਕਿ ਕੇਂਦਰ ਸਰਕਾਰ ਵੱਲੋਂ ਕੁਝ ਕੁ ਸਿੱਖ ਚਿਹਰਿਆਂ ਨੂੰ ਵਰਤ ਕੇ, ਕਾਨੂੰਨ ਦੀ ਆੜ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦਾ ਯਤਨ ਕੀਤਾ ਗਿਆ ਹੈ, ਇਹ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਅਤੇ ਕੇਂਦਰ ਸਰਕਾਰ ਵੱਲੋਂ ਹਮਲਾ ਕਰਾਰ ਦਿੱਤਾ ਜਾਂਦਾ ਹੈ। ਸਿੱਖ ਆਗੂਆਂ ਨੂੰ ਕਿਹਾ ਗਿਆ ਕਿ ਉਹ ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਇਸ ਸੰਸਥਾ ਨੂੰ ਵਿਸ਼ਵ ਵਿਆਪੀ ਬਣਾਉਣ ਦੇ ਯਤਨ ਆਰੰਭ ਕਰਨ।

ਲੰਗਾਹ ਦੀ ਅਕਾਲੀ ਦਲ 'ਚ 'ਘਰ ਵਾਪਸੀ' ਲਈ ਹੁਣ ਰਾਹ ਪੱਧਰਾ

ਕਰੀਬ ਪੰਜ ਸਾਲ ਪਹਿਲਾਂ ਸਿੱਖ ਪੰਥ ਵਿਚੋਂ ਛੇਕੇ ਸਾਬਕਾ ਕੈਬਨਿਟ ਮੰਤਰੀ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਤੇ ਗੁਰਦਾਸਪੁਰ ਜ਼ਿਲ੍ਹੇ ਦੇ ਨਾਮਵਰ ਅਕਾਲੀ ਆਗੂ ਜਥੇਦਾਰ ਸੁੱਚਾ ਸਿੰਘ ਲੰਗਾਹ ਦੀ ਹੁਣ ਅਕਾਲੀ ਦਲ ਵਿਚ ਘਰ ਵਾਪਸੀ ਦਾ ਰਾਹ ਪੱਧਰਾ ਹੋ ਗਿਆ ਹੈ। ਜ਼ਿਕਰ ਕਰ ਦੇਈਏ ਕਿ ਸੁੱਚਾ ਲੰਗਾਹ ਦੀ ਇਕ ਇਤਰਾਜ਼ਯੋਗ ਵੀਡੀਓ ਵਾਇਰਲ ਹੋਈ ਸੀ, ਜਿਸ ਤੋਂ ਬਾਅਦ ਇਕ ਔਰਤ ਨੇ ਲੰਗਾਹ 'ਤੇ ਜਬਰ-ਜ਼ਿਨਾਹ ਦਾ ਦੋਸ਼ ਲਗਾਇਆ ਸੀ। ਜਿਸ ਤੋਂ ਬਾਅਦ ਪੁਲਿਸ ਵੱਲੋਂ ਉਸ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ ਹਾਲਾਂਕਿ ਇਸ ਦੌਰਾਨ ਅਦਾਲਤ ਨੇ ਸੁੱਚਾ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਸੀ, ਇਸ ਸਭ ਦੌਰਾਨ ਸੁੱਚਾ ਸਿੰਘ ਲੰਗਾਹ ਨੂੰ ਪੰਥ ਵਿੱਚ ਛੇਕ ਦਿੱਤਾ ਗਿਆ ਸੀ ਤੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਤੋਂ ਵੀ ਬਾਹਰ ਦਾ ਰਾਹ ਵਿਖਾ ਦਿੱਤਾ ਗਿਆ ਸੀ। ਵੀਡੀਓ ਵਾਇਰਲ ਮਾਮਲੇ ਵਿਚੋਂ ਕਾਨੂੰਨੀ ਤੌਰ 'ਤੇ ਜਥੇ: ਲੰਗਾਹ ਕਾਫ਼ੀ ਸਮੇਂ ਤੋਂ ਸੁਰਖ਼ਰੂ ਹੋ ਚੁੱਕੇ ਹਨ ਤੇ ਮੁੜ ਅੰਮ੍ਰਿਤਪਾਨ ਵੀ ਕਰ ਚੁੱਕੇ ਹਨ ਪਰ ਸਿੱਖ ਪੰਥ ਵਿਚ ਵਾਪਸੀ ਲਈ ਉਹ ਕਾਫ਼ੀ ਚਿਰ ਤੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਨਾਂਅ ਪੱਤਰ ਭੇਜ ਕੇ ਹੋਈ ਗ਼ਲਤੀ ਲਈ

(ਬਾਕੀ ਸਫ਼ਾ 29 'ਤੇ)

## ਬ੍ਰਿਟਿਸ਼ ਕੋਲੰਬੀਆ 'ਚ 7 ਪੰਜਾਬਣਾਂ ਹਨ ਜੱਜ

# ਜਸਟਿਸ ਪਲਬਿੰਦਰ ਕੌਰ ਸ਼ੇਰਗਿੱਲ ਕੈਨੇਡਾ ਦੀ ਪਹਿਲੀ ਦਸਤਾਰਧਾਰੀ ਜੱਜ

ਐਬਟਸਫੋਰ/ਏ.ਟੀ.ਨਿਊਜ਼ : ਕੈਨੇਡਾ ਵਿਖੇ ਹੁਣ ਨਿਆਂਪਾਲਿਕਾ ਵਿਚ ਵੀ ਪੰਜਾਬੀਆਂ ਦੀ ਗਿਣਤੀ ਵਧ ਰਹੀ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ 7 ਪੰਜਾਬਣਾਂ ਤੇ 2 ਪੰਜਾਬੀ ਜੱਜ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਜਸਟਿਸ ਪਲਬਿੰਦਰ ਕੌਰ ਸ਼ੇਰਗਿੱਲ, ਜਸਟਿਸ ਬਲਜਿੰਦਰ ਕੌਰ ਗਿਰਨ, ਜਸਟਿਸ ਨੀਨਾ ਸ਼ਰਮਾ ਤੇ ਜਸਟਿਸ ਜਸਵਿੰਦਰ ਸਿੰਘ ਬਸਰਾ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਹਨ। ਜਸਟਿਸ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਕੈਨੇਡਾ ਦੀ ਪਹਿਲੀ ਦਸਤਾਰਧਾਰੀ ਜੱਜ ਬਣਨ ਦਾ ਮਾਣ ਪ੍ਰਾਪਤ ਹੈ, ਜਦਕਿ ਹਰਬੰਸ ਢਿੱਲੋਂ, ਸਤਿੰਦਰ ਸਿੱਧੂ, ਨੀਨਾ ਪੁਰੇਵਾਲ ਤੇ ਸੂਜਨ ਸੰਘਾ ਅਤੇ ਗੁਰਮੇਲ ਸਿੰਘ ਗਿੱਲ ਢੁਡੀਕੇ ਸੂਬੇ ਦੇ ਵੱਖ-ਵੱਖ ਖੇਤਰਾਂ ਵਿਚ ਬ੍ਰਿਟਿਸ਼ ਕੋਲੰਬੀਆ ਸੂਬਾਈ ਅਦਾਲਤ ਦੇ ਜੱਜ ਹਨ ਤੇ



ਤਾਮਿਲਨਾਡੂ ਦੀ ਜੰਮਪਲ ਵਲੀਮਾਈ ਛਟਿਆਰ ਸਰੀ ਸੂਬਾਈ ਅਦਾਲਤ ਵਿਖੇ ਜੱਜ ਹਨ। ਵਰਨਣਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਕੈਬਨਿਟ ਮੰਤਰੀ ਜਸਟਿਸ ਵਲੀ ਉੱਪਲ ਪਹਿਲੇ ਪੰਜਾਬੀ ਹਨ, ਜਿਹੜੇ 1985 ਤੋਂ 2003 ਤੱਕ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਰਹੇ ਹਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਦਸੰਬਰ ਤੋਂ ਸ਼ੁਰੂ ਕਰੇਗੀ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤੀ ਮੁਹਿੰਮ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਲੋਕ ਲਹਿਰ ਬਣਾਉਣ ਲਈ 1 ਦਸੰਬਰ ਨੂੰ ਦਸਤਖ਼ਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇਗੀ। ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਇਕ ਫਾਰਮ ਭਰ ਕੇ ਗਵਰਨਰ ਪੰਜਾਬ ਨੂੰ ਦਿੱਤੇ ਜਾਣਗੇ ਤਾਂ ਜੋ ਲੋਕਾਂ ਦੀ ਮੰਗ ਸਰਕਾਰ ਤੱਕ ਪਹੁੰਚਾਈ ਜਾ ਸਕੇ। ਪਰ ਕਿਤੇ ਨਾ ਕਿਤੇ ਇਸ ਮੁਹਿੰਮ ਨੂੰ ਰਾਜਨੀਤੀ ਨਾਲ ਵੀ ਜੋੜਿਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਸੀਲਿਆਂ ਨਾਲ ਇਕੱਤਰ ਕੀਤਾ ਡਾਟਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਲਈ ਵਰਤਨ ਦੀਆਂ ਚਰਚਾਵਾਂ ਵੀ ਸ਼ੁਰੂ ਹੋ ਗਈਆਂ ਹਨ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਓਐੱਸਡੀ ਸਤਬੀਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਹਰ ਹੀਲੇ ਯਤਨ ਕਰੇਗੀ। ਪ੍ਰਧਾਨ ਐਡਵੋਕੇਟ ਧਾਮੀ ਵੱਲੋਂ 1 ਦਸੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਸਵੇਰੇ ਅਤੇ ਦੁਪਹਿਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਦਸਤਖਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਤੋਂ ਇਲਾਵਾ ਬਾਹਰਲੇ ਰਾਜਾਂ ਵਿੱਚ ਵੀ ਇਹ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਲੋਕ ਲਹਿਰ ਬਣਾ ਕੇ ਸਰਕਾਰ ਤੱਕ ਆਪਣੀ ਆਵਾਜ ਰੱਖੀ ਜਾ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ 9 ਸਿੱਖ ਕੈਦੀਆਂ ਦੀ ਸੂਚੀ ਭੇਜੀ ਗਈ ਹੈ ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋਈਆਂ ਨੂੰ ਵੀ ਲੰਮਾ ਸਮਾਂ ਬੀਤ ਚੁੱਕਾ ਹੈ। ਸਿੱਖਾ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾਟਾ ਵਰਤਣ ਸਬੰਧੀ ਉਨ੍ਹਾਂ ਕਿਹਾ ਕਿ ਇਹ ਸਭ ਝੂਠ ਹੈ। ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਜੋ ਡਾਟਾ ਇੱਕਠਾ ਕਰੇਗੀ ਉਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਪ੍ਰੋਗਰਾਮ ਉਲੀਕਿਆ ਜਾਵੇਗਾ ਇਕੱਤਰ ਕੀਤੇ ਡਾਟੇ ਅਨੁਸਾਰ ਹਰੇਕ ਤੱਕ ਪ੍ਰੋਗਰਾਮ ਪੁੱਜਦਾ ਕੀਤਾ ਜਾਵੇਗਾ, ਤਾਂ ਜੋ ਬੰਦੀ ਸਿੰਘਾਂ ਦੀ ਰਿਹਾਈ ਲਈ ਦਰਦ ਰੱਖਣ ਵਾਲੇ ਸਮੇਂ ਸਮੇਂ ਸਿਰ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਸਕਣ।

# ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ ਖੁੱਲ੍ਹੀ ਚਿੱਠੀ

**ਗੁਰੂ ਪਿਆਰੇ ਖਾਲਸਾ ਜੀਉ,**
**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥**

ਜਿਸ ਤਰ੍ਹਾਂ ਆਪ ਜੀ ਜਾਣੂ ਹੋਵੋਗੇ ਕਿ ਗੁਰਮਤਿ ਰਵਾਇਤ ਅਨੁਸਾਰ ਗੁਰੂ ਸਾਹਿਬਾਨ, ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਮੂਰਤਾਂ ਬਣਾਉਣੀਆਂ ਜਾਂ ਉਨ੍ਹਾਂ ਦੀਆਂ ਨਕਲਾਂ ਲਾਹੁਣ, ਸਵਾਂਗ ਰਚਣ ਅਤੇ ਗੁਰੂ ਬਿੰਬ ਦੀ ਪੇਸ਼ਕਾਰੀ/ਪਰਦੇਕਾਰੀ ਦੀ ਸਖਤ ਮਨਾਹੀ ਹੈ। ਇਸ ਦੇ ਬਾਵਜੂਦ ਲਗਾਤਾਰ ਅਜਿਹੀਆਂ ਗੈਰ ਸਿਧਾਂਤਕ ਫ਼ਿਲਮਾਂ ਬਣ ਰਹੀਆਂ ਹਨ।

ਜਦੋਂ ਸਾਲ 2005 ਵਿਚ ਕਾਰਟੂਨ ਫਿਲਮ 'ਸਾਹਿਬਜ਼ਾਦੇ' ਆਈ ਸੀ ਉਦੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ 'ਚ ਇਹ ਗੱਲ ਲਿਆਂਦੀ ਗਈ ਸੀ ਕਿ ਇਸ ਸਿਧਾਂਤਕ ਕੁਰਾਹੇ ਨੂੰ ਰੋਕਿਆ ਜਾਵੇ। ਉਦੋਂ ਇਹ ਕਹਿ ਦਿੱਤਾ ਗਿਆ ਕਿ ਇਸ ਵਿਚ ਗੁਰੂ ਸਾਹਿਬ ਦਾ ਸਵਾਂਗ ਨਹੀਂ ਰਚਿਆ ਗਿਆ ਹਾਲਾਂਕਿ ਸਾਹਿਬਜ਼ਾਦਿਆਂ ਦਾ ਸਵਾਂਗ ਰਚਣਾ ਵੀ ਸਾਡੀ ਪਰੰਪਰਾ ਦੀ ਘੋਰ ਉਲੰਘਣਾ ਹੀ ਹੈ। ਫਿਰ ਮੂਲਾ ਖੱਤਰੀ ਨਾਮੀ ਕਾਰਟੂਨ ਫਿਲਮ ਆਈ ਤਾਂ ਉਸ ਵਿੱਚ ਗੁਰੂ ਨਾਨਕ ਸਾਹਿਬ ਦੀ (ਮਨਘੜਤ) ਤਸਵੀਰ ਬਣਾ ਕੇ ਉਸ ਪਿੱਛੇ ਘੁੰਮਦਾ ਹੋਇਆ ਦਿਵ-ਚੱਕਰ ਲਗਾਇਆ ਗਿਆ ਸੀ। ਉਦੋਂ ਇਹ ਕਹਿ ਦਿੱਤਾ ਗਿਆ ਕਿ ਇਸ ਫਿਲਮ ਵਿੱਚ ਗੁਰੂ ਸਾਹਿਬ ਦੀ ਤਸਵੀਰ ਕੋਈ ਹਿੱਲ-ਜੁੱਲ ਨਹੀਂ ਕਰ ਰਹੀ। ਜਦੋਂ ਚਾਰ ਸਾਹਿਬਜ਼ਾਦੇ ਫਿਲਮ ਬਣੀ ਜਿਸ ਵਿੱਚ ਪ੍ਰਤੱਖ ਰੂਪ ਵਿੱਚ ਗੁਰੂ ਸਾਹਿਬ ਦਾ ਵੀ ਸਵਾਂਗ ਕਾਰਟੂਨ-ਐਨੀਮੇਸ਼ਨ ਵਿਚ ਰਚਿਆ ਗਿਆ ਸੀ, ਉਸ ਦੇ ਬਾਰੇ ਇਹ ਕਹਿ ਕਿ ਸਿੱਖਾਂ ਨੂੰ ਭਰਮਾ ਲਿਆ ਗਿਆ ਕਿ ਜਿਹਨਾਂ ਕਲਾਕਾਰਾਂ ਨੇ ਸਾਹਿਬਜ਼ਾਦਿਆਂ ਦੇ ਕਾਰਟੂਨ ਕਿਰਦਾਰਾਂ ਨੂੰ ਆਵਾਜ਼ ਦਿੱਤੀ ਹੈ ਉਹਨਾਂ ਦੇ ਨਾਮ ਸਦਾ ਲਈ ਗੁਪਤ ਰੱਖੇ ਜਾਣਗੇ। ਫਿਰ ਨਾਨਕ ਸ਼ਾਹ ਫਕੀਰ ਫਿਲਮ ਆਈ, ਉਸ ਫਿਲਮ ਵਿਚ ਇਕ ਵਿਅਕਤੀ/ਐਕਟਰ ਵੱਲੋਂ ਗੁਰੂ ਨਾਨਕ ਸਾਹਿਬ ਦਾ ਸਵਾਂਗ ਰਚਿਆ ਗਿਆ। ਜਦੋਂ ਸਿੱਖਾਂ ਨੇ ਵਿਰੋਧ ਕਰਕੇ ਫਿਲਮ ਨਾ ਚੱਲਣ ਦਿੱਤੀ ਤਾਂ ਬਾਅਦ ਵਿੱਚ ਉਸ ਕਰੈਕਟਰ ਨੂੰ 'ਬਰਨ ਆਊਟ' ਕਰਕੇ ਉਸ ਦੀ ਥਾਂ ਰੋਸ਼ਨੀ ਵਿਖਾ ਦਿੱਤੀ ਤੇ ਇੰਝ ਸਿੱਖਾਂ ਨੂੰ ਫਿਰ ਭਰਮਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਫਿਲਮ ਵਿੱਚ ਬੇਬੇ ਨਾਨਕੀ ਜੀ ਅਤੇ ਭਾਈ ਮਰਦਾਨਾ ਜੀ ਸਮੇਤ ਗੁਰੂ ਸਾਹਿਬ ਦੇ ਨਿਕਟਵਰਤੀ ਗੁਰਸਿੱਖਾਂ ਦੇ ਸਵਾਂਗ ਮਨੁੱਖਾਂ ਵੱਲੋਂ ਹੀ ਰਚੇ ਗਏ ਸਨ। ਉਸ ਤੋਂ ਬਾਅਦ ਕਈ ਫ਼ਿਲਮਾਂ ਆਈਆਂ ਜਿਹਨਾਂ ਨੂੰ ਸਿੱਖਾਂ ਨੇ ਵਿਰੋਧ ਕਰਕੇ ਰੋਕ ਲਿਆ, ਜਿਹਨਾਂ ਵਿਚ ਭਾਈ ਤਾਰੂ ਸਿੰਘ, ਦਾਸਤਾਨ-ਏ-ਮੀਰੀ ਪੀਰੀ, ਮਦਰਹੁੱਡ ਵਰਗੀਆਂ ਫਿਲਮਾਂ ਸ਼ਾਮਲ ਸਨ।




ਹੁਣ 'ਦਾਸਤਾਨ-ਏ-ਸਰਹਿੰਦ' ਨਾਮੀ ਫਿਲਮ ਇਸ ਸਿਧਾਂਤਕ ਕੁਰਾਹੇ ਦਾ ਅਗਲਾ ਪੜਾਅ ਲੈ ਕੇ ਆਈ ਹੈ ਜਿਸ ਵਿੱਚ ਇਹ ਗੱਲ ਵੀ ਸਾਹਮਣੇ ਆ ਗਈ ਹੈ ਕਿ ਫਿਲਮ ਵਿੱਚ ਮਾਸੂਮ ਬਾਲ ਅਦਾਕਾਰਾਂ ਕੋਲੋਂ ਸਾਹਿਬਜ਼ਾਦਿਆਂ ਦੀਆਂ ਨਕਲਾਂ ਲਾਹੁਣ ਦਾ ਬੱਜਰ ਗੁਨਾਹ ਕਰਵਾਇਆ ਗਿਆ ਹੈ। ਬਾਲ ਕਲਾਕਾਰ ਪਲਕਨੂਰ ਦਾ ਪਿਤਾ ਏ.ਕੇ. ਸਿੰਘ ਮਘਾਣੀਆਂ ਫੇਸਬੁੱਕ ਉੱਤੇ ਸ਼ਰੇਆਮ ਇਹ ਗੱਲ ਕਹਿ ਰਿਹਾ ਹੈ ਕਿ ਇਸ ਫਿਲਮ ਵਿਚ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਦੀ ਭੂਮਿਕਾ ਉਸ ਦੇ ਪੁੱਤਰ ਨੇ ਨਿਭਾਈ ਹੈ।

ਤਸਵੀਰਾਂ ਤੋਂ ਸ਼ੁਰੂ ਹੋਇਆ ਇਹ ਸਫਰ ਵੇਲੇ ਸਿਰ ਨਾ ਰੋਕਣ ਕਰਕੇ ਅੱਜ ਇਥੇ ਤੱਕ ਅੱਪੜ ਗਿਆ ਹੈ ਅਤੇ ਅੱਗੇ ਕਿੱਥੇ ਤੱਕ ਜਾਵੇਗਾ, ਇਹ ਸੋਚ ਕੇ ਡਰ ਆਉਂਦਾ ਹੈ।

ਗਿਆਨੀ ਹਰਪ੍ਰੀਤ ਸਿੰਘ ਜੀ, ਆਪ ਜੀ ਨੂੰ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਰਜਕਾਰੀ ਜਥੇਦਾਰ ਲਾਇਆ ਸੀ ਤਾਂ ਆਪ ਜੀ ਨੇ ਕਈ ਵਾਰ ਇਹ ਗੱਲ ਕਹੀ ਸੀ ਕਿ ਸੰਗਤ ਸਾਥ ਦੇਵੇ ਤਾਂ ਅਕਾਲ ਤਖਤ ਸਾਹਿਬ ਤੋਂ ਮੁੜ ਅਕਾਲੀ ਫੂਲਾ ਸਿੰਘ ਜਿਹੀ ਭੂਮਿਕਾ ਪਰਗਟ ਹੋ ਸਕਦੀ ਹੈ। ਦੇਸ-ਵਿਦੇਸ਼ ਤੋਂ ਸਿੱਖ ਬੀਤੇ ਕਈ ਦਿਨਾਂ ਤੋਂ ਆਪ ਜੀ ਨੂੰ ਨਿੱਜੀ ਅਤੇ ਜਨਤਕ ਤੌਰ ਉੱਤੇ ਦਸਮ ਪਾਤਿਸ਼ਾਹ ਜੀ ਦੇ ਸਾਹਿਬਜਾਦਿਆਂ ਅਤੇ ਮਾਤਾ ਜੀ ਦਾ ਸਵਾਂਗ ਰਚਦੀ ਫਿਲਮ 'ਦਾਸਤਾਨ-ਏ-ਸਰਹੰਦ' ਬੰਦ ਕਰਵਾਉਣ ਅਤੇ ਅਜਿਹੇ ਸਵਾਂਗਾਂ ਦੀ ਪੱਕੀ ਮਨਾਹੀ ਕਰਨ ਲਈ ਕਹਿ ਰਹੀ ਹੈ ਪਰ ਆਪ ਇਸ ਮਾਮਲੇ ਉੱਤੇ ਬਿਲਕੁਲ ਚੁੱਪ ਹੋ।

ਸੰਗਤ ਇਸ ਸਿਧਾਂਤਕ ਕੁਰਾਹੇ ਸਬੰਧੀ ਆਪਣਾ ਬਣਦਾ ਫਰਜ ਨਿਭਾਅ ਰਹੀ ਹੈ, ਪਿੰਡਾਂ ਵਿੱਚੋਂ ਮਤੇ ਪਾਏ ਜਾ ਰਹੇ ਹਨ, ਸੰਕੇਤਕ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਅਤੇ ਥਾਵਾਂ-ਥਾਵਾਂ 'ਤੇ ਸਿਨੇਮਾ ਘਰਾਂ ਵਾਲਿਆਂ ਨੂੰ ਫਿਲਮ ਨਾ ਚਲਾਉਣ ਲਈ ਕਿਹਾ ਜਾ ਰਿਹਾ ਹੈ। ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰਫ ਇੰਨਾਂ ਬਿਆਨ ਹੀ ਆਇਆ ਹੈ ਕਿ ਅਸੀਂ ਇਸ ਫਿਲਮ ਨੂੰ ਕੋਈ ਪ੍ਰਵਾਨਗੀ ਨਹੀਂ ਦਿੱਤੀ ਪਰ ਉਸ ਤੋਂ ਬਾਅਦ ਇਸ ਫਿਲਮ ਨੂੰ ਰੁਕਵਾਉਣ ਲਈ ਕੋਈ ਵੀ ਚਾਰਾਜੋਈ ਜਨਤਕ ਨਹੀਂ ਕੀਤੀ ਗਈ ਅਤੇ ਨਾ ਹੀ ਅਜੇ ਤੱਕ ਕੋਈ ਬਿਆਨ ਹੀ ਆਇਆ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ, ਆਪ ਜੀ ਵੀ ਲੰਘੇ ਹਫਤੇ ਤੋਂ ਸੰਪਰਕ ਕਰ ਰਹੇ ਪੰਥ ਦਰਦੀਆਂ ਨੂੰ ਲਾਰਾ ਲਾ ਰਹੇ ਹੋ ਕਿ ਅਸੀਂ 'ਦੋ ਦਿਨਾਂ ਵਿਚ' ਧਰਮ ਪਰਚਾਰ ਕਮੇਟੀ ਦਾ ਮਤਾ ਜਾਰੀ ਕਰ ਰਹੇ ਹਾਂ ਜਿਸ ਰਾਹੀਂ ਇਸ ਫਿਲਮ ਅਤੇ ਅਜਿਹੇ ਸਵਾਂਗਾਂ ਦੀ ਪੂਰਨ ਮਨਾਹੀ ਕੀਤੀ ਜਾਵੇਗੀ। ਪਰ ਆਪ ਜੀ ਵੱਲੋਂ ਅਜੇ ਤੱਕ ਕੋਈ ਬਿਆਨ ਨਹੀਂ ਆਇਆ। ਹਰ ਵਾਰ ਠੋਸ ਫੈਸਲਾ ਨਾ ਲਏ ਜਾਣ ਕਰਕੇ ਇਸਦੀ ਗੰਭੀਰਤਾ ਵੱਧਦੀ ਜਾ ਰਹੀ ਹੈ।

ਸੰਗਤ ਚਾਹੁੰਦੀ ਹੈ ਕਿ ਇਸ ਫਿਲਮ 'ਤੇ ਤੁਰੰਤ ਰੋਕ ਲਾਈ ਜਾਵੇ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਿਧਾਂਤਕ ਕੁਰਾਹੇ ਨੂੰ ਪੱਕੀ ਠੱਲ੍ਹ ਪਾਉਣ ਲਈ ਅਗਾਂਹ ਤੋਂ ਅਜਿਹੀਆਂ ਫਿਲਮਾਂ ਬਣਾਉਣ 'ਤੇ ਮੁਕੰਮਲ ਪਾਬੰਦੀ ਲਈ ਹੁਕਮਨਾਮਾ ਜਾਰੀ ਕੀਤਾ ਜਾਵੇ।

ਅਹੁਦੇ ਉੱਤੇ ਕੋਈ ਸਦੀਵ ਨਹੀਂ ਰਹਿੰਦਾ ਪਰ ਅਹੁਦੇ ਉੱਤੇ ਬੈਠ ਕੇ ਕੀਤੇ ਅਤੇ ਨਾ-ਕੀਤੇ ਕੰਮ ਸਦਾ ਲਈ ਇਤਿਹਾਸ ਵਿਚ ਦਰਜ ਹੋ ਜਾਂਦੇ ਹਨ। ਆਪ ਜੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਟਾਲਾ ਵੱਟਦੇ ਨਜ਼ਰ ਆ ਰਹੇ ਹੋ ਪਰ ਸੰਗਤ ਇਸ ਮਾਮਲੇ ਵਿਚ ਦ੍ਰਿੜ ਹੈ ਕਿ ਇਹ ਵਿਵਾਦਤ ਫਿਲਮ ਹਰ ਹਾਲ ਰੋਕੀ ਜਾਵੇਗੀ। ਜੇਕਰ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਸਿੱਧ ਹੋਵੇਗਾ ਜਿਸ ਦੌਰਾਨ ਇਹਨਾਂ ਸੰਸਥਾਵਾਂ ਵੱਲੋਂ ਵੱਟੀ ਚੁੱਪ ਦੇ ਘਾਤਕ ਨਤੀਜੇ ਸਾਡੀਆਂ ਆਉਂਦੀਆਂ ਪੀੜੀਆਂ ਭੁਗਤਣਗੀਆਂ। ਤੁਹਾਡੀ ਚੁੱਪ ਅਤੇ ਤੁਹਾਡੇ ਬੋਲ ਦੋਵੇਂ ਇਤਿਹਾਸ ਵਿੱਚ ਦਰਜ ਹੋਣੇ ਹਨ, ਤੁਹਾਡੀ ਭੂਮਿਕਾ ਨੂੰ ਇਤਿਹਾਸ ਯਾਦ ਰੱਖੇਗਾ। ਆਸ ਹੈ ਕਿ ਆਪ ਜੀ ਸੰਗਤ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰਦੇ ਹੋਏ ਬਿਨਾਂ ਦੇਰੀ ਕੀਤੇ ਫੈਸਲਾ ਲਵੋਗੇ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥

ਸਿੱਖ ਜਥਾ ਮਾਲਵਾ
ਵਿਚਾਰ ਸਭਾ ਲੱਖੀ ਜੰਗਲ ਖਾਲਸਾ
ਗੋਸ਼ਟਿ ਸਭਾ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਪੰਥ ਸੇਵਕ ਜਥਾ ਮਾਝਾ
ਮਾਨਵਤਾ ਦੀ ਸੇਵਾ ਸੰਸਥਾ, ਢੰਡੋਲੀ ਖੁਰਦ (ਸੰਗਰੂਰ)
ਦਰਬਾਰ-ਏ-ਖਾਲਸਾ
ਪੰਥ ਸੇਵਕ ਜਥਾ ਦੋਆਬਾ
ਗੁਰਦੁਆਰਾ ਸਾਹਿਬ ਗੁਰਦਰਸ਼ਨ ਪ੍ਰਕਾਸ਼ (ਜਗਾ ਰਾਮ ਤੀਰਥ, ਤਲਵੰਡੀ ਸਾਬੋ, ਬਠਿੰਡਾ)
ਗੁਰਦੁਆਰਾ ਸਾਹਿਬ ਸ੍ਰੀ ਨਾਨਕਨਾਮ ਚੜ੍ਹਦੀ ਕਲਾ (ਬੇਨੜਾ, ਸੰਗਰੂਰ)
ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਨਗਰ (ਧੂਰੀ, ਸੰਗਰੂਰ)
ਗੁਰਦੁਆਰਾ ਪ੍ਰਕਾਸ਼ ਸਾਹਿਬ (ਮਾਨਬੀਬੜੀਆਂ, ਮਾਨਸਾ)
ਗੁਰਦੁਆਰਾ ਸਾਹਿਬ ਪਿੰਡ ਭੰਮੇ ਕਲਾਂ (ਮਾਨਸਾ)
ਗੁਰਦੁਆਰਾ ਬਾੜੀ ਸਾਹਿਬ (ਕੋਟ ਧਰਮੂ, ਮਾਨਸਾ)
ਜੰਡਸਰ ਗੱਤਕਾ ਅਖਾੜਾ, ਖਡਿਆਲ (ਸੰਗਰੂਰ)
ਗੁਰਦੁਆਰਾ ਸਾਹਿਬ ਪਿੰਡ ਮਹਿਲਾਂ ਚੌਂਕ (ਸੰਗਰੂਰ)
ਗੁਰਦੁਆਰਾ ਸ੍ਰੀ ਲੰਗਰ ਸਾਹਿਬ, ਭੱਟੀਵਾਲ ਕਲਾਂ (ਸੰਗਰੂਰ)
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੰਗਰੂਰ
ਗੁਰਦੁਆਰਾ ਸਾਹਿਬ ਜੰਡਸਰ (ਸੰਗਰੂਰ)
ਗੁਰਦੁਆਰਾ ਸਾਹਿਬ ਪਿੰਡ ਸੂਲਰ (ਸੰਗਰੂਰ)
ਗੁਰਦੁਆਰਾ ਪ੍ਰਮੇਸਰ ਸਾਹਿਬ ਪਿੰਡ ਦੁੱਗਾਂ (ਸੰਗਰੂਰ)
ਗੁਰਦੁਆਰਾ ਸਾਹਿਬ ਪਿੰਡ ਬੀਰ ਕਲਾਂ (ਸੰਗਰੂਰ)
ਗੁਰਦੁਆਰਾ ਸਾਹਿਬ ਪਿੰਡ ਹੀਰੋਂ ਕਲਾਂ (ਮਾਨਸਾ)
ਗੁਰਦੁਆਰਾ ਗੁਰੂ ਨਾਨਕ ਦਰਬਾਰ ਮਟੀਲੀ (ਬਾਘਾਪੁਰਾਣਾ)
ਸਿੱਖ ਸਿਆਸਤ
ਮਿਸਲ ਸਤਲੁਜ
ਪਰਮਜੀਤ ਸਿੰਘ ਮੰਡ (ਦਲ ਖ਼ਾਲਸਾ)
ਗੁਰਨਾਮ ਸਿੰਘ ਮੂਨਕਾਂ (ਸਿੱਖ ਯੂਥ ਆਫ਼ ਪੰਜਾਬ)



# ਇੰਦਰਾ ਗਾਂਧੀ ਨੇ 'ਸ਼ਾਂਤੀ ਆਪ੍ਰੇਸ਼ਨ' ਦੀ ਫ਼ੌਜੀ ਕਾਰਵਾਈ ਅਧੀਨ ਪਾਕਿ ਨਾਲ ਜੰਗ ਲਗਾਕੇ ਸਮੁੱਚੇ ਪੰਜਾਬ ਸੂਬੇ ਨੂੰ ਬੰਬਾਰਮੈਂਟ ਰਾਹੀਂ ਖ਼ਤਮ ਕਰਨ ਦੀ ਘੜੀ ਸੀ ਸਾਜ਼ਿਸ਼ : ਟਿਵਾਣਾ

## ਇਸ ਖ਼ਤਰਨਾਕ ਆਪ੍ਰੇਸ਼ਨ ਉੱਤੇ ਮੌਜੂਦਾ ਹਿੰਦੂਤਵ ਮੋਦੀ ਹਕੂਮਤ ਕਿਸੇ ਸਮੇਂ ਵੀ ਦੇ ਸਕਦੀ ਹੈ ਅਮਲੀ ਰੂਪ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- ਇੰਡੀਆ ਮੁਲਕ ਉੱਤੇ ਰਾਜ ਕਰਨ ਵਾਲੇ ਹਿੰਦੂਤਵ ਆਗੂ ਭਾਵੇਂ ਉਹ ਕਾਂਗਰਸ ਜਮਾਤ ਨਾਲ ਸੰਬੰਧਿਤ ਹੋਣ ਜਾਂ ਫਿਰ ਬੀਜੇਪੀ-ਆਰ.ਐਸ.ਐਸ. ਨਾਲ ਉਨ੍ਹਾਂ ਦੇ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਪ੍ਰਤੀ ਨਫ਼ਰਤ ਭਰੀ ਸੋਚ ਉਸ ਸਮੇਂ ਪ੍ਰਤੱਖ ਰੂਪ ਵਿਚ ਸਾਹਮਣੇ ਆ ਜਾਂਦੀ ਹੈ ਕਿ ਬੀਤੇ ਸਮੇਂ ਦੀ ਇੰਡੀਆ ਦੀ ਵਜ਼ੀਰ-ਏ-ਆਜਮ ਮਰਹੂਮ ਇੰਦਰਾ ਗਾਂਧੀ ਨੇ ਕੇਵਲ ਬਲਿਊ ਸਟਾਰ ਦੇ ਫ਼ੌਜੀ ਹਮਲੇ ਦੀ ਮਨੁੱਖਤਾ ਵਿਰੋਧੀ ਸਾਜ਼ਿਸ਼ ਹੀ ਨਹੀਂ ਰਚੀ ਸੀ ਬਲਕਿ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਦੀ ਪੂਰਨ ਰੂਪ ਵਿਚ ਤਬਾਹੀ ਕਰਨ ਅਤੇ ਨਸਲੀ ਸਫ਼ਾਈ ਕਰਨ ਦੀ ਸੋਚ ਅਧੀਨ 'ਸ਼ਾਂਤੀ ਆਪ੍ਰੇਸ਼ਨ' ਨਾਮ ਦੇ ਫ਼ੌਜੀ ਆਪ੍ਰੇਸ਼ਨ ਦਾ ਅਮਲ ਕਰਨ ਦਾ ਵੀ ਮਨ ਬਣਾਇਆ ਸੀ। ਜਿਸ ਵਿਚ ਪਾਕਿਸਤਾਨ ਦੇ ਸਿਆਸਤਦਾਨ ਭੁਟੋ ਪਰਿਵਾਰ ਨਾਲ ਸਾਂਝੀ ਸਾਜ਼ਿਸ਼ ਰਚਕੇ ਭੁਟੋ ਪਰਿਵਾਰ ਲਈ ਪਾਕਿਸਤਾਨ ਦੇ ਰਾਜ ਭਾਗ ਨੂੰ ਕਾਇਮ ਕਰਨ ਲਈ ਉਸ ਸਮੇਂ ਦੇ ਪਾਕਿਸਤਾਨ ਦੇ ਪ੍ਰੈਜ਼ੀਡੈਂਟ ਜਿਆ ਉੱਲ ਹੱਕ ਨੂੰ ਸਾਜ਼ਿਸ਼ ਅਧੀਨ ਮਾਰਨ ਅਤੇ ਪਾਕਿਸਤਾਨ ਨਾਲ ਜੰਗ ਲਗਾ ਕੇ ਉਸਦੇ ਬਹਾਨੇ ਨਾਲ ਸਮੁੱਚੇ ਪੰਜਾਬ ਸੂਬੇ ਦੇ ਨਿਵਾਸੀਆਂ ਉੱਤੇ ਬੰਬਾਰਮੈਂਟ ਕਰਕੇ ਖ਼ਤਮ ਕਰਨ ਦੀ ਵੀ ਅਤਿ ਖ਼ਤਰਨਾਕ ਖ਼ੂੰਖ਼ਾਰ ਸਾਜ਼ਿਸ਼ ਰਚੀ ਗਈ ਸੀ, ਜਿਸਨੂੰ ਉਸਨੇ ਅਮਲੀ ਰੂਪ ਦੇਣਾ ਸੀ। ਇਹ ਤਾਂ ਸਮੁੱਚੇ ਪੰਜਾਬੀਆਂ ਅਤੇ ਸਿੱਖ ਕੌਮ ਉੱਤੇ ਉਸ ਅਕਾਲ ਪੁਰਖ ਤੇ ਗੁਰੂ ਸਾਹਿਬਾਨ ਦੀ ਅਪਾਰ ਬਖਸਿਸ਼ ਸੀ ਕਿ ਉਹ ਖ਼ਤਰਨਾਕ ਸਮਾਂ ਆਉਣ ਤੋਂ ਪਹਿਲਾਂ ਇੰਦਰਾ ਗਾਂਧੀ ਦਾ ਸਾਡੇ ਕੌਮੀ ਯੋਧਿਆ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਨੇ ਉਸਦਾ ਸੋਧਾ ਲਗਾ ਦਿੱਤਾ। ਨਹੀਂ ਤਾਂ ਉਸਨੇ ਪੰਜਾਬ ਸੂਬੇ ਵਿਚ ਸਿੱਖਾਂ ਤੇ ਪੰਜਾਬੀਆਂ ਦੀ ਨਸਲੀ ਸਫ਼ਾਈ ਪੂਰਨ ਰੂਪ ਵਿਚ ਕਰ ਦੇਣੀ ਸੀ।



ਇਹ ਜਾਣਕਾਰੀ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਉਸ ਸਮੇਂ ਦੇ ਇਨਸਾਨੀਅਤ ਤੇ ਮਨੁੱਖਤਾ ਪੱਖੀ ਵਿਦਵਾਨਾਂ, ਹੁਕਮਰਾਨਾਂ ਦੀਆਂ ਅਹਿਮ ਅਹੁਦਿਆਂ ਉੱਤੇ ਇਨਸਾਨੀ ਸੋਚ ਦੇ ਮਾਲਕ ਸ਼ਖ਼ਸੀਅਤਾਂ ਦੀਆਂ ਕਿਤਾਬਾਂ ਵਿਚ ਦਰਜ ਹਵਾਲਿਆਂ ਅਨੁਸਾਰ ਪਾਰਟੀ ਦੇ ਮੁੱਖ ਦਫ਼ਤਰ ਤੋ ਇਕ ਪ੍ਰੈਸ ਰੀਲੀਜ਼ ਰਾਹੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਮੁਲਕ ਦੇ ਕੱਟੜਵਾਦੀ ਹਿੰਦੂਤਵ ਸੋਚ ਦੇ ਮਾਲਕ ਹੁਕਮਰਾਨ, ਸਰਬੱਤ ਦਾ ਭਲਾ ਲੋੜਨ ਵਾਲੀ, ਬੀਤੇ ਸਮੇਂ ਵਿਚ ਮੁਲਕ ਦੀਆਂ ਸਰਹੱਦਾਂ ਉੱਤੇ ਦ੍ਰਿੜ੍ਹਤਾ ਨਾਲ ਰਾਖੀ ਕਰਦੇ ਹੋਏ ਸ਼ਹੀਦੀਆਂ ਪਾਉਣ ਵਾਲੀ, ਹਰ ਲੋੜਵੰਦ, ਮਜ਼ਲੂਮ, ਬੇਸਹਾਰਾ, ਯਤੀਮਾਂ, ਵਿਧਵਾਵਾਂ, ਦਬੱਲੇ-ਕੁਚਲੇ ਵਰਗਾਂ ਦੀ ਦੁੱਖ ਦੀ ਘੜੀ ਵਿਚ ਬਾਂਹ ਪਕੜਨ ਵਾਲੀ ਅਤੇ ਇਨਸਾਨੀਅਤ ਕਦਰਾਂ-ਕੀਮਤਾਂ ਉੱਤੇ ਪਹਿਰਾ ਦੇਣ ਵਾਲੀ ਸਿੱਖ ਕੌਮ ਪ੍ਰਤੀ ਹੈਵਾਨੀਅਤ ਸੋਚ ਰੱਖਦੇ ਹੋਏ ਨਫ਼ਰਤ ਨਾਲ ਉਨ੍ਹਾਂ ਦਾ ਖ਼ਾਤਮਾ ਕਰਨ ਦੇ ਇਨ੍ਹਾਂ ਦੇ ਅਮਲ ਮਨੁੱਖਤਾ ਵਿਰੋਧੀ ਅਤਿ ਸ਼ਰਮਨਾਕ ਹਨ, ਜੋ ਇਥੋਂ ਤੱਕ ਡਿਰ ਚੁੱਕੇ ਹਨ ਕਿ ਲੰਮੇ ਸਮੇਂ ਤੋਂ ਸਿੱਖ ਕੌਮ ਨਾਲ ਹਕੂਮਤੀ, ਸਮਾਜਿਕ, ਧਾਰਮਿਕ ਅਤੇ ਕਾਨੂੰਨੀ ਤੌਰ 'ਤੇ ਵੱਡੇ ਵਿਤਕਰੇ ਕਰਦੇ ਆ ਰਹੇ ਹਨ ਅਤੇ ਕਿਸੇ ਵੀ ਖੇਤਰ ਵਿਚ ਸਿੱਖ ਕੌਮ ਤੇ

(ਬਾਕੀ ਸਫ਼ਾ 29 'ਤੇ)

# ਮੈਨੂੰ 9 ਦਸੰਬਰ ਦੀ ਰੇਲ ਹੜਤਾਲ ਟਲ ਜਾਣ ਦੀ ਪੂਰੀ ਆਸ : ਬਾਈਡਨ

## ਕਾਂਗਰਸ ਦੇ 4 ਚੋਟੀ ਦੇ ਆਗੂਆਂ ਤੇ ਰਾਸ਼ਟਰਪਤੀ ਵਿਚਾਲੇ ਅਹਿਮ ਮੀਟਿੰਗ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਰਾਸ਼ਟਰਪਤੀ ਜੋਅ ਬਾਈਡਨ ਨੇ ਆਸ ਪ੍ਰਗਟਾਈ ਹੈ ਕਿ 9 ਦਸੰਬਰ ਦੀ ਪ੍ਰਸਤਾਵਿਤ ਰੇਲ ਹੜਤਾਲ ਨੂੰ ਰੋਕਣ ਵਿਚ ਉਹ ਕਾਮਯਾਬ ਹੋ ਜਾਣਗੇ। ਰਾਸ਼ਟਰਪਤੀ ਨੇ ਰੇਲ ਹੜਤਾਲ ਰੋਕਣ ਲਈ ਕਾਂਗਰਸ ਦੇ 4 ਚੋਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਜਿਸ ਵਿਚ ਅਹਿਮ ਵਿਚਾਰਾਂ ਹੋਈਆਂ। ਬਾਈਡਨ ਨੇ ਸਦਨ ਦੇ ਸਪੀਕਰ ਨੈਨਸੀ ਪੋਲੇਸੀ, ਸੈਨਟ ਦੇ ਬਹੁਗਿਣਤੀ ਆਗੂ ਚੁਕ ਸ਼ੂਮਰ, ਸਦਨ ਦੇ ਘੱਟਗਿਣਤੀ ਆਗੂ ਕੇਵਿਨ ਮੈਕਰਥੀ ਤੇ ਸੈਨੇਟ ਦੇ ਘੱਟਗਿਣਤੀ ਆਗੂ ਮਿਚ ਮਕੋਨੈਲ ਨਾਲ ਕੀਤੀ ਮੀਟਿੰਗ ਵਿਚ ਰੇਲ ਹੜਤਾਲ ਰੋਕਣ ਲਈ ਸਤੰਬਰ ਵਿਚ ਯੂਨੀਅਨ ਆਗੂਆਂ ਤੇ ਮੈਨਜਮੈਂਟ ਵਿਚਾਲੇ ਹੋਏ ਆਰਜੀ ਸਮਝੌਤੇ ਨੂੰ ਪ੍ਰਵਾਨਗੀ ਦੇਣ ਲਈ ਬਿੱਲ ਪਾਸ ਕਰਨ ਵਾਸਤੇ ਅਗੇ ਆਉਣ ਦੀ ਅਪੀਲ ਕੀਤੀ। ਬਾਈਡਨ ਨੇ ਕਿਹਾ ਕਿ ਇਹ ਕੰਮ ਸੌਖਾ ਨਹੀਂ ਹੈ ਪ੍ਰੰਤੂ ਸਾਨੂੰ ਇਸ ਨੂੰ ਕਰਨਾ ਪਵੇਗਾ ਕਿਉਂਕਿ ਸਾਡੀ ਅਰਥਵਿਵਸਥਾ ਜੋਖਮ ਵਿਚ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਕਾਂਗਰਸ ਨੂੰ ਅਪੀਲ ਕੀਤੀ ਸੀ ਕਿ ਲੇਬਰ ਯੂਨੀਅਨਾਂ ਤੇ ਮੈਨੇਜਮੈਂਟ ਆਗੂਆਂ ਵੱਲੋਂ ਸਤੰਬਰ ਵਿਚ ਪ੍ਰਵਾਨ ਕੀਤੇ ਆਰਜੀ ਸਮਝੌਤੇ ਨੂੰ ਸਰਕਾਰੀ ਪੱਧਰ ਉਪਰ ਪ੍ਰਵਾਨਗੀ ਦੇਣ ਲਈ ਬਿੱਲ ਤੁਰੰਤ ਪਾਸ ਕੀਤਾ ਜਾਵੇ। ਹਾਲਾਂਕਿ 4 ਯੂਨੀਅਨਾਂ ਦੇ ਰੈਂਕ ਐਂਡ ਫਾਈਲ ਮੈਂਬਰ ਆਰਜੀ ਸਮਝੌਤੇ ਨੂੰ ਰੱਦ ਕਰ



(ਬਾਕੀ ਸਫ਼ਾ 29 'ਤੇ)

# ਪਹਿਲੀ ਵਾਰ ਅਮਰੀਕਾ ਦੀ ਕੈਪੀਟਲ ਵਾਸ਼ਿੰਗਟਨ ਡੀਸੀ ਵਿੱਖੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਚੜਿਆ ਅਮੈਰਿਕਨ ਫਲੈਗ

### ਜੋ ਅਮਰੀਕਾ ਦੀ ਕੈਪੀਟਲ ਵੱਲੋਂ ਉਤਾਰਨ ਤੋਂ ਬਾਅਦ ਸਨਮਾਨ ਨਾਲ ਭੇਜਿਆ ਗੁ. ਸ਼ਹੀਦਾ ਅਸਥਾਨ ਧੰਨ ਧੰਨ ਬਾਬਾ ਦੀਪ ਸਿੰਘ ਜੀ ਹਿੱਕਸਵਿੱਲ ਨਿਊਯਾਰਕ ਵਿੱਖੇ

ਵਾਸ਼ਿੰਗਟਨ, (ਰਾਜ ਗੋਗਨਾ): ਜਿਸ ਗੁਰਦੁਆਰੇ ਦੀ ਟੀਮ ਨੇ ਨਿਊਯਾਰਕ ਵਿੱਚ ਕੌਮ ਦੇ ਲਈ ਕੰਮ ਕੀਤਾ ਜਿਸ ਦਾ ਸਮਾਂ ਤਕਰੀਬਨ ਦੋ ਮਹੀਨੇ ਦੀ ਮਿਹਨਤ ਵਿਚ ਰਾਜਧਾਨੀ ਦੀ ਟੀਮ ਦੇ ਨਾਲ ਤੇ ਨਿਊਯਾਰਕ ਸੈਨੇਟਰ ਚੱਕ ਸ਼ੂਮਰ ਦੀ ਮਦਦ ਦੇ ਨਾਲ ਬਣਿਆ ਇਕ ਨਵਾਂ ਇਤਿਹਾਸ ਸਿਰਜਿਆ ਗਿਆ, ਜੋ ਰਹਿੰਦੀ ਦੁਨੀਆ ਤੱਕ ਇਹ ਦਰਸਾਏਂਗਾ ਕੇ 8 ਨਵੰਬਰ 2022 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553 ਪ੍ਰਕਾਸ਼ ਗੁਰਪੁਰਬ ਤੇ ਗੁਰਦੁਆਰਾ ਸ਼ਹੀਦਾ ਵੱਲੋਂ ਇਹ ਸੇਵਾ ਪ੍ਰਾਪਤ ਕੀਤੀ ਗਈ ਯਾਦ ਰਹੇ ਪਹਿਲਾ ਗੁਰਦੁਆਰਾ ਸ਼ਹੀਦਾ ਵੱਲੋਂ ਨਿਊਯਾਰਕ ਦੇ ਮੇਅਰ ਐਰਿਕ ਐਡਮ ਵੱਲੋਂ 8 ਨਵੰਬਰ 2022 ਦਾ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ ਡੇ ਨਾਲ ਐਲਾਨਿਆ ਗਿਆ ਸੀ।



# ਕੈਲੀਫੋਰਨੀਆ 'ਚ ਪਰਿਵਾਰ ਦੇ 3 ਜੀਆਂ ਦੀ ਹੱਤਿਆ ਕਰਨ ਵਾਲਾ ਸ਼ੱਕੀ ਦੋਸ਼ੀ ਸਾਬਕਾ ਪੁਲਿਸ ਅਫ਼ਸਰ ਮੁਕਾਬਲੇ ਵਿਚ ਮਾਰਿਆ ਗਿਆ



**ਮਾਰਕ ਵੀਨਾਇਕ (69) ਤੇ ਸ਼ਾਰੀ ਵਿਨਾਇਕ (65) ਤੇ ਬਰੁਕ ਵਿਨਾਇਕ (38) ਦੀਆਂ ਪੁਰਾਣੀਆਂ ਤਸਵੀਰਾਂ (ਆਖੀਰ 'ਚ) ਸਾਬਕਾ ਪੁਲਿਸ ਅਫ਼ਸਰ ਆਸਟਿਨ ਲੀ ਐਡਵਰਡਜ (28)**

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਰਿਵਰਸਾਈਡ, ਕੈਲੀਫੋਰਨੀਆ ਵਿਚ ਇਕ ਨਬਾਲਗ ਕੁੜੀ ਦੇ ਦਾਦਾ, ਦਾਦੀ ਤੇ ਮਾਂ ਦੀ ਹੱਤਿਆ ਕਰਨ ਵਾਲਾ ਸ਼ੱਕੀ ਦੋਸ਼ੀ ਵਰਜੀਨੀਆ ਦਾ ਸਾਬਕਾ ਪੁਲਿਸ ਅਫ਼ਸਰ ਉਸ ਵੇਲੇ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ ਜਦੋਂ ਉਹ ਨਾਬਾਲਗ ਕੁੜੀ ਨਾਲ ਭੱਜਣ ਦੀ ਕੋਸ਼ਿਸ਼ ਵਿਚ ਸੀ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਾਬਕਾ ਪੁਲਿਸ ਅਫ਼ਸਰ ਦੀ ਪਛਾਣ ਆਸਟਿਨ ਲੀ ਐਡਵਰਡਜ (28) ਵਜੋਂ ਹੋਈ ਹੈ। ਉਸ ਨੇ ਨਬਾਲਗ ਕੁੜੀ ਨੂੰ ਆਨਲਾਈਨ ਆਪਣੇ ਜਾਲ ਵਿਚ ਫਸਾਇਆ। ਪੁਲਿਸ ਅਨੁਸਾਰ ਐਡਵਰਡਜ ਨੇ ਕੁੜੀ ਕੋਲੋਂ ਉਸ ਦੀ ਨਿੱਜੀ ਜਾਣਕਾਰੀ ਲਈ ਤੇ ਉਹ ਵਰਜੀਨੀਆ ਤੋਂ ਰਿਵਰਸਾਈਡ ਗਿਆ। ਜਿਥੇ ਉਸ ਨੇ ਇਕ ਪਾਸੇ ਗੱਡੀ ਖੜੀ ਕੀਤੀ ਤੇ ਪੈਦਲ ਹੀ ਕੁੜੀ ਦੇ ਘਰ ਗਿਆ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਉਸ ਨੇ ਕੁੜੀ ਦੇ ਦਾਦਾ ਦਾਦੀ ਮਾਰਕ ਵੀਨਾਇਕ (69) ਤੇ ਸ਼ਾਰੀ ਵਿਨਾਇਕ (65) ਤੇ ਉਸ ਦੀ ਮਾਂ ਬਰੁਕ ਵਿਨਾਇਕ (38) ਦੀ ਹੱਤਿਆ ਕੀਤੀ ਤੇ ਕੁੜੀ ਨਾਲ ਆਪਣੀ ਗੱਡੀ ਵਿਚ ਲੈ ਕੇ ਫਰਾਰ ਹੋ ਗਿਆ। ਪੁਲਿਸ ਨੇ ਘਰ ਵਿਚੋਂ ਲਾਸ਼ਾਂ ਬਰਾਮਦ ਕਰਨ ਉਪਰੰਤ ਐਡਵਰਡਜ ਦਾ ਪਿੱਛਾ ਕੀਤਾ ਜੋ ਕੁੜੀ ਨਾਲ ਸੈਨ ਬਰਨਰਡੀਨੋ ਕਾਊਂਟੀ

(ਬਾਕੀ ਸਫ਼ਾ 29 'ਤੇ)

# ਭਾਈ ਕੁਲਵਿੰਦਰ ਸਿੰਘ ਖ਼ਾਨਪੁਰੀ ਨੂੰ ਸਖ਼ਤ ਸੁਰੱਖਿਆ ਹੇਠ ਐਨ.ਆਈ.ਏ. ਅਦਾਲਤ 'ਚ ਕੀਤਾ ਗਿਆ ਪੇਸ਼

## ਇਕ ਮਾਮਲੇ 'ਚ ਜੇਲ੍ਹ ਤੇ ਦੂਜੇ ਵਿਚ ਮੁੜ ਦਿੱਤਾ ਗਿਆ ਰਿਮਾਂਡ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- ਭਾਈ ਕੁਲਵਿੰਦਰ ਸਿੰਘ ਖਾਨਪੁਰੀ ਜਿਨ੍ਹਾਂ ਨੂੰ ਬੀਤੀ 16 ਨਵੰਬਰ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਦਿਖਾਇਆ ਗਿਆ ਸੀ, ਨੂੰ ਸਖ਼ਤ ਸੁਰੱਖਿਆ ਹੇਠ ਐਨ ਆਈ ਏ ਮੋਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਵਿਚ ਪੁਲਿਸ ਵੱਲੋਂ ਪੁੱਛਗਿੱਛ ਲਈ ਹੋਰ 10 ਦਿਨ ਦਾ ਰਿਮਾਂਡ ਮੰਗਿਆ ਗਿਆ ਸੀ ਪਰ ਭਾਈ ਖਾਨਪੁਰੀ ਵੱਲੋਂ ਪੇਸ਼ ਹੋਏ ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਵੱਲੋਂ ਕੀਤੇ ਗਏ ਸਖ਼ਤ ਵਿਰੋਧ ਨੂੰ ਦੇਖਦਿਆਂ ਜੱਜ ਸਾਹਿਬ ਨੇ ਚਾਰ ਦਿਨਾਂ ਦਾ ਰਿਮਾਂਡ ਦਿੱਤਾ। ਭਾਈ ਖਾਨਪੁਰੀ ਨੂੰ 14/19 ਦੇ ਇਕ ਮਾਮਲੇ ਵਿਚ ਜੱਜ ਸਾਹਿਬ ਵੱਲੋਂ ਜੇਲ੍ਹ ਭੇਜਣ ਲਈ ਕਿਹਾ ਗਿਆ ਜਿਸ ਤੇ ਐਨਆਈਏ ਵੱਲੋਂ ਉਨ੍ਹਾਂ ਨੂੰ 7/20 ਦੇ ਇਕ ਹੋਰ ਮਾਮਲੇ ਵਿਚ ਗ੍ਰਿਫ਼ਤਾਰ ਦਿਖਾ ਕੇ 10 ਦਿਨ ਦੇ ਰਿਮਾਂਡ ਦੀ ਮੰਗ ਕੀਤੀ ਗਈ ਸੀ। ਭਾਈ ਖਾਨਪੁਰੀ ਨੂੰ 2 ਦਸੰਬਰ ਅਤੇ 12 ਦਸੰਬਰ ਨੂੰ ਮੁੜ ਅਦਾਲਤ ਪੇਸ਼ ਕੀਤਾ ਜਾਏਗਾ।



# ਕੈਨੇਡਾ 2025 ਤੱਕ 15 ਲੱਖ ਪਰਵਾਸੀਆਂ ਨੂੰ ਦੇਸ਼ ਵਿੱਚ ਸੱਦੇਗਾ

## ਵੱਡੀ ਉਮਰ ਦੇ ਲੋਕਾਂ ਦੀ ਸੇਵਾ ਮੁਕਤੀ ਹੋਣ ਕਾਰਨ ਆਰਥਿਕਤਾ ਵਿੱਚ ਪੈਦਾ ਹੋਏ ਖ਼ਲਾਅ ਨੂੰ ਭਰਨ ਲਈ ਕੈਨੇਡਾ ਦੀ ਝਾਕ ਪਰਵਾਸੀਆਂ ਉੱਪਰ ਹੈ

### ਟੋਰਾਂਟੋ ਅਤੇ ਵੈਨਕੂਵਰ ਸਸਤੇ ਘਰ ਮਿਲਣੇ ਔਖੇ ਹੋਏ

ਵੈਨਕੂਵਰ/ਏ.ਟੀ.ਨਿਊਜ਼ :- ਇਸ ਮਹੀਨੇ ਦੇ ਸ਼ੁਰੂ ਵਿੱਚ, ਫੈਡਰਲ ਸਰਕਾਰ ਨੇ ਐਲਾਨ ਕੀਤਾ ਸੀ ਕਿ 2025 ਤੱਕ ਹਰ ਸਾਲ 5 ਲੱਖ ਪਰਵਾਸੀਆਂ ਨੂੰ ਦਾਖਲਾ ਦਿੱਤਾ ਜਾਏਗਾ। ਇਸ ਅਨੁਸਾਰ ਆਉਂਦੇ ਤਿੰਨ ਸਾਲਾਂ ਵਿੱਚ ਕਰੀਬ 15 ਲੱਖ ਪਰਵਾਸੀ ਕੈਨੇਡਾ ਪਹੁੰਚ ਸਕਦੇ ਹਨ। ਟੋਰਾਂਟੋ ਅਤੇ ਵੈਨਕੂਵਰ ਜਿਹੇ ਵੱਡੇ ਸ਼ਹਿਰ ਜਿੱਥੇ 10 ਫ਼ੀਸਦੀ ਅਬਾਦੀ ਰਹਿੰਦੀ ਹੈ।




2023 ਤੱਕ ਕੈਨੇਡਾ ਦਾ ਟੀਚਾ 76 ਹਜ਼ਾਰ ਰਫਿਊਜੀਆਂ ਦਾ ਪੁਨਰਵਾਸ ਕਰਵਾਉਣ ਦਾ ਹੈ। ਇਸ ਯੋਜਨਾ ਨਾਲ ਯੂ.ਕੇ. ਦੇ ਮੁਕਾਬਲੇ ਪ੍ਰਤੀ ਅਬਾਦੀ, ਹਰ ਸਾਲ ਅੱਠ ਗੁਣਾ ਲੋਕਾਂ ਨੂੰ ਸਥਾਈ ਰਿਹਾਇਸ਼ (ਪੀਆਰ) ਦਿੱਤੀ ਜਾਏਗੀ।ਇਹ ਯੂਨਾਈਟਿਡ ਸਟੇਟਸ ਨਾਲੋਂ ਚਾਰ ਗੁਣਾ ਵੱਧ ਹੋਵੇਗੀ। ਪਰ ਤਾਜ਼ਾ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਵਿੱਚ ਨਵੇਂ ਲੋਕਾਂ ਨੂੰ ਲਿਆਉਣ ਬਾਰੇ ਚਿੰਤਾਵਾਂ ਵੀ ਹਨ।

ਕੈਨੇਡਾ ਦੀ ਵੱਡੀ ਯੋਜਨਾ ਕਈ ਸਾਲਾਂ ਤੱਕ ਕੈਨੇਡਾ ਨੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਆਕਰਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ।ਇਹ ਅਜਿਹੇ ਪਰਵਾਸੀ ਹਨ ਜਿਨ੍ਹਾਂ ਨੂੰ ਅਣਮਿਥੇ ਸਮੇਂ ਲਈ ਕੈਨੇਡਾ ਵਿੱਚ ਰਹਿਣ ਦਾ ਹੱਕ ਹੁੰਦਾ ਹੈ ਪਰ ਉਹ ਕੈਨੇਡਾ ਦੇ ਨਾਗਰਿਕ ਨਹੀਂ ਹੁੰਦੇ। ਅਜਿਹਾ ਅਬਾਦੀ ਬਰਕਰਾਰ ਰੱਖਣ ਅਤੇ ਆਰਥਿਕਤਾ ਵਿੱਚ ਵਾਧੇ ਲਈ ਕੀਤਾ ਗਿਆ ਸੀ।ਪਿਛਲੇ ਸਾਲ ਕੈਨੇਡਾ ਨੇ ਇਤਿਹਾਸ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ 405,000 ਲੋਕਾਂ ਨੂੰ ਸਥਾਈ ਰਿਹਾਇਸ਼ ਯਾਨੀ ਪੀਆਰ ਦਿੱਤੀ।ਇਸ ਦਾ ਸਿੱਧਾ ਹਿਸਾਬ ਹੈ ਕਿ ਪੱਛਮੀ ਦੇਸਾਂ ਵਾਂਗ ਕੈਨੇਡਾ ਵਿੱਚ ਵੱਡੀ ਉਮਰ ਦੇ ਲੋਕਾਂ ਦੀ ਵਸੋਂ ਵੱਧ ਹੈ ਅਤੇ ਜਨਮ ਦਰ ਘੱਟ ਹੈ। ਜੇਕਰ ਦੇਸ਼ ਅੱਗੇ ਵਧਣਾ ਚਾਹੁੰਦਾ ਹੈ ਤਾਂ ਪ੍ਰਵਾਸੀਆਂ ਨੂੰ ਬੁਲਾਣਾ ਪੈਣਾ।

ਕੈਨੇਡਾ ਵਿੱਚ ਕਿਰਤੀ ਲੋਕਾਂ ਦੇ ਵਾਧੇ ਵਿੱਚ ਪਰਵਾਸੀਆਂ ਦੀ ਭੂਮਿਕਾ ਪਹਿਲਾਂ ਹੀ ਹੈ ਅਤੇ ਸਰਕਾਰ ਦੇ ਨਵੇਂ ਪ੍ਰੈੱਸ ਰਿਲੀਜ਼ ਮੁਤਾਬਿਕ, ਉਮੀਦ ਕੀਤੀ ਜਾ ਰਹੀ ਹੈ ਕਿ 2032 ਤੱਕ ਦੇਸ਼ ਦੀ ਹਰ ਤਰ੍ਹਾਂ ਦੀ ਅਬਾਦੀ ਵਿੱਚ ਇਸ ਦੀ ਭੂਮਿਕਾ ਹੋਏਗੀ।ਇਸ ਮਹੀਨੇ ਵਿੱਚ ਪਹਿਲਾਂ, ਸਰਕਾਰ ਨੇ ਐਲਾਨ ਕੀਤਾ ਕਿ 2025 ਤੱਕ ਉਹ ਹਰ ਸਾਲ 5 ਲੱਖ ਪਰਵਾਸੀਆਂ ਨੂੰ ਕੈਨੇਡਾ ਲਿਆਉਣ ਦੀ ਉਮੀਦ ਕਰ ਰਹੇ ਹਨ। ਇਹ ਗਿਣਤੀ 2021 ਨਾਲੋਂ 25 ਫ਼ੀਸਦੀ ਵੱਧ ਹੋਏਗੀ।

ਮੈਕਮਾਸਟਰ ਯੂਨੀਵਰਸਿਟੀ ਤੋਂ ਰਾਜਨੀਤੀ ਵਿਗਿਆਨ ਦੇ ਮਾਹਿਰ ਜੈਫਰੀ ਕੈਮਰਨ ਨੇ ਕਿਹਾ ਕਿ ਕਈ ਦੇਸ਼ ਜਿਵੇਂ ਕੈਨੇਡਾ ਜੋ ਕਿ ਬੱਚੇ ਪੈਦਾ ਹੋਣ ਦੀ ਘੱਟ ਦਰ ਅਤੇ ਵਧਦੀ ਉਮਰ ਵਾਲੀ ਅਬਾਦੀ ਦਾ ਸਾਹਮਣਾ ਕਰ ਰਹੇ ਹਨ, ਉੱਥੇ ਪਰਵਾਸ ਢਾਂਚੇ ਦੀ ਸਫਲਤਾ ਲੋਕਾਂ ਦੇ ਸਹਿਯੋਗ ’ਤੇ ਨਿਰਭਰ ਕਰਦੀ ਹੈ।ਉਨ੍ਹਾਂ ਨੇ ਕਿਹਾ, ਬਹੁਤ ਸਾਰੇ ਦੇਸ਼ਾਂ ਵਿੱਚ ਲੋਕਾਂ ਦੀ ਰਾਏ ਹੀ ਸੀਮਤ ਕਾਰਕ ਹੁੰਦੀ ਹੈ।

ਅਮਰੀਕਾ ਵਿਚ ਜਿੱਥੇ ਦੱਖਣੀ ਸਰਹੱਦ ਜ਼ਰੀਏ ਉੱਥੇ ਪਹੁੰਚਣ ਵਾਲੇ ਪਰਵਾਸੀਆਂ ਦੀ ਗਿਣਤੀਆਂ ਹੁਣ ਤੱਕ ਦੀ ਸਭ ਤੋਂ ਵੱਧ ਹੋ ਗਈ ਹੈ, ਉੱਥੇ ਨੌਕਰੀਆਂ ਤੋਂ ਵੱਧ ਪਰਵਾਸੀਆਂ ਦੇ ਆਉਣ ਕਾਰਨ ਫ਼ਿਕਰ ਵੀ ਹੈ। ਬਰੈਗਜ਼ਿਟ ਤੋਂ ਪਹਿਲਾਂ, ਯੂਰਪੀ ਯੂਨੀਅਨ ਦੇ ਪਰਵਾਸੀਆਂ ਵੱਲੋਂ ਪੂਰਬੀ ਯੂਰਪ ਤੋਂ ਯੂ ਕੇ ਆਉਣ ਦੀ ਲਹਿਰ ਨੇ ਪਰਵਾਸ ਖ਼ਿਲਾਫ਼ ਪ੍ਰਤੀਕਿਰਿਆ ਪੈਦਾ ਕੀਤੀ।

ਮੈਡੇਲਿਨ ਸੰਪਸ਼ਨ ਨੇ ਕਿਹਾ ਕਿ ਪਰ ਪਿਛਲੇ ਕੁਝ ਸਾਲਾਂ ਵਿੱਚ ਪਰਵਾਸ ਬਾਰੇ ਲੋਕਾਂ ਦੀ ਰਾਏ ਵਿੱਚ ਵਾਧਾ ਹੋਇਆ ਹੈ ਕਿਉਂਕਿ ਲੋਕਾਂ ਨੂੰ ਲਗਦਾ ਹੈ ਕਿ ਹੁਣ ਪਰਵਾਸੀਆਂ ਉੱਤੇ ਦੇਸ਼ ਦਾ ਪਹਿਲਾਂ ਨਾਲੋਂ ਬਿਹਤਰ ਕੰਟਰੋਲ ਹੈ। ਜਦਕਿ, ਕੈਨੇਡਾ ਵਿੱਚ ਇਤਿਹਾਸਕ ਤੌਰ ’ਤੇ ਵੀ ਪਰਵਾਸ ਲਈ ਕਾਫ਼ੀ ਜ਼ਿਆਦਾ ਸਮਰਥਨ ਰਿਹਾ ਹੈ।ਜੈਫਰੀ ਕੈਮਰਨ ਕਹਿੰਦੇ ਹਨ, ਮੈਨੂੰ ਲਗਦਾ ਹੈ ਕਿ ਇਸ ਦਾ ਇੱਕ ਕਾਰਨ ਇਹ ਹੈ ਕਿ ਜਿਸ ਤਰ੍ਹਾਂ ਸਰਕਾਰ ਕੈਨੇਡਾ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਪਰਵਾਸ ਦਾ ਪ੍ਰਬੰਧਨ ਕਰਦੀ ਹੈ, ਉਸ ਉੱਤੇ ਲੋਕਾਂ ਨੂੰ ਪੂਰਾ ਯਕੀਨ ਹੈ।

ਪਰ ਅਜਿਹਾ ਵੀ ਨਹੀਂ ਹੈ ਕਿ ਉੱਥੇ ਪਰਵਾਸ ਨਾਲ ਜੁੜੀਆਂ ਚਿੰਤਾਵਾਂ ਨਹੀਂ ਹਨ। ਪਿਛਲੇ ਕੁਝ ਸਾਲਾਂ ਵਿੱਚ, ਯੂਐਸ ਬਾਰਡਰ ’ਤੇ ਪਰਵਾਸੀਆਂ ਦੇ ਪ੍ਰਵਾਹ ਨੇ ਕੁਝ ਵਿਵਾਦ ਪੈਦਾ ਕੀਤੇ ਹਨ ਅਤੇ 2018 ਵਿੱਚ ਉੱਥੋਂ ਦੀ ਸੱਜੇ ਪੱਖੀ ਪਾਰਟੀ ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਉੱਭਰਨ ਨਾਲ 2019 ਦੀਆਂ ਫੈਡਰਲ ਚੋਣਾਂ ਤੱਕ ਇਹ ਕੌਮੀ ਚਰਚਾਵਾਂ ਦਾ ਵਿਸ਼ਾ ਬਣਿਆ ਰਿਹਾ। ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿਚ ਪਰਵਾਸ ਪ੍ਰਤੀ ਵੱਖੋ-ਵੱਖਰਾ ਰਵੱਈਆ ਹੈ। ਜਦੋਂ ਸਰਕਾਰ ਨੇ ਹਰ ਸਾਲ ਨਵੇਂ ਪੰਜ ਲੱਖ ਪਰਵਾਸੀਆਂ ਨੂੰ ਕੈਨੇਡਾ ਲਿਆਉਣ ਦਾ ਆਕਰਮਕ ਐਲਾਨ ਕੀਤਾ ਤਾਂ ਆਪਣੇ ਲਈ ਪਰਵਾਸੀਆਂ ਦੀ ਸੀਮਾ ਤੈਅ ਕਰਨ ਵਾਲੇ ‘ਪ੍ਰੋਵਿੰਸ ਆਫ਼ ਕਿਉਬਿਕ’ ਨੇ ਕਿਹਾ ਕਿ ਇੱਕ ਸਾਲ ਵਿੱਚ 50 ਹਜ਼ਾਰ ਤੋਂ ਵੱਧ ਪਰਵਾਸੀਆਂ ਨੂੰ ਨਹੀਂ ਲਏਗਾ। ਇਸ ਦਾ ਮਤਲਬ ਕਿ ਕਿਉਬਿਕ ਜਿੱਥੇ ਦੇਸ਼ ਦੀ 23 ਫ਼ੀਸਦੀ ਅਬਾਦੀ ਰਹਿੰਦੀ ਹੈ, ਉਹ ਸਿਰਫ਼ 10 ਫ਼ੀਸਦੀ ਪਰਵਾਸੀਆਂ ਨੂੰ ਹੀ ਉੱਥੇ ਆਉਣ ਦੇਵੇਗਾ।

ਕਿਉਬਿਕ ਦੇ ਪ੍ਰੀਮੀਅਰ ਫਰੈਂਸੋਸ ਲੀਗਾਲਟ ਨੇ ਕਿਹਾ ਕਿ ਉਨ੍ਹਾਂ ਨੂੰ ਵਧੇਰੇ ਪਰਵਾਸੀਆਂ ਦੇ ਆਉਣ ਨਾਲ ਉੱਥੇ ਫ਼੍ਰੈਂਚ ਭਾਸ਼ਾ ਕਮਜ਼ੋਰ ਹੋਣ ਦੀ ਚਿੰਤਾ ਹੈ। ਭਾਵੇਂ ਇਹ ਸੱਚ ਹੈ ਕਿ ਕੈਨੇਡਾ ਵਿੱਚ ਅਬਾਦੀ ਵਾਧੇ ਦੀਆਂ ਸੰਭਾਵਨਾਵਾਂ ਹਨ ਪਰ ਕਈ ਥਾਵਾਂ ਘੁੱਟਣ ਮਹਿਸੂਸ ਕਰਦੀਆਂ ਹਨ।

ਟੋਰਾਂਟੋ ਅਤੇ ਵੈਨਕੂਵਰ ਜਿਹੇ ਵੱਡੇ ਸ਼ਹਿਰ ਜਿੱਥੇ 10 ਫ਼ੀਸਦੀ ਅਬਾਦੀ ਰਹਿੰਦੀ ਹੈ, ਉੱਥੇ ਸਸਤੇ ਘਰ ਮਿਲਣੇ ਔਖੇ ਹੋ ਗਏ ਹਨ।

‘ਲੇਗਰ ਐਂਡ ਦ ਐਸੋਸੀਏਸ਼ਨ ਆਫ਼ ਕੈਨੇਡੀਅਨ ਸਟੱਡੀਜ਼’ ਵੱਲੋਂ 1,537 ਕੈਨੇਡੀਅਨਾਂ ਦੇ ਸਰਵੇ ਵਿੱਚ ਸਾਹਮਣੇ ਆਇਆ ਕਿ ਚਾਰ ਵਿੱਚੋਂ ਤਿੰਨ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਵੀਂ ਯੋਜਨਾ ਨਾਲ ਰਿਹਾਇਸ਼ਾਂ ਅਤੇ ਸਮਾਜਿਕ ਸੇਵਾਵਾਂ ’ਤੇ ਪ੍ਰਭਾਵ ਪੈਣ ਦੀ ਚਿੰਤਾ ਹੈ।

49 ਫ਼ੀਸਦੀ ਲੋਕਾਂ ਨੂੰ ਸਰਕਾਰ ਵੱਲੋਂ ਐਲਾਨਿਆ ਟੀਚਾ ਬਹੁਤ ਜ਼ਿਆਦਾ ਲੱਗਿਆ ਅਤੇ 31 ਫ਼ੀਸਦੀ ਲੋਕਾਂ ਨੂੰ ਇਹ ਅੰਕੜਾ ਸਹੀ ਲੱਗਿਆ।

ਕੈਨੇਡਾ ਦਾ ਤਰੀਕਾ ਕੀ ਹੈ?

ਇੱਕ ਹੋਰ ਤਰੀਕਾ ਜੋ ਕੈਨੇਡਾ ਨੂੰ ਪੱਛਮੀ ਸੰਸਾਰ ਤੋਂ ਅਨੋਖਾ ਬਣਾਉਂਦਾ ਹੈ, ਉਹ ਹੈ ਇਸ ਦਾ ਆਰਥਿਕ ਪਰਵਾਸ ’ਤੇ ਜ਼ੋਰ।

ਕੈਨੇਡਾ ਦੇ ਕਰੀਬ ਅੱਧੇ ਪੀਆਰਜ਼ ਦਾ ਸੁਆਗਤ ਉਨ੍ਹਾਂ ਦੇ ਹੁਨਰ ਕਾਰਨ ਹੋਇਆ ਹੈ ਨਾ ਕਿ ਪਰਿਵਾਰਕ ਏਕਾਕਰਨ ਕਰਕੇ। ਸਾਲ 2025 ਤੱਕ ਸਰਕਾਰ ਇਸ ਨੂੰ 60 ਫ਼ੀਸਦੀ ਤੱਕ ਪਹੁੰਚਾਉਣ ਦੀ ਉਮੀਦ ਕਰ ਰਹੀ ਹੈ।

ਕੈਮਰਨ ਨੇ ਕਿਹਾ ਕਿ ਕੈਨੇਡਾ ਦਾ ਢਾਂਚਾ ਹੀ ਕੁਝ ਇਸ ਤਰ੍ਹਾਂ ਡਿਜ਼ਾਈਨ ਹੋਣ ਕਾਰਨ ਅਜਿਹਾ ਹੋ ਸਕਿਆ ਹੈ। ਸਾਲ 1960 ਵਿੱਚ ਕੈਨੇਡਾ ਨੇ ਵੱਖ-ਵੱਖ ਦੇਸ਼ਾਂ ਦੇ ਤੈਅ ਕੀਤੇ ਕੋਟੇ ਨੂੰ ਹਟਾ ਦਿੱਤਾ ਸੀ ਅਤੇ ਪੁਆਇੰਟ ਸਿਸਟਮ ਲਿਆਂਦਾ ਸੀ। ਇਸ ਰਾਹੀਂ ਉਸ ਹੁਨਰਮੰਦ ਪਰਵਾਸੀ ਨੂੰ ਪਹਿਲ ਦਿੱਤੀ ਜਾਂਦੀ ਸੀ ਜੋ ਕੈਨੇਡਾ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਸਕੇ। ਕੈਮਰਨ ਨੇ ਕਿਹਾ, ਉਸੇ ਤਰ੍ਹਾਂ ਦਾ ਸਿਧਾਂਤ ਅੱਜ ਵੀ ਰਹਿਨੁਮਾਈ ਕਰ ਰਿਹਾ ਹੈ।

# ਪਾਕਿ ’ਚ ਹੁਣ ਸਿੱਖਾਂ ਤੇ ਹਿੰਦੂਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅੰਤਿਮ ਰਸਮਾਂ ਨਿਭਾਉਣੀਆਂ ਵੀ ਮੁਸ਼ਕਿਲ

## ਸਸਕਾਰ ਵੱਲੋਂ ਖ਼ਰਚੇ ਵਿਚ ਵਾਧਾ, ਘੱਟਗਿਣਤੀ ਕੌਮਾਂ ਲਈ ਬਣਿਆ ਪ੍ਰੇਸ਼ਾਨੀ ਦਾ ਸਬੱਬ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪਾਕਿਸਤਾਨ ਦੇ ਸਿੰਧ ਸਮੇਤ ਲਹਿੰਦੇ ਪੰਜਾਬ ਦੇ ਸ਼ਹਿਰਾਂ ਲਾਹੌਰ, ਸਿਆਲਕੋਟ, ਸ਼ੇਖ਼ੂਪੁਰਾ, ਕਸੂਰ, ਸ੍ਰੀ ਨਨਕਾਣਾ ਸਾਹਿਬ ਆਦਿ ਦੇ ਸਿੱਖਾਂ, ਹਿੰਦੂਆਂ ਅਤੇ ਈਸਾਈ ਭਾਈਚਾਰੇ ਲਈ ਡਰ ਅਤੇ ਖ਼ੌਫ਼ ਦੇ ਮਾਹੌਲ ਵਿਚ ਜਿਊਣ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀਆਂ ਅੰਤਿਮ ਰਸਮਾਂ ਨਿਭਾਉਣੀਆਂ ਵੀ ਮੁਸ਼ਕਿਲ ਹੋ ਗਈਆਂ ਹਨ ਕਿਉਂਕਿ ਮੌਜੂਦਾ ਸਮੇਂ ਦਫ਼ਨਾਉਣ ਜਾਂ ਸਸਕਾਰ ’ਤੇ 50 ਹਜ਼ਾਰ ਤੋਂ ਇਕ ਲੱਖ ਰੁਪਏ ਤੱਕ ਦਾ ਖਰਚਾ ਆ ਰਿਹਾ ਹੈ।ਈਸਾਈ ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਸਥਾਨਕ ਤੌਰ ’ਤੇ ਬਣਾਇਆ ਗਿਆ ਤਾਬੂਤ 8 ਹਜ਼ਾਰ ਤੋਂ 10 ਹਜ਼ਾਰ ਰੁਪਏ ਵਿਚ ਉਪਲਬਧ ਹੈ। ਇਸ ਤੋਂ ਇਲਾਵਾ ਕਬਰਸਤਾਨ ਵਿਚ ਕਫ਼ਨ, ਫੁਲ ਅਤੇ





ਕਬਰ ਦੀ ਫ਼ੀਸ ਆਦਿ ਹੋਰ ਖ਼ਰਚਿਆਂ ’ਤੇ 20 ਹਜ਼ਾਰ ਤੋਂ 25 ਹਜ਼ਾਰ ਰੁਪਏ ਅਤੇ ਸੋਗ ਵਿਚ ਸ਼ਾਮਿਲ ਲੋਕਾਂ ਲਈ ਭੋਜਨ ਅਤੇ ਹੋਰ ਰਸਮਾਂ ’ਤੇ 50 ਹਜ਼ਾਰ ਰੁਪਏ ਤੱਕ ਦੀ ਲਾਗਤ ਆ ਜਾਂਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪਾਕਿ ਦੇ ਸ਼ਹਿਰੀ ਇਲਾਕਿਆਂ ਵਿਚ ਈਸਾਈ ਕਬਰਿਸਤਾਨਾਂ ਵਿਚ ਦਫ਼ਨਾਉਣ ਵਾਲੀਆਂ ਥਾਵਾਂ ਦੀ ਘਾਟ ਦੇ ਮੱਦੇਨਜ਼ਰ ਅਜੇ ਹੋਰ ਖ਼ਰਚੇ ਵਧਣ ਦੀ ਸੰਭਾਵਨਾ ਹੈ। ਪਾਕਿ ਸਿੱਖ ਆਗੂ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਅਨੁਸਾਰ ਲਾਹੌਰ ਦੇ ਸਿੱਖਾਂ ਅਤੇ ਹਿੰਦੂਆਂ ਦੇ ਸਿਰਫ਼ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜੀ. ਟੀ. ਰੋਡ ਸਥਿਤ ਵਾਲਮੀਕੀ ਕਬਰਸਤਾਨ (189, ਬੁੱਧੂ ਦਾ ਆਵਾ) ਵਿਖੇ ਦਫ਼ਨਾਇਆ ਜਾਂਦਾ ਹੈ, ਜਦਕਿ ਵੱਡੀ ਉਮਰ ਵਾਲਿਆਂ ਦਾ ਸਸਕਾਰ ਕੀਤਾ ਜਾਂਦਾ ਹੈ ।ਲਾਹੌਰ ਵਿਚ ਰਾਵੀ ਦਰਿਆ ਦੇ ਨੇੜੇ ਬਾਬੂ ਸਾਬੂ ਆਬਾਦੀ ਵਿਚ ਸਿੱਖ ਅਤੇ ਹਿੰਦੂ ਭਾਈਚਾਰਿਆਂ ਲਈ ਇਕ ਹੀ ਅਹਾਤੇ ਅੰਦਰ ਵੱਖਰੇ-ਵੱਖਰੇ ਸ਼ਮਸ਼ਾਨਘਾਟ ਬਣਾਏ ਗਏ ਹਨ। ਬਿਸ਼ਨ ਸਿੰਘ ਮੁਤਾਬਕ ਹੁਣ ਹਿੰਦੂ ਸਿੱਖਾਂ ਲਈ ਵੀ ਸਸਕਾਰ ਕਰਨਾ ਮਹਿੰਗਾ ਹੋ ਗਿਆ ਹੈ। ਲਾਹੌਰ ਦੀ ਰਾਵੀ ਰੋਡ ਸਥਿਤ ਕ੍ਰਿਸ਼ਨਾ ਮੰਦਿਰ ਦੇ ਪੁਜਾਰੀ ਕਾਸ਼ੀ ਰਾਮ ਨੇ ਦੱਸਿਆ ਕਿ ਇਕ ਸਸਕਾਰ ਲਈ 10 ਤੋਂ 15 ਮਣ ਲੱਕੜ ਦੀ ਲੋੜ ਹੁੰਦੀ ਹੈ ਅਤੇ ਅੱਜ ਕੱਲ੍ਹ ਪਾਕਿਸਤਾਨ ’ਚ ਲੱਕੜ ਦੀ ਕੀਮਤ 1,000 ਰੁਪਏ ਪ੍ਰਤੀ ਮਣ ਹੈ। ਅੰਤਿਮ ਸਸਕਾਰ ਤੋਂ ਬਾਅਦ ਸੋਗ ਕਰਨ ਵਾਲਿਆਂ ਵਿਚ ਪ੍ਰਸਾਦਿ ਵੰਡਿਆ ਜਾਂਦਾ ਹੈ। ਕੁੱਲ ਮਿਲਾ ਕੇ ਇਕ ਅੰਤਿਮ ਸਸਕਾਰ ’ਤੇ 60 ਹਜ਼ਾਰ ਤੋਂ 80 ਹਜ਼ਾਰ ਰੁਪਏ ਦਾ ਖਰਚਾ ਆਉਂਦਾ ਹੈ। ਉਨ੍ਹਾਂ ਕਿਹਾ ਕਿ ਉਕਤ ਦੇ ਇਲਾਵਾ ਪਾਕਿਸਤਾਨੀ ਹਿੰਦੂ ਭਾਈਚਾਰੇ ਵੱਲੋਂ ਵਾਧੂ ਕੀਮਤ ਦੇ ਕੇ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅਸਥੀਆਂ ਭਾਰਤ ਭੇਜੀਆਂ ਜਾ ਰਹੀਆਂ ਹਨ। ਜਦਕਿ ਕੁਝ ਹਿੰਦੂ ਆਪਣੇ ਮੁਰਦਿਆਂ ਦਾ ਸਸਕਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਦਫ਼ਨਾ ਵੀ ਰਹੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਗਿ. ਰਣਜੀਤ ਸਿੰਘ ਗੌਹਰ ਨੂੰ 'ਪੰਜ ਪਿਆਰਿਆਂ ਨੇ ਪੰਥ 'ਚੋਂ ਛੇਕਿਆ'

## ਮੁੜ ਸੇਵਾ ਸੌਂਪਣ ਵਾਲੇ ਪ੍ਰਬੰਧਕੀ ਬੋਰਡ ਦੇ ਜਨ: ਸਕੱਤਰ ਵੀ 'ਤਨਖ਼ਾਹੀਆ' ਕਰਾਰ

## ਗੌਹਰ ਵੱਲੋਂ ਜਥੇਦਾਰ ਅਕਾਲ ਤਖਤ ਸਾਹਿਬ ਕੋਲ ਇਨਸਾਫ਼ ਦੀ ਫ਼ਰਿਆਦ

ਅੰਮ੍ਰਿਤਸਰ/ਏ.ਟੀ.ਨਿਊਜ਼ :- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ 'ਤੇ ਲੱਗੇ ਗੰਭੀਰ ਦੋਸ਼ਾਂ ਤੋਂ ਬਾਅਦ ਉਨ੍ਹਾਂ ਦੀ ਪਹਿਲਾਂ ਮੁਅੱਤਲੀ ਅਤੇ ਫਿਰ ਮੁੜ ਨਿਯੁਕਤੀ ਸਬੰਧੀ ਵਿਵਾਦ ਦੇ ਚਲਦਿਆਂ ਹੁਣ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜਥੇਦਾਰ ਗਿਆਨੀ ਗੌਹਰ ਨੂੰ ਸਿੱਖ ਪੰਥ ਵਿਚੋਂ ਛੇਕਣ ਦਾ ਐਲਾਨ ਕਰ ਦਿੱਤਾ ਤੇ ਇਸ ਦੇ ਨਾਲ ਹੀ ਤਖ਼ਤ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਜਨਰਲ ਸਕੱਤਰ ਨੂੰ ਗਿਆਨੀ ਗੌਹਰ ਨੂੰ ਮੁੜ ਸੇਵਾ ਸੰਭਾਲਣ ਦੇਣ ਦੇ ਦੋਸ਼ ਤਹਿਤ ਤਨਖ਼ਾਹੀਆ ਕਰਾਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਪੰਜ ਪਿਆਰੇ ਸਾਹਿਬਾਨ ਵੱਲੋਂ ਬੀਤੀ ਸ਼ਾਮ ਹੁਕਮਨਾਮਾ ਜਾਰੀ ਕਰਕੇ ਗਿਆਨੀ ਗੌਹਰ ਨੂੰ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਨੂੰ ਭੰਗ ਕਰਨ ਤੇ ਤਖ਼ਤ ਸਾਹਿਬ ਵਿਖੇ ਜਬਰੀ ਦਾਖਲ ਹੋਣ ਦੇ ਦੋਸ਼ ਤਹਿਤ ਸਿੱਖ ਪੰਥ ਵਿਚੋਂ ਸਦਾ ਲਈ ਛੇਕਣ ਦਾ ਐਲਾਨ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸੰਗਤ ਨੂੰ ਗਿਆਨੀ ਗੌਹਰ ਨਾਲ ਕਿਸੇ ਕਿਸਮ



ਦਾ ਮਿਲਵਰਤਨ ਜਾਂ ਸਟੇਜ ਦੀ ਸਾਂਝ ਨਾ ਰੱਖਣ ਅਤੇ ਅੱਗੇ ਤੋਂ ਉਨ੍ਹਾਂ ਦੇ ਨਾਂਅ ਨਾਲ ਮਸਕੀਨ ਸ਼ਬਦ ਲਿਖਣ ਦੀ ਵੀ ਮਨਾਹੀ ਕੀਤੀ ਗਈ। ਇਸ ਦੇ ਨਾਲ ਹੀ ਪ੍ਰਬੰਧਕੀ ਬੋਰਡ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਨੂੰ ਵੀ ਗਿਆਨੀ ਗੌਹਰ ਨੂੰ ਮੁੜ ਜਥੇਦਾਰ ਨਿਯੁਕਤ ਕਰਨ, ਡਿਊਟੀ ਦੇਣ ਅਤੇ ਪੰਜ ਪਿਆਰੇ ਸਾਹਿਬਾਨ ਨੂੰ ਨੋਟਿਸ ਦੇਣ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੰਦਿਆਂ ਤਨਖ਼ਾਹੀਏ ਐਲਾਨਿਆ ਗਿਆ। ਇਸੇ ਦੌਰਾਨ ਗਿਆਨੀ ਰਣਜੀਤ ਸਿੰਘ ਗੌਹਰ ਫ਼ਰਿਆਦ ਲੈ ਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਕੋਲ ਪੁੱਜੇ ਪਰ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਅੰਦਰ ਦਾਖਲ ਨਹੀਂ ਹੋਣ ਦਿੱਤਾ ਗਿਆ। ਬਾਅਦ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਸਕੱਤਰੇਤ ਦੇ ਬਾਹਰ ਆਏ ਤੇ ਉਨ੍ਹਾਂ ਦਾ ਲਿਖਤੀ ਸ਼ਿਕਾਇਤ ਪੱਤਰ ਪ੍ਰਾਪਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਗੌਹਰ ਨੇ ਕਿਹਾ ਕਿ ਮੇਰਾ ਕੋਈ ਪੱਖ ਨਹੀਂ ਸੁਣਿਆ ਗਿਆ ਤੇ ਪੰਜ ਪਿਆਰਿਆਂ ਵੱਲੋਂ ਗ਼ੈਰ-ਵਿਧਾਨਕ ਤੇ ਗ਼ੈਰ-ਧਾਰਮਿਕ ਢੰਗ ਨਾਲ ਦੋਸ਼ੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਥ ਵਿਚੋਂ ਕਿਸੇ ਨੂੰ ਛੇਕਣ ਦਾ ਅਧਿਕਾਰ ਕੇਵਲ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਕੋਲ ਹੀ ਹੈ।ਇੱਥੇ ਦੱਸਣਯੋਗ ਹੈ ਕਿ ਜਲੰਧਰ ਵਾਸੀ ਇਕ ਵਿਅਕਤੀ ਵੱਲੋਂ ਦੋਸ਼ ਲਾਇਆ ਗਿਆ ਸੀ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਨੇ ਭੇਟ ਕੀਤੀਆਂ ਵਸਤਾਂ ਵਿੱਚ ਗ਼ਬਨ ਕੀਤਾ ਹੈ।

# ਹੁਣ ਸਾਬਕਾ ਅਕਾਲੀ ਮੰਤਰੀ ਸ਼ਰਨਜੀਤ ਢਿੱਲੋਂ ਵਿਜੀਲੈਂਸ ਦੀ ਰਾਡਾਰ 'ਤੇ

## ਢਿੱਲੋਂ ਤੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਤਲਬ ਕੀਤਾ

### ਇੱਕ ਠੇਕੇਦਾਰ ਤੋਂ ਰਿਸ਼ਵਤ ਲੈ ਕੇ ਸਿੰਚਾਈ ਵਿਭਾਗ 'ਚ 1200 ਕਰੋੜ ਰੁਪਏ ਦਾ ਕੰਮ ਦੇਣ ਦਾ ਇਲਜ਼ਾਮ

ਲੁਧਿਆਣਾ/ਏ.ਟੀ.ਨਿਊਜ਼ :- ਪੰਜਾਬ ਦੇ 1200 ਕਰੋੜ ਦੇ ਸਿੰਚਾਈ ਘੁਟਾਲੇ ਵਿੱਚ ਵੱਡੀ ਕਾਰਵਾਈ ਦੀ ਤਿਆਰੀ ਹੈ। ਵਿਜੀਲੈਂਸ ਅਧਿਕਾਰੀਆਂ ਨੇ ਸਾਬਕਾ ਮੰਤਰੀ ਤੇ ਅਕਾਲੀ ਆਗੂ ਸ਼ਰਨਜੀਤ ਢਿੱਲੋਂ ਤੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਤਲਬ ਕੀਤਾ ਹੈ। 2007-2012 ਤੇ 2012-2017 ਦਰਮਿਆਨ ਅਕਾਲੀ ਸਰਕਾਰ ਵਿੱਚ ਸਿੰਚਾਈ ਮੰਤਰੀ ਰਹੇ ਸ਼ਰਨਜੀਤ ਸਿੰਘ ਢਿੱਲੋਂ ਤੇ ਜਨਮੇਜਾ ਸਿੰਘ ਸੇਖੋਂ ਇਸ ਘੁਟਾਲੇ ਦੇ ਮੁੱਖ ਮੁਲਜ਼ਮ ਮੰਨੇ ਜਾ ਰਹੇ ਹਨ।

ਵਿਜੀਲੈਂਸ ਨੇ ਇਸ ਮਾਮਲੇ ਵਿੱਚ ਸ਼ਰਨਜੀਤ ਸਿੰਘ ਢਿੱਲੋਂ ਤੇ ਜਨਮੇਜਾ ਸਿੰਘ ਸੇਖੋਂ ਦੇ ਨਾਲ-ਨਾਲ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਸਾਬਕਾ ਵਿਸ਼ੇਸ਼ ਮੁੱਖ ਸਕੱਤਰ ਕੇਬੀਐਸ ਸਿੱਧੂ ਤੇ ਸਾਬਕਾ ਸਕੱਤਰ ਕੇਐਸ ਪੰਨੂੰ ਖ਼ਿਲਾਫ਼ ਲੁੱਕਆਊਟ ਸਰਕੂਲਰ



ਜਾਰੀ ਕੀਤਾ ਗਿਆ ਹੈ। ਇਨ੍ਹਾਂ ਲੋਕਾਂ 'ਤੇ ਇੱਕ ਠੇਕੇਦਾਰ ਤੋਂ ਰਿਸ਼ਵਤ ਲੈ ਕੇ ਸਿੰਚਾਈ ਵਿਭਾਗ 'ਚ 1200 ਕਰੋੜ ਰੁਪਏ ਦਾ ਕੰਮ ਦੇਣ ਦਾ ਇਲਜ਼ਾਮ ਹੈ।ਇਸ ਮਾਮਲੇ ਦੇ ਮੁੱਖ ਮੁਲਜ਼ਮ ਠੇਕੇਦਾਰ ਗੁਰਿੰਦਰ ਸਿੰਘ ਨੇ ਹਲਫ਼ਨਾਮਾ ਦੇ ਕੇ ਕਿਹਾ ਸੀ ਕਿ ਸਿੰਚਾਈ ਘੁਟਾਲੇ ਵਿੱਚ 3 ਸਾਬਕਾ ਆਈਏਐਸ ਅਧਿਕਾਰੀ, 2 ਸਾਬਕਾ ਮੰਤਰੀ ਤੇ ਉਨ੍ਹਾਂ ਦੇ ਨਿੱਜੀ ਸਕੱਤਰ ਵੀ ਸ਼ਾਮਲ ਸਨ। ਵਿਜੀਲੈਂਸ ਬਿਊਰੋ ਨੇ ਇਹ ਬਿਆਨ ਅਗਸਤ 2017 ਵਿੱਚ ਦਰਜ ਕੀਤੇ ਗਏ ਸਨ। ਵਿਭਾਗੀ ਸੂਤਰਾਂ ਅਨੁਸਾਰ ਅੱਜ ਸ਼ਰਨਜੀਤ ਸਿੰਘ ਢਿੱਲੋਂ ਅਤੇ ਆਈ ਏ ਐਸ ਸਰਵੇਸ਼ ਕੌਸ਼ਲ ਤੋਂ ਵੀ ਹੁਣ ਪੁੱਛਗਿੱਛ ਕੀਤੀ ਜਾ ਰਹੀ ਹੈ। ਜਿਨ੍ਹਾਂ ਸਾਬਕਾ ਅਧਿਕਾਰੀਆਂ ਤੇ ਆਗੂਆਂ ਦੇ ਨਾਂ ਸਾਹਮਣੇ ਆਉਣਗੇ, ਉਨ੍ਹਾਂ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਜਾਵੇਗਾ।ਇਲਜ਼ਾਮ ਹੈ ਕਿ ਪੰਨੂ ਨੇ 10 ਸਾਲਾਂ ਵਿੱਚ ਕਰੋੜਾਂ ਰੁਪਏ ਦੇ ਟੈਂਡਰ ਗੁਰਿੰਦਰ ਸਿੰਘ ਦੀ ਕੰਪਨੀ ਨੂੰ ਮਨਜ਼ੂਰ ਕੀਤੇ। ਗੁਰਿੰਦਰ ਦੀ ਕੰਪਨੀ 2006 ਵਿੱਚ 4.75 ਕਰੋੜ ਰੁਪਏ ਦੀ ਸੀ, ਜੋ ਹੁਣ ਵਧ ਕੇ 300 ਕਰੋੜ ਰੁਪਏ ਹੋ ਗਈ ਹੈ।

# ਪੰਜਾਬ ਸਰਕਾਰ ਕਪੂਰਥਲਾ 'ਚ ਉਸਾਰੇਗੀ 428.69 ਕਰੋੜ ਦੀ ਲਾਗਤ ਵਾਲਾ ਮੈਡੀਕਲ ਕਾਲਜ ਤੇ 300 ਬੈੱਡ ਦਾ ਹਸਪਤਾਲ



ਕਪੂਰਥਲਾ/ਏ.ਟੀ.ਨਿਊਜ਼ :- ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਰਿਆਸਤੀ ਸ਼ਹਿਰ ਕਪੂਰਥਲਾ ਵਿਚ 20 ਏਕੜ ਰਕਬੇ ਵਿਚ 428.69 ਕਰੋੜ ਰੁਪਏ ਦੀ ਲਾਗਤ ਨਾਲ ਗੁਰੂ ਨਾਨਕ ਮੈਡੀਕਲ ਕਾਲਜ, ਅਤਿ ਆਧੁਨਿਕ ਸਹੂਲਤਾਂ ਵਾਲਾ ਹੋਸਟਲ ਤੇ 300 ਬੈੱਡ ਦਾ ਨਵਾਂ ਹਸਪਤਾਲ ਬਣਾਇਆ ਜਾਵੇਗਾ।ਇਹ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਮੈਡੀਕਲ ਕਾਲਜ ਵਾਲੀ ਜ਼ਮੀਨ ਤੇ 300 ਬੈੱਡ ਵਾਲੇ ਨਵੇਂ ਸਿਵਲ ਹਸਪਤਾਲ ਦੇ ਨਿਰਮਾਣ ਸਬੰਧੀ ਬਣਾਏ ਗਏ ਨਕਸ਼ਿਆਂ ਦੇ ਨਿਰੀਖਣ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜ ਦੀ ਉਸਾਰੀ 'ਤੇ 55 ਪ੍ਰਤੀਸ਼ਤ ਪੰਜਾਬ ਸਰਕਾਰ ਤੇ 45 ਪ੍ਰਤੀਸ਼ਤ ਰਕਮ ਕੇਂਦਰ ਸਰਕਾਰ ਵੱਲੋਂ ਖ਼ਰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ 10-12 ਮੰਜ਼ਿਲਾਂ ਹੋਵੇਗਾ ਜਿੱਥੇ ਮੈਡੀਕਲ ਕਾਲਜ ਦੇ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਅਭਿਆਸ ਵੀ ਕਰ ਸਕਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਮੈਡੀਕਲ ਕਾਲਜ ਕਪੂਰਥਲਾ, ਸੰਤ ਅਤਰ ਸਿੰਘ ਮਸਤੂਆਣਾ ਕਾਲਜ ਸੰਗਰੂਰ ਤੇ ਹੁਸ਼ਿਆਰਪੁਰ ਵਿਚ ਸ਼ਹੀਦ ਊਧਮ ਸਿੰਘ ਦੇ ਨਾਂ 'ਤੇ ਬਣਨ ਵਾਲੇ ਮੈਡੀਕਲ ਕਾਲਜ ਦੇ ਨਕਸ਼ੇ ਬਣਾਏ ਜਾ ਚੁੱਕੇ ਹਨ ਤੇ ਇਨ੍ਹਾਂ ਤਿੰਨਾਂ ਮੈਡੀਕਲ ਕਾਲਜਾਂ ਦੀ ਉਸਾਰੀ ਦਾ ਕੰਮ ਬਹੁਤ ਜਲਦ ਸ਼ੁਰੂ ਕੀਤਾ ਜਾਵੇਗਾ।

ਹੁਸ਼ਿਆਰਪੁਰ 'ਚ ਬਣਨ ਵਾਲੇ ਮੈਡੀਕਲ ਕਾਲਜ ਦੀ ਜਗ੍ਹਾ ਦਾ ਨਿਰੀਖਣ ਕਰਨ ਆਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਮੈਡੀਕਲ ਕਾਲਜ ਲਗਭਗ 23 ਏਕੜ ਰਕਬੇ ਵਿਚ ਬਣੇਗਾ ਤੇ ਇਸ ਪ੍ਰੋਜੈਕਟ ਦੀ (ਬਾਕੀ ਸਫ਼ਾ 29 'ਤੇ)

# ਕਮਲਜੀਤ ਬਰਾੜ ਨੂੰ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਬਿਆਨਬਾਜ਼ੀ ਕਾਰਨ ਕਾਂਗਰਸ 'ਚੋਂ ਕੱਢਿਆ

## ਪਾਰਟੀ ਵਿਚੋਂ ਕੱਢੇ ਜਾਣ ਮਗਰੋਂ ਰਾਜਾ ਵੜਿੰਗ 'ਤੇ ਵਰ੍ਹੇ ਕਮਲਜੀਤ ਬਰਾੜ

ਮੋਗਾ/ਏ.ਟੀ.ਨਿਊਜ਼ :- ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਜ਼ਿਲ੍ਹਾ ਇੰਚਾਰਜ ਬਣਾਏ ਗਏ ਕਮਲਜੀਤ ਸਿੰਘ ਬਰਾੜ ਨੂੰ ਸਿੱਖ ਆਗੂ ਅੰਮ੍ਰਿਤਪਾਲ ਸਿੰਘ ਦਾ ਸਮਰਥਨ ਕਰਨਾ ਤੇ ਰਾਜਾ ਵੜਿੰਗ ਖ਼ਿਲਾਫ਼ ਬਿਆਨ ਦੇਣਾ ਮਹਿੰਗਾ ਪਿਆ। ਪਾਰਟੀ ਇੰਚਾਰਜ ਹਰੀਸ਼ ਚੌਧਰੀ ਦੇ ਦਸਤਖ਼ਤਾਂ ਹੇਠ ਪੱਤਰ ਜਾਰੀ ਹੋਣ ਤੋਂ ਬਾਅਦ ਬਰਾੜ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਹੈ।





ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਵੀ ਪ੍ਰੈੱਸ ਕਾਨਫ਼ਰੰਸ ਰਾਹੀਂ ਕਮਲਜੀਤ ਸਿੰਘ ਬਰਾੜ ਨੂੰ ਅੰਮ੍ਰਿਤਪਾਲ ਸਿੰਘ ਦਾ ਸਮਰਥਨ ਕਰਨ ਲਈ ਚਿਤਾਵਨੀ ਵੀ ਦਿੱਤੀ ਸੀ ਪਰ ਉਦੋਂ ਕਮਲਜੀਤ ਸਿੰਘ ਬਰਾੜ ਨੇ ਕਿਹਾ ਸੀ ਕਿ ਪਾਰਟੀ ਵੱਖਰੀ ਹੈ, ਪੰਥ ਵੱਖਰਾ। ਪਾਰਟੀ ਵੱਲੋਂ ਵਾਰ-ਵਾਰ ਚਿਤਾਵਨੀਆਂ ਦੇਣ ਦੇ ਬਾਵਜੂਦ ਕਮਲਜੀਤ ਸਿੰਘ ਬਰਾੜ ਨੇ ਸਿੱਖ ਆਗੂ ਅੰਮ੍ਰਿਤਪਾਲ ਸਿੰਘ ਦਾ ਸਮਰਥਨ ਕਰਨਾ ਬੰਦ ਨਹੀਂ ਕੀਤਾ ਤਾਂ ਉਨ੍ਹਾਂ ਨੂੰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦਾ ਦੋਸ਼ੀ ਠਹਿਰਾਉਂਦੇ ਹੋਏ ਤੁਰੰਤ ਪ੍ਰਭਾਵ ਨਾਲ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਹਾਲਾਂਕਿ ਪਾਰਟੀ ਇੰਚਾਰਜ ਹਰੀਸ਼ ਚੌਧਰੀ ਵੱਲੋਂ ਜਾਰੀ ਪੱਤਰ ਵਿੱਚ ਤਕਨੀਕੀ ਕਮੀਆਂ ਹਨ। ਕਮਲਜੀਤ ਸਿੰਘ ਨੂੰ ਪਾਰਟੀ ਦਾ ਸਾਬਕਾ ਜ਼ਿਲ੍ਹਾ ਪ੍ਰਧਾਨ ਦੱਸਿਆ ਗਿਆ ਹੈ, ਜਦਕਿ ਉਹ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਨਹੀਂ ਹਨ। ਵਿਧਾਨ ਸਭਾ ਚੋਣਾਂ ਦੌਰਾਨ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਪਾਰਟੀ ਦਾ ਕੋਈ ਜ਼ਿਲ੍ਹਾ ਪ੍ਰਧਾਨ ਨਹੀਂ ਸੀ, ਉਨ੍ਹਾਂ ਨੂੰ ਤਤਕਾਲੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਜ਼ਿਲ੍ਹਾ ਇੰਚਾਰਜ ਬਣਾਇਆ ਸੀ। ਕਮਲਜੀਤ ਸਿੰਘ ਬਰਾੜ ਨੂੰ ਜ਼ਿਲ੍ਹਾ ਇੰਚਾਰਜ ਵੀ ਨਿਯੁਕਤ ਕੀਤਾ ਗਿਆ ਸੀ॥

ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪੱਖ ਵਿੱਚ ਡਟਣ ਕਰਕੇ ਪਾਰਟੀ ਵਿੱਚੋਂ ਕੱਢਣ ਮਗਰੋਂ ਮੋਗਾ ਜ਼ਿਲ੍ਹਾ (ਬਾਕੀ ਸਫ਼ਾ 29 'ਤੇ)

# ਨਾਭਾ ਜੇਲ੍ਹ ਵਿਚ ਨਸ਼ਿਆਂ ਕਾਰਨ 148 ਕੈਦੀ ਕਾਲੇ ਪੀਲੀਏ ਦੀ ਲਪੇਟ 'ਚ

ਨਾਭਾ/ਏ.ਟੀ.ਨਿਊਜ਼ :- ਨਾਭਾ ਦੀ ਨਵੀਂ ਜੇਲ੍ਹ ਵਿੱਚ ਨਜ਼ਰਬੰਦ ਕੈਦੀਆਂ ਦੀ ਕੀਤੀ ਜਾਵੇ ਤਾਂ ਜੇਲ੍ਹ ਦੇ 800 ਕੈਦੀਆਂ ਦੇ ਬਲੱਡ ਟੈਸਟ ਕੀਤੇ ਗਏ ਤਾਂ ਉਸ ਵਿਚੋਂ 148 ਕੈਦੀ ਹੈਪੇਟਾਈਟਿਸ-ਸੀ (ਕਾਲੇ ਪੀਲੀਏ) ਦੀ ਲਪੇਟ ਵਿੱਚ ਆ ਗਏ ਹਨ। ਇਸ ਮੌਕੇ ਤੇ ਸਰਕਾਰੀ ਹਸਪਤਾਲ ਦੀ ਸਹਾਇਕ ਐੱਸ.ਐੱਮ.ਓ ਪ੍ਰਦੀਪ ਅਰੋੜਾ ਨੇ ਦੱਸਿਆ ਕਿ ਜੋ ਇਹ ਕੈਦੀ ਹੈਪੇਟਾਈਟਿਸ ਸੀ ਨਾਲ 148 ਕੈਦੀ ਪੀੜਤ ਪਾਏ ਗਏ ਹਨ ਇਸ ਦਾ ਮੁੱਖ ਕਾਰਨ ਹੈ ਕਿ ਜੋ ਸਰਿੰਜਾਂ ਹਨ ਉਹ ਆਪਸ ਵਿੱਚ ਵਰਤਦੇ ਹਨ ਜਿਸ ਕਰਕੇ ਹੈਪੇਟਾਈਟਿਸ-3 ਬਿਮਾਰੀ ਦਾ ਮੁੱਖ ਕਾਰਨ ਹੈ। ਉਨ੍ਹਾਂ ਨੇ ਕਿਹਾ ਕਿ ਇਹ ਇਲਾਜ ਬਹੁਤ ਹੀ ਮਹਿੰਗਾ ਹੈ, ਅਸੀਂ ਇਸ ਸੰਬੰਧੀ ਜਾਗਰੂਕਤਾ ਕੈਂਪ ਵੀ ਲਗਾਵਾਂਗੇ ਤਾਂ ਜੋ ਇਸ ਬਿਮਾਰੀ ਦੀ ਰੋਕਥਾਮ ਹੋ ਸਕੇ।

### ਸੁਧੀਰ ਸੂਰੀ ਕਤਲ ਮਾਮਲੇ 'ਚ ਮਜੀਠੀਆ ਤੇ ਸੂਰੀ ਪਰਿਵਾਰ ਵਿਚਾਲੇ ਵਿਵਾਦ ਛਿੜਿਆ

# ਮਜੀਠੀਆ ਵੱਲੋਂ ਸ਼ਿਵ ਸੈਨਾ ਦੀ ਗੁੰਡਾਗਰਦੀ ਦਾ ਵਿਰੋਧ, ਕਿਹਾ ਕਿ ਸੁਧੀਰ ਸੂਰੀ ਦੇ ਕਤਲ ਨੂੰ ਨਾ ਦਿੱਤੀ ਜਾਵੇ ਹਿੰਦੂ-ਸਿੱਖ ਰੰਗਤ

## ਬਿਕਰਮ ਸਿੰਘ ਮਜੀਠੀਆ ਨਾ ਕਰਨ ਗੁੰਮਰਾਹ ਕਰਨ ਦੀ ਕੋਸ਼ਿਸ਼ : ਬ੍ਰਿਜ ਮੋਹਨ ਸੂਰੀ

ਅੰਮ੍ਰਿਤਸਰ/ਏ.ਟੀ.ਨਿਊਜ਼ :- 4 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਹੋਏ ਹਿੰਦੂ ਨੇਤਾ ਸੁਧੀਰ ਸੂਰੀ ਕਤਲ ਮਾਮਲੇ ਵਿਚ ਨਾਮਜ਼ਦ ਨੌਜਵਾਨ ਸੰਦੀਪ ਸਿੰਘ ਦੇ ਪਰਿਵਾਰ ਨੂੰ ਲੈ ਕੇ ਅੰਮ੍ਰਿਤਸਰ ਵਿਚ ਅਕਾਲੀ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਇਸ ਦੌਰਾਨ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਪਿਛਲੇ ਦਿਨੀਂ ਅੰਮ੍ਰਿਤਸਰ 'ਚ ਹੋਏ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਪੁਲਸ ਵੱਲੋਂ ਸੰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਾਮਲੇ ਤੇ ਸੰਦੀਪ ਸਿੰਘ ਕੋਲੋਂ ਪੁਲਿਸ ਪੁੱਛ-ਗਿੱਛ ਵੀ ਕਰ ਰਹੀ ਸੀ ਪਰ ਸੁਧੀਰ ਸੂਰੀ ਦੇ ਕੁਝ ਸਮਰਥਕਾਂ ਵੱਲੋਂ ਸੰਦੀਪ ਸਿੰਘ ਦੇ ਭਰਾ ਦੀ ਦੁਕਾਨ 'ਤੇ ਜਾ ਕੇ ਤੋੜ-ਫੋੜ ਕੀਤੀ ਗਈ ਅਤੇ ਉਨ੍ਹਾਂ ਦੀ ਦੁਕਾਨ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਗਈ,



ਜਿਸ ਦੀ ਸੀ ਸੀ ਟੀ ਵੀ ਵੀਡੀਓ ਵੀ ਪੁਲਿਸ ਕੋਲ ਹੈ ਅਤੇ ਦੁਕਾਨ 'ਤੇ ਮੌਜੂਦ ਕੰਮ ਕਰਨ ਵਾਲੇ ਨੌਜਵਾਨ ਨਾਲ ਵੀ ਸੂਰੀ ਦੇ ਸਮਰਥਕਾਂ ਵੱਲੋਂ ਕੁੱਟਮਾਰ ਕੀਤੀ ਗਈ। ਇਸ ਸਬੰਧੀ ਜਦੋਂ ਸੰਦੀਪ ਸਿੰਘ ਦੇ ਭਰਾ ਵੱਲੋਂ ਪੁਲਿਸ ਨੂੰ ਦਰਖ਼ਾਸਤ ਦਿੱਤੀ ਗਈ ਤਾਂ ਪੁਲਿਸ ਨੇ ਹੁਣ ਤੱਕ ਕਿਸੇ ਵੀ ਤਰੀਕੇ ਦੀ ਕਾਰਵਾਈ ਨਹੀਂ ਕੀਤੀ। ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਮਾਮਲੇ ਨੂੰ ਹਿੰਦੂ ਸਿੱਖ ਰੰਗਤ ਨਾ ਦਿੱਤੀ ਜਾਵੇ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਤੰਜ ਕੱਸਦੇ ਹੋਏ ਕਿਹਾ ਕਿ ਕੋਈ ਨਕਲੀ ਹਥਿਆਰ ਫੜਕੇ ਫ਼ੋਟੋ ਕਰਕੇ ਜੇਕਰ ਕੋਈ ਵੀਡੀਓ ਸੋਸ਼ਲ ਮੀਡੀਆ 'ਤੇ ਪਾਉਂਦਾ ਤਾਂ ਪੁਲਿਸ ਉਸ 'ਤੇ ਮਾਮਲਾ ਦਰਜ ਕਰ ਰਹੀ ਹੈ, ਜੋ ਅਸਲ 'ਚ ਹਥਿਆਰ ਲੈ ਕੇ ਦਗੜ-ਦਗੜ ਰਹੇ ਹਨ। ਉਨ੍ਹਾਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ, ਕਿ ਇਹ ਪੰਜਾਬ ਸਰਕਾਰ ਦਾ ਬਦਲਾਵ ਹੈ।

ਦੂਸਰੇ ਪਾਸੇ ਸ਼ਿਵ ਸੈਨਾ ਟਕਸਾਲੀ ਦੇ ਪ੍ਰਧਾਨ ਬ੍ਰਿਜ ਮੋਹਨ ਸੂਰੀ ਨੇ ਕਿਹਾ ਹੈ, 'ਬਿਕਰਮ ਮਜੀਠੀਆ (ਬਾਕੀ ਸਫ਼ਾ 29 'ਤੇ)

# ਪ੍ਰਿਅੰਕਾ ਗਾਂਧੀ ਨੇ ਜੇਲ੍ਹ 'ਚ ਬੰਦ ਨਵਜੋਤ ਸਿੱਧੂ ਨੂੰ ਭੇਜੀ ਚਿੱਠੀ

## ਭਵਿੱਖ 'ਚ ਵੱਡੀ ਜ਼ਿੰਮੇਵਾਰੀ ਮਿਲਣ ਦੀ ਸੰਭਾਵਨਾ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਵਿਧਾਇਕ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਜੇਲ੍ਹ ਵਿਚ ਚਿੱਠੀ ਭੇਜੀ ਹੈ। ਸੂਤਰਾਂ ਮੁਤਾਬਿਕ ਸਿੱਧੂ ਦੀ ਸਜ਼ਾ ਖ਼ਤਮ ਹੋਣ ਮਗਰੋਂ ਭਵਿੱਖ ਵਿਚ ਕੋਈ ਵੱਡੀ ਜ਼ਿੰਮੇਵਾਰੀ ਦੇ ਸਕਦੀ ਹੈ। ਦਰਅਸਲ, ਰੋਡ ਰੇਜ਼ ਦੇ 34 ਵਰ੍ਹੇ ਪੁਰਾਣੇ ਮਾਮਲੇ ਵਿਚ ਸਿੱਧੂ ਸਾਲ ਦੀ ਕੈਦ ਕੱਟ ਰਹੇ ਹਨ ਤੇ ਇਸ ਸਮੇਂ ਪਟਿਆਲਾ ਜੇਲ੍ਹ ਵਿਚ ਬੰਦ ਹਨ। ਸਿੱਧੂ ਮਈ-2022 ਵਿਚ ਜੇਲ੍ਹ ਗਏ ਸਨ ਤੇ ਉਹ 6 ਮਹੀਨੇ ਦੀ ਸਜ਼ਾ ਕੱਟ ਚੁੱਕੇ ਹਨ। ਮਈ 2023 ਵਿਚ ਸਜ਼ਾ ਦੀ ਮਿਆਦ ਮੁਕੰਮਲ ਹੋ ਜਾਵੇਗੀ।ਯਾਦ ਰਹੇ ਇਸੇ ਸਾਲ ਫਰਵਰੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਸਿੱਧੂ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾ ਪ੍ਰਧਾਨ ਸਨ। ਹਾਲਾਂਕਿ ਕਾਂਗਰਸ ਨੇ ਉਨ੍ਹਾਂ ਦੀ ਥਾਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾ ਕੇ ਚੋਣ ਲੜੀ ਸੀ। ਇਸੇ ਕਾਰਨ ਸਿੱਧੂ ਤੇ ਚੰਨੀ ਵਿਚ ਮਤਭੇਦ ਵੀ ਰਹੇ। ਵਿਧਾਨ ਸਭਾ ਚੋਣਾਂ ਮੌਕੇ ਚੰਨੀ ਦੋ ਹਲਕਿਆਂ ਤੋਂ ਲੜੇ ਸਨ ਪਰ ਦੋਵੀਂ ਥਾਈਂ ਹਾਰ ਪੱਲੇ ਪਈ ਸੀ। ਸਿੱਧੂ ਨੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਚੋਣ ਲੜੀ ਜਦਕਿ 'ਆਪ' ਦੀ ਉਮੀਦਵਾਰ ਤੋਂ ਚੋਣ ਹਾਰ ਗਏ ਸਨ। ਹੁਣ ਸਿੱਧੂ ਨੂੰ ਪ੍ਰਿਅੰਕਾ ਵੱਲੋਂ ਭੇਜੀ ਗਈ ਚਿੱਠੀ ਕਾਰਨ ਨਵੀਂ ਚਰਚਾ ਚੱਲ ਪਈ ਹੈ।



# ਦਿੱਲੀ ਦੇ ਸਿੱਖ ਨਗਰ ਨਿਗਮ ਚੋਣਾਂ ਵਿਚ ਭਾਜਪਾ ਦੀ ਕਰਨਗੇ ਮਦਦ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਐਲਾਨ

ਨਵੀਂ ਦਿੱਲੀ/ਏ.ਟੀ.ਨਿਊਜ਼ :- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਐਲਾਨ ਕੀਤਾ ਹੈ ਕਿ ਦਿੱਲੀ ਵਿਚ ਸਮੁੱਚਾ ਸਿੱਖ ਭਾਈਚਾਰਾ ਨਗਰ ਨਿਗਮ ਚੋਣਾਂ ਵਿਚ ਭਾਜਪਾ ਦੀ ਡਟਵੀਂ ਹਮਾਇਤ ਕਰੇਗਾ ਕਿਉਂਕਿ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਸਿੱਖ ਭਾਈਚਾਰੇ ਨੂੰ ਹਮੇਸ਼ਾ ਵਡਮੁੱਲਾ ਸਹਿਯੋਗ ਦਿੱਤਾ ਹੈ। ਇਸ ਮੌਕੇ ਭਾਜਪਾ ਦੇ ਦਿੱਲੀ ਦੇ ਪ੍ਰਧਾਨ ਆਦੇਸ਼ ਗੁਪਤਾ, ਲੋਕ ਸਭਾ ਐੱਮ. ਪੀ. ਪ੍ਰਵੇਜ਼ ਸਾਹਿਬ ਸਿੰਘ ਵਰਮਾ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ, ਭਾਜਪਾ ਦੇ ਮੀਤ ਪ੍ਰਧਾਨ ਰਾਜੀਵ ਬੱਬਰ, ਹਰੀਸ਼ ਖੁਰਾਣਾ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਸਾਡਾ ਸਭ ਦਾ ਇਕ ਮੰਚ 'ਤੇ ਇਕੱਠੇ ਹੋਣ ਦਾ ਮਕਸਦ ਨਗਰ ਨਿਗਮ ਚੋਣਾਂ 'ਵਿਚ ਭਾਜਪਾ ਦੀ ਜਿੱਤ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੰਮਾਂ ਨੂੰ





ਸੁਚਾਰੂ ਰੂਪ ਵਿਚ ਨੇਪਰੇ ਚੜ੍ਹਾਉਣ ਵਿਚ ਵਡਮੁੱਲਾ ਸਹਿਯੋਗ ਦੇ ਰਹੀ ਹੈ, ਉੱਥੇ ਹੀ ਇਸ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਸਮੇਤ ਅਜਿਹੇ ਇਤਿਹਾਸਕ ਕਾਰਜ ਕੀਤੇ ਹਨ, ਜੋ ਪਿਛਲੇ 70 ਸਾਲਾਂ ਵਿਚ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਲਾਂਘਾ ਖੋਲ੍ਹਣ ਨੇ ਜਿੱਥੇ ਸਿੱਖਾਂ ਦੀ 70 ਸਾਲਾਂ ਤੋਂ ਪਾਕਿਸਤਾਨ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਅਰਦਾਸ ਪੂਰੀ ਹੋਈ, ਉੱਥੇ ਹੀ ਮੋਦੀ ਸਰਕਾਰ ਨੇ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਉਸੇ ਲਾਲ ਕਿਲ੍ਹੇ 'ਤੇ ਮਨਾਇਆ, ਜਿੱਥੇ 350 ਸਾਲ ਪਹਿਲਾਂ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮਨਜਿੰਦਰ ਸਿੰਘ ਸਿਰਸਾ ਨੇ ਜੋ ਮੁੱਦਾ ਚੁੱਕਿਆ ਤੇ ਪ੍ਰਵੇਜ਼ ਸਾਹਿਬ ਸਿੰਘ ਵਰਮਾ ਨੇ ਜਿਸ ਵਿਚ ਵੱਡਾ ਸਹਿਯੋਗ ਦਿੱਤਾ, ਪ੍ਰਧਾਨ ਮੰਤਰੀ ਨੇ ਉਸ ਨੂੰ ਸਵੀਕਾਰ ਕਰ ਕੇ ਹਰ ਸਾਲ 26 ਨਵੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ, ਜੋ ਆਪਣੇ ਆਪ ਵਿਚ ਬਹੁਤ ਇਤਿਹਾਸ ਫ਼ੈਸਲਾ ਹੈ, ਜਿਸ ਸਦਕਾ ਸਾਰੇ ਦੇਸ਼ ਤੇ ਦੁਨੀਆ ਦੇ ਬੱਚੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਬਹਾਦਰੀ ਭਰੇ ਇਤਿਹਾਸ ਤੋਂ ਜਾਣੂ ਹੋਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਕੋਰੋਨਾ ਕਾਲ ਵਿਚ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਵਿਦੇਸ਼ਾਂ ਤੋਂ ਫ਼ੰਡ ਪ੍ਰਾਪਤ ਕਰਨ ਲਈ ਐੱਫ. ਸੀ. ਆਰ. ਏ. ਤਹਿਤ ਮਨਜ਼ੂਰੀ ਇਕ ਹਫ਼ਤੇ ਦੇ ਰਿਕਾਰਡ ਸਮੇਂ ਵਿਚ ਦਿੱਤੀ, ਜਿਸ ਸਦਕਾ ਵਿਦੇਸ਼ਾਂ ਵਿਚ ਬੈਠੀਆਂ ਸਿੱਖ ਸੰਗਤਾਂ ਤੇ ਹੋਰ ਸਹਿਯੋਗੀਆਂ ਨੇ ਕਰੋੜਾਂ ਰੁਪਏ ਭੇਜੇ, ਜਿਨ੍ਹਾਂ ਦੀ ਬਦੌਲਤ ਦਿੱਲੀ ਗੁਰਦੁਆਰਾ ਕਮੇਟੀ ਨੇ ਕੋਰੋਨਾ ਕਾਲ 'ਚ ਰੋਜ਼ਾਨਾ 2 ਲੱਖ ਤੋਂ ਜ਼ਿਆਦਾ ਲੋਕਾਂ ਨੂੰ ਭੋਜਨ ਛਕਾਇਆ ਤੇ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ। ਜਿਸ ਦੇ ਬਦਲੇ ਦਿੱਲੀ ਪੁਲਿਸ ਨੇ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਸਾਇਰਨ ਸਲੂਟ ਦੇ ਕੇ ਇਤਿਹਾਸਕ ਕਾਰਜ ਕੀਤਾ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਸੀ. ਏ. ਏ. ਐਕਟ ਜਦੋਂ ਲਿਆਂਦਾ ਗਿਆ ਸੀ ਤਾਂ ਸਾਡੀ ਬੇਨਤੀ 'ਤੇ ਤੱਤਕਾਲੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਵਿਚ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸਿੱਖਾਂ ਦੇ ਨਾਵਾਂ ਦੀ ਵੀ ਸ਼ਮੂਲੀਅਤ ਕਰਵਾਈ। ਐੱਚ. ਆਰ. ਡੀ. ਮੰਤਰੀ ਵਜੋਂ (ਬਾਕੀ ਸਫ਼ਾ 29 'ਤੇ)

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## ਸ੍ਰੀ ਗੁਰੂ ਤੇ.ਗ ਬਹਾਦਰ ਜੀ ਨੇ ਬੇਇਨਸਾਫ਼ੀ ਖ਼ਿਲਾਫ਼ ਲੜਨਾ ਸਿਖਾਇਆ : ਮੋਦੀ

ਨਵੀਂ ਦਿੱਲੀ- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਸ਼ੁਰੂ ਹੋ ਕੇ ਚਾਂਦਨੀ ਚੌਕ, ਨਵੀਂ ਸੜਕ, ਚਾਵੜੀ ਬਾਜ਼ਾਰ, ਹੌਜ ਕਾਜੀ, ਅਜਮੇਰੀ ਗੇਟ, ਪਹਾੜਗੰਜ, ਦੇਸ਼ ਬੰਧੂ ਗੁਪਤਾ ਰੋਡ, ਚੂਨਾ ਮੰਡੀ, ਪੰਚਕੂਈਆਂ ਰੋਡ, ਗੁਰਦੁਆਰਾ ਬੰਗਲਾ ਸਾਹਿਬ ਰੋਡ, ਗੋਲ ਡਾਕਖ਼ਾਨਾ, ਗੁਰਦੁਆਰਾ ਬੰਗਲਾ ਸਾਹਿਬ ਅਤੇ ਪੰਡਿਤ ਪੰਤ ਮਾਰਗ ਤੋਂ ਹੁੰਦਾ ਹੋਇਆ ਦੇਰ ਸ਼ਾਮ ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਪੁੱਜਾ। ਨਗਰ ਕੀਰਤਨ 'ਚ ਕੀਰਤਨੀ ਜਥੇ, ਗਤਕਾ ਅਖਾੜੇ ਤੇ ਸਕੂਲੀ ਬੱਚਿਆਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।



### ਪ੍ਰਧਾਨ ਮੰਤਰੀ ਵੱਲੋਂ ਸੰਦੇਸ਼

ਸ੍ਰੀ ਗੁਰੂ ਤੇ.ਗ ਬਹਾਦਰ ਜੀ ਨੇ ਜ਼ੁਲਮ ਅਤੇ ਅਨਿਆਂ ਦੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇ.ਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕਰਦਿਆਂ ਉਕਤ ਵਿਚਾਰ ਪ੍ਰਗਟਾਏ। ਪ੍ਰਧਾਨ ਮੰਤਰੀ ਨੇ ਸ਼੍ਰੀ ਗੁਰੂ ਤੇ.ਗ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਟਵਿੱਟਰ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬੇਜੋੜ ਹਿੰਮਤ ਅਤੇ ਸਿਧਾਂਤਾਂ ਦੇ ਨਾਲ-ਨਾਲ ਆਦਰਸ਼ਾਂ ਦੇ ਪ੍ਰਤੀ ਅਟੁੱਟ ਵਚਨਬੱਧਤਾ ਦੇ ਲਈ ਉਨ੍ਹਾਂ ਨੂੰ ਦੁਨੀਆ ਭਰ 'ਚ ਸਲਾਹਿਆ ਜਾਂਦਾ ਹੈ।

### ਸਾਨੂੰ ਸਿੱਖ ਧਰਮ ਉੱਪਰ ਮਾਣ : ਯੋਗੀ

ਗੋਰਖਪੁਰ : ਸ਼ਹੀਦੀ ਦਿਹਾੜੇ 'ਤੇ ਸ੍ਰੀ ਗੁਰੂ ਤੇ.ਗ ਬਹਾਦਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਕਿਹਾ ਕਿ ਪਵਿੱਤਰ ਸਿੱਖ ਪਰੰਪਰਾ ਸਾਨੂੰ ਧਰਮ, ਸਭਿਆਚਾਰ ਅਤੇ ਕੌਮ ਦੀ ਰੱਖਿਆ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਤੇ.ਗ ਬਹਾਦਰ ਜੀ ਦੇ 337ਵੇਂ ਸ਼ਹੀਦੀ ਦਿਹਾੜੇ ਮੌਕੇ ਜਟਾਸ਼ੰਕਰ ਗੁਰਦੁਆਰੇ ਵਿਚ ਕਰਵਾਏ ਸਮਾਗਮ ਮੌਕੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਰੰਪਰਾ ਨੂੰ ਧਾਰਨ ਕਰ ਕੇ ਅਸੀਂ ਰਾਸ਼ਟਰ ਅਤੇ ਆਪਣੇ ਸਮਾਜ ਨੂੰ ਅੱਗੇ ਲਿਜਾਣ ਵਿਚ ਯੋਗਦਾਨ ਦੇ ਸਕਦੇ ਹਾਂ।

## ਸਚੋ ਸੱਚ ਦਸ ਵੇ ਜੋਗੀਆ

# ਡਰੱਗ ਮਾਫ਼ੀਆ, ਗੈਂਗਸਟਰਾਂ ਤੇ ਨਾਜਾਇਜ਼ ਅਸਲੇ ਨੂੰ ਕੰਟਰੋਲ ਨਾ ਕਰ ਸਕੀ ਪੰਜਾਬ ਪੁਲਿਸ

## ਡਰੇ ਲੋਕਾਂ ਨੇ ਪੇਟੀਆਂ, ਸੰਦੂਕਾਂ ਵਿਚ ਛੁਪਾਇਆ ਅਸਲਾ, ਪੰਜਾਬੀਆਂ ਵਿਚ ਆਪ ਸਰਕਾਰ ਦਾ ਵਿਰੋਧ ਵਧਿਆ

ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਬੂ ਹੇਠ ਰੱਖਣ, ਨਸ਼ਾ-ਤਸਕਰੀ ਨੂੰ ਰੋਕਣ ਅਤੇ ਗੈਂਗਸਟਰਾਂ ਦਾ ਸਾਹਮਣਾ ਕਰਨ ਲਈ ਪੰਜਾਬ ਪੁਲਿਸ ਨੂੰ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਪਰ ਉਹ ਇਸ ਨਾਲ ਨਿਪਟਣ ਦੀ ਥਾਂ ਲੋਕਾਂ ਦੀ ਜ਼ਿੰਦਗੀ ਵਿਚ ਛਾਪੇਮਾਰੀ ਕਰਕੇ ਰਵਾਇਤੀ ਸ਼ਸਤਰ ਬਰਾਮਦ ਕਰਕੇ ਤੇ ਲਾਇਸੰਸੀ ਹਥਿਆਰ ਕੈਂਸਲ ਕਰਕੇ ਆਪਣੀ ਨਾਲਾਇਕੀ ਤੇ ਲੋਕ ਵਿਰੋਧੀ ਨੀਤੀ ਦਾ ਸਬੂਤ ਦੇ ਰਹੀ ਹੈ। ਪੰਜਾਬ ਵਿਚ ਗੰਨ ਕਲਚਰ, ਅਸਲਾ ਸਿੰਬਲ ਨੂੰ ਖ਼ਤਮ ਕਰਨ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸੇ ਮਹੀਨੇ ਸ਼ੁਰੂ ਕੀਤੀ ਅਸਲ੍ਹਾ ਲਾਇਸੰਸ ਸਮੀਖਿਆ ਅਤੇ ਕਿਸੇ ਵੀ ਤਰ੍ਹਾਂ ਅਸਲੇ ਦਾ ਵਿਖਾਵਾ ਕਰਨ ਵਾਲਿਆਂ ਖ਼ਿਲਾਫ਼ ਮੁਕੱਦਮੇ ਦਰਜ ਕਰਨ ਦੀ ਪੁਲਿਸ ਕਾਰਵਾਈ ਬੁਰੀ ਤਰ੍ਹਾਂ ਸਵਾਲਾਂ ਦੇ ਘੇਰੇ ਵਿਚ ਹੈ । ਜੇਕਰ ਇਸ ਸੰਦਰਭ ’ਚ ਗੱਲ ਕੀਤੀ ਜਾਵੇ ਤਾਂ ਠੋਸ ਕਾਰਨਾਂ ਦੀ ਪੜਤਾਲ ਕਰਕੇ ਸਵੈ-ਰੱਖਿਆ ਲਈ ਆਮ ਲੋਕ, ਵਪਾਰੀ ਵਰਗ, ਸੰਘਣੀ ਵਸੋਂ ਤੋਂ ਦੂਰ ਢਾਣੀਆਂ, ਖੇਤਾਂ ਵਿਚ ਰਹਿੰਦੇ ਲੋਕ ਜ਼ਿਲ੍ਹਾ ਮੈਜਿਸਟ੍ਰੇਟ ਜਾਂ ਪੁਲਿਸ ਕਮਿਸ਼ਨਰ ਵੱਲੋਂ ਜਾਰੀ ਅਸਲਾ ਲਾਇਸੰਸ ਰਾਹੀਂ ਪ੍ਰਾਪਤ ਕੀਤੇ ਅਸਲ੍ਹੇ ਨੂੰ ਸਰਕਾਰੀ ਸਹਿਮ ਨਾਲ ਆਪਣੀਆਂ ਪੇਟੀਆਂ, ਸੰਦੂਕਾਂ, ਅਲਮਾਰੀਆਂ ਵਿਚ ਛੁਪਾ ਤਾਂ ਰਹੇ ਹਨ ਪ੍ਰੰਤੂ ਦੂਜੇ ਪਾਸੇ ਉਨ੍ਹਾਂ ਦੇ ਮਨ ’ਚ ਇਸ ਗੱਲ ਦਾ ਵੀ ਵੱਡਾ ਸਹਿਮ ਜਾਂ ਡਰ ਹੈ ਕਿ ਘਰ ਵਿਚ ਅਸਲ੍ਹਾ ਹੋਣ ਦੇ ਬਾਵਜੂਦ ਕਿਧਰੇ ਸਰਕਾਰ ਦੇ ਇਹ ਲਟਕਵੇਂ ਹੁਕਮਾਂ ਦਾ ਵੱਡਾ ਲਾਹਾ ਠੱਗ-ਲੁਟੇਰੇ ਜਾਂ ਅਪਰਾਧੀ ਲੋਕ ਸਾਡਾ ਜਾਨੀ-ਮਾਲੀ ਨੁਕਸਾਨ ਕਰਕੇ ਨਾ ਉਠਾ ਲੈਣ ।ਏਨਾ ਹੀ ਨਹੀਂ ਪੰਜਾਬ ਅੰਦਰ ਲਾਇਸੰਸੀ ਹਥਿਆਰਾਂ ਨਾਲ ਹੁੰਦੀਆਂ ਘਟਨਾਵਾਂ ਦੀ ਗਿਣਤੀ ਕੋਈ ਖ਼ਾਸ ਨਹੀਂ ਹੋ ਸਕਦੀ ਪ੍ਰੰਤੂ ਬਹੁਤੀਆਂ ਜਾਨਲੇਵਾ ਘਟਨਾਵਾਂ




ਨਾਜਾਇਜ਼ ਹਥਿਆਰਾਂ ਨਾਲ ਹੀ ਵਾਪਰਦੀਆਂ ਹਨ। ਇਸ ਸਾਰੇ ਘਟਨਾਕ੍ਰਮ ਵਿਚ ਹੁਣ ਤੱਕ ਪੁਲਿਸ ਵੱਲੋਂ ਦਰਜ ਮਾਮਲਿਆਂ ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਸਰਕਾਰ, ਪੁਲਿਸ ਪ੍ਰਸ਼ਾਸਨ ’ਤੇ ਚੁੱਕੇ ਕਈ ਤਰ੍ਹਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਵਿਚ ਅਸਮਰਥ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਸਲਾ ਸਮੀਖਿਆ ਪ੍ਰਣਾਲੀ ਨੂੰ ਮੁੜ ਨਵਾਂ ਰੂਪ ਦੇਣ ਲਈ 72 ਘੰਟਿਆਂ ਦਾ ਦਿੱਤਾ ਗਿਆ ਸਮਾਂ ਸਰਕਾਰ ਵੱਲੋਂ ਲਏ ਜਾਣ ਵਾਲੇ ਫ਼ੈਸਲਿਆਂ ਸਬੰਧੀ ਕੋਈ ਅਗਾਊਂ ਵਿਉਂਤਬੰਦੀ ਨਾ ਹੋਣ ਦੀ ਪੁਸ਼ਟੀ ਕਰਦਾ ਹੈ। ਇਸ ਘਟਨਾਕ੍ਰਮ ਵਿਚ ਜਿੱਥੇ ਕੁਝ ਧਾਰਮਿਕ, ਸਮਾਜਿਕ ਤੇ ਵਿਰੋਧੀ ਰਾਜਸੀ ਧਿਰਾਂ ਵੱਲੋਂ ਸਰਕਾਰ ਦੀ ਆਲੋਚਨਾ ਕੀਤੀ ਜਾ ਰਹੀ ਹੈ ਉੱਥੇ ਇਹ ਵੀ ਕਿਹਾ ਕਿ ਪ੍ਰਮਾਣਿਤ ਅਸਲਾ ਧਾਰਕਾਂ ਦੀ ਬਜਾਏ ਦੂਜੇ ਰਾਜਾਂ, ਗੁਆਂਢੀ ਦੇਸ਼ ਤੋਂ ਨਾਜਾਇਜ਼ ਅਸਲਾ ਪ੍ਰਾਪਤ ਕਰਕੇ ਵੱਡੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਵੱਡੇ ਅਪਰਾਧੀਆਂ ਦਾ ਖੁਰਾ ਖੋਜ ਲੱਭਣ ਦੀ ਲੋੜ ਹੈ।

ਪੁਲਿਸ ਦੇ ਅੰਦਰ ਕੁਝ ਅਜਿਹੀਆਂ ਕਾਲੀਆਂ ਭੇਡਾਂ ਮੌਜੂਦ ਹਨ ਜੋ ਉਸ ਦਾ ਅਕਸ ਖ਼ਰਾਬ ਕਰ ਰਹੀਆਂ ਹਨ ਤੇ ਜੁਰਮਾਂ ਨੂੰ ਵਧਾਉਣ ਦਾ ਵੀ ਕਾਰਨ ਬਣ ਰਹੀਆਂ ਹਨ। ਉਸ ਦੇ ਆਪਣੇ ਸੀਨੀਅਰ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੇ ਖ਼ੁਦ ਵੱਖ-ਵੱਖ ਜੁਰਮਾਂ ਵਿਚ ਸ਼ਾਮਿਲ ਹੋਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਅਕਤੂਬਰ ਮਹੀਨੇ ਵਿਚ ਪੰਜਾਬ ਵਿਜੀਲੈਂਸ ਵੱਲੋਂ ਆਪਣੇ ਹੀ ਇਕ ਏ.ਆਈ.ਜੀ. ਅਸ਼ੀਸ਼ ਕਪੂਰ ਨੂੰ ਕੁਰੂਕਸ਼ੇਤਰ ਦੀ ਇਕ ਔਰਤ ਅਤੇ ਉਸ ਦੇ ਪਰਿਵਾਰ ਨੂੰ ਧੋਖਾਧੜੀ ਦੇ ਇਕ ਕੇਸ ਵਿਚੋਂ ਰਾਹਤ ਦੇਣ ਦਾ ਵਾਅਦਾ ਕਰ ਕੇ ਉਸ ਤੋਂ ਇਕ ਕਰੋੜ ਰੁਪਏ ਵਸੂਲਣ ਅਤੇ ਬਾਅਦ ਵਿਚ ਉਸ ਨਾਲ ਨਜ਼ਰਬੰਦੀ ਦੌਰਾਨ ਬਲਾਤਕਾਰ ਕਰਨ ਆਦਿ ਦੇ ਗੰਭੀਰ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਅਧਿਕਾਰੀ ’ਤੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਸੰਬੰਧੀ ਵੀ ਕੇਸ ਦਰਜ ਕੀਤਾ ਗਿਆ ਹੈ। ਹੁਣ ਪੁਲਿਸ ਸ਼ਿਕਾਇਤ ਅਥਾਰਿਟੀ (ਸੀ.ਆਈ.ਏ.) ਨੇ ਉਪਰੋਕਤ ਅਧਿਕਾਰੀ ਨੂੰ ਕਲੀਨ ਚਿੱਟ ਦੇਣ ਵਾਲੇ ਪੰਜਾਬ ਪੁਲਿਸ ਦੇ ਤਿੰਨ ਹੋਰ ਸੀਨੀਅਰ ਅਧਿਕਾਰੀਆਂ ਖ਼ਿਲਾਫ਼ ਵੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਉਹ ਪੁਲਿਸ ਅਧਿਕਾਰੀ ਇਸ ਸਮੇਂ ਪਟਿਆਲਾ ਜੇਲ੍ਹ ਵਿਚ ਬੰਦ ਹੈ।

ਪਿਛਲੇ ਦਿਨੀਂ ਕਈ ਹੋਰ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਵੱਲੋਂ ਵੀ ਜੁਰਮਾਂ ਵਿਚ ਸ਼ਾਮਿਲ ਹੋਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਹ ਗੱਲ ਹੁਣ ਜੱਗ ਜ਼ਾਹਰ ਹੈ ਕਿ ਮਾਨਸਾ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਪ੍ਰਿਤਪਾਲ ਸਿੰਘ ਨੇ ਮੂਸੇਵਾਲਾ ਕਤਲ ਕੇਸ ਨਾਲ ਸੰਬੰਧਿਤ ਇਕ ਗੈਂਗਸਟਰ ਦੀਪਕ ਟੀਨੂੰ ਨੂੰ ਭਜਾਉਣ ਵਿਚ ਮਦਦ ਕੀਤੀ ਸੀ। ਇਸੇ ਤਰ੍ਹਾਂ ਫ਼ਿਰੋਜ਼ਪੁਰ ਜੇਲ੍ਹ ਦੇ ਡਿਪਟੀ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਵੱਲੋਂ ਜੇਲ੍ਹ ਵਿਚ ਗੈਂਗਸਟਰਾਂ ਅਤੇ ਹੋਰ ਦੋਸ਼ਾਂ ਵਿਚ ਨਜ਼ਰਬੰਦ ਮੁਜਰਿਮਾਂ ਨੂੰ ਨਸ਼ੇ ਅਤੇ ਮੋਬਾਈਲ ਫ਼ੋਨ ਮੁਹੱਈਆ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇੱਥੇ ਹੀ ਬਸ ਨਹੀਂ ਲੁਧਿਆਣੇ ਦੇ ਇਕ ਸਹਾਇਕ ਐਸ.ਐਚ.ਓ. ਹਰਜਿੰਦਰ ਕੁਮਾਰ ਨੂੰ ਵੀ ਪਿਛਲੇ ਦਿਨੀਂ 11 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦੇ ਨਾਲ ਮਿਲ ਕੇ ਕੰਮ ਕਰਨ ਵਾਲੇ ਜ਼ਿਲ੍ਹਾ ਜਲੰਧਰ ਦੇ ਇਕ ਪਿੰਡ ਦੇ ਦੋ ਹੋਰ ਦੋਸ਼ੀਆਂ ਤੋਂ ਵੀ 846 ਗ੍ਰਾਮ ਹੈਰੋਇਨ ਫੜੀ ਗਈ ਸੀ।

ਇਹ ਤਾਂ ਕੁਝ ਉਦਾਹਰਨਾਂ ਹਨ ਜਿਨ੍ਹਾਂ ਵਿਚ ਪੁਲਿਸ ਦੇ ਸੀਨੀਅਰ ਅਤੇ ਜੂਨੀਅਰ ਅਧਿਕਾਰੀ ਅਤੇ ਮੁਲਾਜ਼ਮ ਵੱਖ-ਵੱਖ ਕੇਸਾਂ ਵਿਚ ਫੜੇ ਗਏ ਹਨ। ਬਹੁਤ ਸਾਰੇ ਅਜਿਹੇ ਮਾਮਲੇ ਦੱਬੇ ਹੀ ਰਹਿ ਜਾਂਦੇ ਹਨ। ਇਹ ਗੱਲ ਵੀ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪੁਲਿਸ ਵਿਚ ਵੱਡੀ ਪੱਧਰ ’ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਣ ਪੰਜਾਬ ਵਿਚ ਗੈਂਗਸਟਰ ਤੇ ਡਰੱਗ ਮਾਫ਼ੀਆ ਬੁਰੀ ਤਰਾਂ ਸਰਗਰਮ ਹੈ। ਚੋਰੀਆਂ, ਡਾਕੇ, ਗੈਰ-ਕਨੂੰਨੀ ਅਸਲਾ ਆਮ ਗੱਲਾਂ ਹੋ ਗਈਆਂ ਹਨ। ਬਹੁਤ ਸਾਰੇ ਵੱਖ-ਵੱਖ ਕਿਸਮ ਦੇ ਅਪਰਾਧੀਆਂ ਅਤੇ ਮਾਫ਼ੀਆ ਗਰੋਹਾਂ ਨਾਲ ਪੁਲਿਸ ਦੀ ਮਿਲੀ-ਭੁਗਤ ਦੇ ਮਾਮਲੇ ਵੀ ਵਾਰ-ਵਾਰ ਸਾਹਮਣੇ ਆਉਂਦੇ ਰਹਿੰਦੇ ਹਨ।

ਲੋੜ ਇਸ ਗੱਲ ਦੀ ਹੈ ਕਿ ਜੇਕਰ ਪੰਜਾਬ ਪੁਲਿਸ ਆਪਣਾ ਅਕਸ ਬਿਹਤਰ ਬਣਾਉਣਾ ਚਾਹੁੰਦੀ ਹੈ ਤਾਂ ਉਹ ਉੱਪਰ ਤੋਂ ਲੈ ਕੇ ਹੇਠਾਂ ਤੱਕ ਵੱਡੀ ਪੱਧਰ ’ਤੇ ਪੁਲਿਸ ਦੀ ਸਕ੍ਰੀਨਿੰਗ ਕਰੇ। ਜਿਹੜੇ ਪੁਲਿਸ ਅਧਿਕਾਰੀ ਜਾਇਜ਼-ਨਾਜਾਇਜ਼ ਕੰਮ ਕਰ ਕੇ ਧੰਨ-ਦੌਲਤ ਇਕੱਠੀ ਕਰ ਰਹੇ ਹਨ ਜਾਂ ਲੋਕਾਂ ਨਾਲ ਜ਼ਿਆਦਤੀਆਂ ਕਰ ਰਹੇ ਹਨ, ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਿਹੜੇ ਪੁਲਿਸ ਅਧਿਕਾਰੀ ਨਸ਼ਿਆਂ ਦੀ ਤਸਕਰੀ ਕਰਨ ਵਾਲਿਆਂ ਅਤੇ ਗੈਂਗਸਟਰਾਂ ਨਾਲ ਮਿਲੀ ਭੁਗਤ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਮੋਬਾਈਲ ਫ਼ੋਨ ਅਤੇ ਨਸ਼ਿਆਂ ਸਮੇਤ ਹੋਰ ਸਮਗਰੀ ਪਹੁੰਚਾ ਰਹੇ ਹਨ ਉਨ੍ਹਾਂ ਦੀ ਜਾਂਚ ਪੜਤਾਲ ਕਰ ਕੇ ਉਨ੍ਹਾਂ ਨੂੰ ਤਾਂ ਪੁਲਿਸ ਸੇਵਾਵਾਂ ਤੋਂ ਵੀ ਲਾਂਭੇ ਕਰਨਾ ਚਾਹੀਦਾ ਹੈ।

# ਕਈ ਰਾਜਾਂ ਵਿਚ ਫ਼ੇਲ੍ਹ ਹੋ ਰਹੇ ਹਨ ਭਾਜਪਾ ਦੇ ‘ਆਪ੍ਰੇਸ਼ਨ ਲੋਟਸ’

### ਹਿਮਾਚਲ ਨੂੰ ਲੈ ਕੇ ਚਿੰਤਤ ਹੈ ਭਾਜਪਾ

ਕਾਂਗਰਸ ਦੀ ‘ਭਾਰਤ ਜੋੜੋ ਯਾਤਰਾ’ ਜਿਸ ਸੂਬੇ ’ਚ ਪਹੁੰਚਣ ਵਾਲੀ ਹੁੰਦੀ ਹੈ, ਉੱਥੇ ਭਾਜਪਾ ਦੇ ‘ਆਪ੍ਰੇਸ਼ਨ ਲੋਟਸ’ ਦੀ ਚਰਚਾ ਸ਼ੁਰੂ ਹੋ ਜਾਂਦੀ ਹੈ। ਯਾਤਰਾ ਜਦੋਂ ਤੇਲੰਗਾਨਾ ’ਚ ਸੀ ਤਾਂ ਅਖ਼ਬਾਰਾਂ ਵਿਚ ਖ਼ਬਰਾਂ ਛਪੀਆਂ ਅਤੇ ਟੈਲੀਵਿਜ਼ਨ ਚੈਨਲਾਂ ’ਤੇ ਦਿਖਾਇਆ ਗਿਆ ਕਿ ਰਾਹੁਲ ਦੀ ਯਾਤਰਾ ਜਦੋਂ ਮਹਾਰਾਸ਼ਟਰ ਪਹੁੰਚੇਗੀ ਤਾਂ ‘ਆਪ੍ਰੇਸ਼ਨ ਲੋਟਸ’ ਹੋਵੇਗਾ ਅਤੇ ਕਾਂਗਰਸ ਦੇ ਕਈ ਵਿਧਾਇਕ ਟੁੱਟ ਕੇ ਭਾਜਪਾ ’ਚ ਸ਼ਾਮਿਲ ਹੋ ਜਾਣਗੇ। ਉਸ ਤੋਂ ਪਹਿਲਾਂ ਜਦੋਂ ਯਾਤਰਾ ਕੇਰਲ ਤੋਂ ਕਰਨਾਟਕਾ ਪਹੁੰਚੀ ਸੀ, ਉਦੋਂ ਵੀ ਇਹੀ ਕਿਹਾ ਗਿਆ ਸੀ। ਹੁਣ ਜਦੋਂ 23 ਨਵੰਬਰ ਨੂੰ ਯਾਤਰਾ ਮੱਧ ਪ੍ਰਦੇਸ਼ ਵਿਚ ਪਹੁੰਚੀ ਤਾਂ ਉਸ ਤੋਂ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਕਾਂਗਰਸ ਦੇ ਵਿਧਾਇਕ ਭਾਜਪਾ ’ਚ ਸ਼ਾਮਿਲ ਹੋਣਗੇ। ਹਾਲਾਂਕਿ ਹਕੀਕਤ ਇਹ ਹੈ ਕਿ ਕਾਂਗਰਸ ਨਾ ਕਰਨਾਟਕਾ ਵਿਚ ਟੁੱਟੀ ਅਤੇ ਨਾ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ’ਚ ਉਸ ਦਾ ਕੋਈ ਵਿਧਾਇਕ ਟੁੱਟ ਕੇ ਭਾਜਪਾ ’ਚ ਸ਼ਾਮਿਲ ਹੋਇਆ। ਦੱਸਣਯੋਗ ਹੈ ਕਿ ਭਾਜਪਾ ਮਹਾਰਾਸ਼ਟਰ ’ਚ ਲੰਬੇ ਸਮੇਂ ਤੋਂ ਕਾਂਗਰਸ ਦੇ ਵਿਧਾਇਕ ਤੋੜਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਸ਼ਿਵ ਸੈਨਾ ਨਾਲੋਂ ਟੁੱਟ ਕੇ ਜਦੋਂ ਏਕਨਾਥ ਸ਼ਿੰਦੇ ਗੁੱਟ ਵੱਖਰਾ ਹੋਇਆ ਅਤੇ ਭਾਜਪਾ ਦੇ ਸਮਰਥਨ ਨਾਲ ਨਵੀਂ ਸਰਕਾਰ ਬਣੀ ਤਾਂ ਉਸ ਦੇ ਵਿਸ਼ਵਾਸ ਮਤੇ ’ਤੇ ਵੋਟਿੰਗ ਸਮੇਂ ਕਾਂਗਰਸ ਦੇ ਕਈ ਵਿਧਾਇਕ ਨਹੀਂ ਪਹੁੰਚੇ ਸਨ। ਨਾ ਪਹੁੰਚਣ ਵਾਲੇ ਵਿਧਾਇਕਾਂ ਨੇ ਕਿਹਾ ਸੀ ਕਿ ਉਹ ਆਵਾਜਾਈ ’ਚ ਫਸ ਗਏ ਸਨ, ਪਰ ਪ੍ਰਚਾਰਿਆ ਇਹ ਗਿਆ ਕਿ ਉਹ ਵਿਧਾਇਕ ਭਾਜਪਾ ਵਿਚ ਜਾਣ ਵਾਲੇ ਹਨ। ਦੋ ਸਾਬਕਾ ਮੁੱਖ ਮੰਤਰੀਆਂ ਅਸ਼ੋਕ ਚੌਹਾਨ ਅਤੇ ਪ੍ਰਿਥਵੀਰਾਜ ਚੌਹਾਨ ਬਾਰੇ ਵੀ ਕਿਹਾ ਜਾ ਰਿਹਾ ਸੀ ਕਿ ਉਹ ਕਾਂਗਰਸ ਛੱਡਣਗੇ। ਪਰ ਜਦੋਂ ਰਾਹੁਲ ਦੀ ਯਾਤਰਾ ਮਹਾਰਾਸ਼ਟਰ ਪਹੁੰਚੀ ਤਾਂ ਇਹ ਦੋਵੇਂ ਨੇਤਾ ਯਾਤਰਾ ਦੇ ਨਾਲ ਰਹੇ। ਸੋ, ਜਿਵੇਂ ਕਰਨਾਟਕਾ ’ਚ ‘ਆਪ੍ਰੇਸ਼ਨ ਲੋਟਸ’ ਫ਼ੇਲ੍ਹ ਹੋਇਆ, ਉਵੇਂ ਹੀ ਮਹਾਰਾਸ਼ਟਰ ਅਤੇ ਹੁਣ ਮੱਧ ਪ੍ਰਦੇਸ਼ ’ਚ ਵੀ ਫ਼ੇਲ੍ਹ ਹੋ ਗਿਆ ਹੈ।ਹਿਮਾਚਲ ਪ੍ਰਦੇਸ਼ ’ਚ ਚੋਣਾਂ ਖ਼ਤਮ ਹੋਣ ਤੋਂ



ਬਾਅਦ ਭਾਜਪਾ ’ਚ ਜੋ ਵਿਚਾਰ-ਚਰਚਾ ਹੋਈ ਹੈ, ਉਸ ਦਾ ਸਿੱਟਾ ਇਹ ਹੈ ਕਿ ਭਾਜਪਾ ਜਿੱਤ ਤਾਂ ਜਾਵੇਗੀ ਪਰ ਜਿੱਤ ਦਾ ਫ਼ਰਕ ਬਹੁਤ ਮਾਮੂਲੀ ਹੋਵੇਗਾ। ਅੰਦਰੂਨੀ ਹਿਸਾਬ-ਕਿਤਾਬ ’ਚ ਪਾਰਟੀ ਨੂੰ 35 ਤੋਂ ਵੱਧ ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਹੈ। ਸੀਟਾਂ ਦੇ ਮੁਲਾਂਕਣ ਦੇ ਨਾਲ-ਨਾਲ ਪਾਰਟੀ ਨੇ ਬਾਗ਼ੀ ਉਮੀਦਵਾਰਾਂ ਨੂੰ ਲੈ ਕੇ ਵੀ ਮੰਥਨ ਕੀਤਾ ਹੈ। ਪਾਰਟੀ ਦੇ ਉੱਚ ਨੇਤਾਵਾਂ ਨੂੰ ਇਨ੍ਹਾਂ ਬਾਰੇ ਕਈ ਹੈਰਾਨ ਕਰਨ ਵਾਲੀ ਜਾਣਕਾਰੀ ਵੀ ਮਿਲੀ ਹੈ। ਯਾਦ ਕਰੋ ਕਿ ਕਿਵੇਂ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਬਾਗ਼ੀ ਉਮੀਦਵਾਰ ਨੂੰ ਮਨਾਉਣ ਲਈ ਫ਼ੋਨ ਕੀਤਾ ਸੀ ਅਤੇ ਉਸ ਨੇ ਸਿੱਧਾ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਦੀ ਸ਼ਿਕਾਇਤ ਕੀਤੀ ਸੀ। ਉਦੋਂ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਸਭ ਪਤਾ ਹੈ। ਭਾਜਪਾ ਨਾਲ ਜੁੜੇ ਸੂਤਰਾਂ ਮੁਤਾਬਿਕ ਕਈ ਬਾਗ਼ੀ ਉਮੀਦਵਾਰ ਪਾਰਟੀ ਦੇ ਵੱਡੇ ਨੇਤਾਵਾਂ ਦੀ ਸ਼ਹਿ ’ਤੇ ਹੀ ਮੈਦਾਨ ਵਿਚ ਉੱਤਰੇ ਸਨ। ਕਿਸੇ ਨੇ ਬਿਲਾਸਪੁਰ ਦੇ ਇਲਾਕੇ ਵਿਚ ਬਾਗ਼ੀ ਉਮੀਦਵਾਰ ਖੜ੍ਹੇ ਕਰਵਾ ਦਿੱਤੇ ਤਾਂ ਕਿਸੇ ਨੇ ਹਮੀਰਪੁਰ ਦੇ ਇਲਾਕੇ ਵਿਚ ਬਾਗ਼ੀਆਂ ਨੂੰ ਸ਼ਹਿ ਦਿੱਤੀ। ਇਕ-ਦੂਜੇ ਨੂੰ ਕਮਜ਼ੋਰ ਕਰਨ ਦੀ ਰਾਜਨੀਤੀ ਤਹਿਤ ਬਾਗ਼ੀ ਉਮੀਦਵਾਰ ਉਤਾਰੇ ਗਏ, ਜਿਸ ਦਾ ਨੁਕਸਾਨ ਪਾਰਟੀ ਦੇ ਜ਼ਿਆਦਾਤਰ ਉਮੀਦਵਾਰਾਂ ਨੂੰ ਹੋਇਆ। ਇਸ ਦੇ ਬਾਵਜੂਦ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੂੰ ‘ਫੀਡਬੈਕ’ ਇਹੀ ਮਿਲਿਆ ਹੈ ਕਿ ਪਾਰਟੀ ਜਿਵੇਂ-ਕਿਵੇਂ ਚੋਣਾਂ ਜਿੱਤ ਜਾਵੇਗੀ।

# ਰਾਜਸਥਾਨ ’ਚ ‘ਕੁਰਸੀ’ ਵਾਸਤੇ ਕਾਂਗਰਸੀਆਂ ਵਿਚਾਲੇ ਲੜਾਈ ਫਿਰ ਛਿੜੀ



ਕਾਂਗਰਸ ਸ਼ਾਸਿਤ ਰਾਜਸਥਾਨ ’ਚ ‘ਕੁਰਸੀ’ ਵਾਸਤੇ ਲੜਾਈ ਫਿਰ ਛਿੜ ਗਈ ਹੈ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸਚਿਨ ਪਾਇਲਟ ਨੂੰ ‘ਗ਼ੱਦਾਰ’ ਕਰਾਰ ਦਿੰਦਿਆਂ ਇਹ ਕਿਹਾ ਕਿ ਉਹ (ਪਾਇਲਟ) ਉਨ੍ਹਾਂ ਦੀ ਥਾਂ ਨਹੀਂ ਲੈ ਸਕਦਾ। ਮੁੱਖ ਮੰਤਰੀ ਦੇ ਦੋਸ਼ਾਂ ਨੂੰ ਨਕਾਰਦਿਆਂ ਪਾਇਲਟ ਦਾ ਦਾਅਵਾ ਹੈ ਕਿ ਉਹ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਵੀ ਪਾਰਟੀ ਨੂੰ ਜਿੱਤ ਦਿਵਾਉਣ ਦਾ ਦਮ ਖ਼ਮ ਰੱਖਦਾ ਹੈ। 2018 ’ਚ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪਾਇਲਟ ਪਾਰਟੀ ਪ੍ਰਧਾਨ ਸੀ ਤੇ ਉਦੋਂ ਕਾਂਗਰਸ ਨੇ ਭਾਜਪਾ ਕੋਲੋਂ ਸੱਤਾ ਖੋਹੀ ਸੀ। ਬਲਦੀ ’ਤੇ ਤੇਲ ਪਾਉਂਦਿਆਂ ਰਾਜ ਮੰਤਰੀ ਗਜੇਂਦਰ ਸਿੰਘ ਗੁੜਾ ਨੇ ਦਾਅਵਾ ਕੀਤਾ ਹੈ ਕਿ 80 ਵਿਧਾਇਕ ਪਾਇਲਟ ਦੇ ਨਾਲ ਹਨ। ਦੋਵਾਂ ਧੜਿਆਂ ਦਰਮਿਆਨ ਇਹ ਟਕਰਾਅ ਉਸ ਵੇਲੇ ਵਧਿਆ ਹੈ ਜਦੋਂ ਰਾਹੁਲ ਗਾਂਧੀ ਦੀ ਅਗਵਾਈ ਵਿਚ ਕੀਤੀ ਜਾ ਰਹੀ ‘ਭਾਰਤ ਜੋੜੋ ਯਾਤਰਾ’ ਆਉਂਦੇ ਦਿਨਾਂ ਵਿਚ ਰਾਜਸਥਾਨ ’ਚ ਦਾਖ਼ਲ ਹੋ ਰਹੀ ਹੈ।

ਪਾਇਲਟ ਨੇ ਦੋ ਮਹੀਨੇ ਪਹਿਲਾਂ ਉਦੋਂ ਮੁੱਖ ਮੰਤਰੀ ਦੀ ਕੁਰਸੀ ’ਤੇ ਦਾਅਵਾ ਜਤਾਇਆ ਸੀ ਜਦੋਂ ਇਹ ਚਰਚਾ ਸੀ ਕਿ ਗਹਿਲੋਤ ਕਾਂਗਰਸ ਦੇ ਅਗਲੇ ਕੌਮੀ ਪ੍ਰਧਾਨ ਬਣ ਸਕਦੇ ਹਨ। ਪ੍ਰਧਾਨਗੀ ਪਦ ਲਈ ਚੋਣਾਂ ਤੋਂ ਲਗਭਗ ਤਿੰਨ ਹਫ਼ਤੇ ਪਹਿਲਾਂ ਮੁੱਖ ਮੰਤਰੀ ਬਦਲਣ ਵਾਸਤੇ ਬੇਲੋੜਾ ਦਬਾਅ ਬਣਾਉਣ ਦਾ ਯਤਨ ਕੀਤਾ ਗਿਆ। (ਬਾਕੀ ਸਫ਼ਾ 30 ’ਤੇ)

# ਹਥਿਆਰਾਂ ਦੀ ਸਰਕਾਰੀ ਪਾਲਸੀ ਨੂੰ ਲੈ ਕੇ ਲਾਇਸੰਸਧਾਰਕ ਪੰਜਾਬੀ ਪ੍ਰੇਸ਼ਾਨ

- ਸਰਕਾਰ ਨੇ ਕੇਵਲ ਬੰਦੂਕ ਸਭਿਆਚਾਰ ਤੇ ਅਪਰਾਧੀਆਂ ਦੇ ਲਾਇਸੈਂਸਾਂ ਸੰਬੰਧੀ ਦਿੱਤੇ ਆਦੇਸ਼: ਪੁਲਿਸ
- ਵਿਭਾਗ ਵੱਲੋਂ ਇਕ 4 ਸਾਲ ਦੇ ਬੱਚੇ ਦੀ 7 ਸਾਲ ਪੁਰਾਣੀ ਬੰਦੂਕ ਨਾਲ ਫ਼ੋਟੋ ਸੰਬੰਧੀ ਤਾਂ ਕੇਸ ਦਰਜ

## ਬੰਦੂਕ ਸਭਿਆਚਾਰ ਦੀ ਸਰਕਾਰੀ ਪਰਿਭਾਸ਼ਾ ਸ਼ਿਵ ਸੈਨਾ ਆਗੂਆਂ ਦੀਆਂ ਦਗੜ-ਦਗੜ ਕਰਦੀਆਂ ਹਥਿਆਰਬੰਦ ਧਾੜਾਂ ਉੱਪਰ ਲਾਗੂ ਕਿਉਂ ਨਹੀਂ ਹੁੰਦੀ

ਪੰਜਾਬ ਵਿਚ ਸਰਕਾਰ ਵੱਲੋਂ ਬੰਦੂਕ ਸਭਿਆਚਾਰ ਖ਼ਤਮ ਕਰਨ ਅਤੇ ਅਪਰਾਧੀਆਂ ਦੇ ਲਾਇਸੈਂਸਾਂ ਦੀ ਸਮੀਖਿਆ ਤੇ ਰੱਦ ਕਰਨ ਸੰਬੰਧੀ ਦਿੱਤੇ ਆਦੇਸ਼ਾਂ ਦੇ ਨਾਂ ’ਤੇ ਪੁਲਿਸ ਵਿਭਾਗ ਨੂੰ ਮਿਲੀ ਖੁੱਲ ਕਾਰਨ ਲਾਇਸੈਂਸ ਧਾਰਕ ਤੰਗ ਪ੍ਰੇਸ਼ਾਨ ਹੋ ਰਹੇ ਹਨ। ਪੁਲਿਸ ਵਿਭਾਗ ਨਾਜਾਇਜ਼ ਹਥਿਆਰਾਂ ਨੂੰ ਖ਼ਤਮ ਕਰਨ ਦੀ ਆਪਣੀ ਮੁੱਢਲੀ ਜ਼ਿੰਮੇਵਾਰੀ ਵਿਚ ਤਾਂ ਕਾਮਯਾਬ ਨਹੀਂ ਹੋ ਰਿਹਾ, ਪਰ ਉਸ ਨੇ ਆਮ ਲਾਇਸੈਂਸਾਂ ਦੀ ਸਮੀਖਿਆ ਦੇ ਨਾਂ ’ਤੇ ਨਵੀਂ ਦੁਕਾਨ ਹੀ ਖੋਲ੍ਹ ਲਈ ਹੈ। ਹਾਲਾਂਕਿ ਸੂਬੇ ਵਿਚ ਜਿਨ੍ਹਾਂ ਢੰਗ ਤਰੀਕਿਆਂ ਨਾਲ ਮਗਰਲੇ ਸਾਲਾਂ ਦੌਰਾਨ ਹਥਿਆਰਾਂ ਦੇ ਲਾਇਸੈਂਸ ਬਣਦੇ ਰਹੇ ਹਨ, ਜਿਸ ਵਿਚ ਪੁਲਿਸ ਦੀ ਵੀ ਬਰਾਬਰ ਹਿੱਸੇਦਾਰੀ ਤੇ ਜ਼ਿੰਮੇਵਾਰੀ ਸੀ, ਉਸ ਨੂੰ ਸੂਬੇ ਦੇ ਲੋਕ ਜਾਣਦੇ ਹਨ। ਲੇਕਿਨ ਜਦੋਂ ਹਥਿਆਰਾਂ ਦੇ ਲਾਇਸੈਂਸ ਦੇਣ ਸੰਬੰਧੀ ਕੋਈ ਸਪੱਸ਼ਟ ਤੇ ਪਾਰਦਰਸ਼ੀ ਨੀਤੀ ਹੀ ਨਹੀਂ ਹੈ ਤਾਂ ਲੋਕਾਂ ਦੀ ਪ੍ਰੇਸ਼ਾਨੀ ਤੇ ਲੁੱਟ ਤਾਂ ਹੁੰਦੀ ਹੀ ਰਹੇਗੀ। ਪਰ ਸਰਕਾਰ ਵੱਲੋਂ ਵੀ ਹੁਣ ਜਾਰੀ ਕੀਤੇ ਆਦੇਸ਼ ਅਸਪੱਸ਼ਟ ਹੋਣ ਕਾਰਨ ਆਮ ਲੋਕਾਂ ਦੀ ਪ੍ਰੇਸ਼ਾਨੀ ਹੋਣਾ ਸੁਭਾਵਕ ਹੀ ਹੈ । ਪੁਲਿਸ ਵਿਭਾਗ ਵੱਲੋਂ ਇਕ 4 ਸਾਲ ਦੇ ਬੱਚੇ ਦੀ 7 ਸਾਲ ਪੁਰਾਣੀ ਬੰਦੂਕ ਨਾਲ ਫ਼ੋਟੋ ਸੰਬੰਧੀ ਤਾਂ ਕੇਸ ਦਰਜ ਕਰ ਲਿਆ ਗਿਆ। ਇਸ ਨਾਲ ਪੰਜਾਬ ਸਰਕਾਰ ਲਈ ਹਾਸੋਹੀਣੀ ਸਥਿਤੀ ਪੈਦਾ ਹੋਈ ਹੈ।ਬਾਅਦ ਵਿਚ ਬੱਚੇ ਉੱਪਰ ਕੇਸ ਵਾਪਸ ਲੈਣਾ ਪਿਆ। ਪਰ ਪੰਜਾਬੀ ਫ਼ਿਲਮ ਇੰਡਸਟਰੀ ਜਿਸ ਵਿਚ ਬਹੁਤੀਆਂ ਫ਼ਿਲਮਾਂ



ਵਿਚ ਬੰਦੂਕਾਂ ਤੇ ਗੋਲੀਆਂ ਅਹਿਮ ਹਿੱਸਾ ਹੁੰਦੀਆਂ ਹਨ, ਕੀ ਸਰਕਾਰ ਉਨ੍ਹਾਂ ’ਤੇ ਵੀ ਪਾਬੰਦੀ ਲਗਾਏਗੀ। ਇਸ ਨਵੇਂ ਲਫ਼ਜ਼ ‘ਬੰਦੂਕ ਸਭਿਆਚਾਰ’ ਦੀ ਸਰਕਾਰ ਅਨੁਸਾਰ ਪਰਿਭਾਸ਼ਾ ਕੀ ਹੈ ਇਹ ਵੀ ਸਪਸ਼ਟ ਨਹੀਂ। ਦੇਸ਼ ਦਾ ਵਿਧਾਨ ਜਾਂ ਭਾਰਤੀ ਦੰਡਾਵਲੀ (ਆਈ.ਪੀ.ਸੀ.) ਵਿਚ ਵੀ ਬੰਦੂਕ ਸਭਿਆਚਾਰ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਪਰ ਪੁਲਿਸ 188 ਤੇ ਧਾਰਾ 19(1) ਏ ਦੀ ਵਰਤੋਂ ਕਰ ਰਹੀ ਹੈ, ਜਿਸ ਦਾ ਕਾਨੂੰਨੀ ਮਾਹਿਰਾਂ ਅਨੁਸਾਰ ਇਸ ਨਾਲ ਕੋਈ ਸੰਬੰਧ ਹੀ ਨਹੀਂ। ਸਾਂਸਦ, ਵਿਧਾਇਕ, ਸਿਆਸੀ ਤੇ ਸ਼ਿਵ ਸੈਨਾ ਆਗੂਆਂ ਨਾਲ ਜਿਵੇਂ ਹਥਿਆਰਬੰਦ ਲੋਕਾਂ ਦੀਆਂ ਧਾੜਾਂ ਦਗੜ-ਦਗੜ ਕਰਦੀਆਂ ਫਿਰਦੀਆਂ ਹਨ ਉਹ ਕਿਹੜਾ ਸਭਿਆਚਾਰ ਹੈ। ਜਦੋਂ ਕਿ ਦੂਜੇ ਪਾਸੇ ਪੁਲਿਸ ਨੇ ਬੰਦੂਕ-ਨੁਮਾ ਖਿਡੌਣਿਆਂ ਨਾਲ ਫ਼ੋਟੋ ਖਿਚਵਾਉਣ ਵਾਲਿਆਂ ’ਤੇ ਵੀ ਕੇਸ ਦਰਜ ਕੀਤੇ ਹਨ। ਹਥਿਆਰਾਂ ਦੀ ਸਮੀਖਿਆ ਵੀ ਹੁਣ ਉਸ ਪੁਲਿਸ ਵੱਲੋਂ ਹੋ ਰਹੀ ਹੈ ਜਿਸ ’ਤੇ ਥਾਣਿਆਂ ਵਿਚ ਜਮਾਂ ਹਥਿਆਰ ਨਸ਼ਾ ਤਸਕਰਾਂ ’ਚ ਵੰਡਣ ਤੇ ਗੈਂਗਸਟਰਾਂ ਨੂੰ ਭਜਾਉਣ ਵਿਚ ਮਦਦ ਦੇਣ ਦੇ ਦੋਸ਼ ਹਨ । ਸਰਕਾਰਾਂ ਕੋਲ ਜਦੋਂ ਹਥਿਆਰ ਧਾਰਕਾਂ ਤੇ ਹਰ ਤਰ੍ਹਾਂ ਦੇ ਕੇਸਾਂ ਦਾ ਕੰਪਿਊਟਰਾਈਜ਼ਡ ਰਿਕਾਰਡ ਹੈ ਤਾਂ ਪੁਲਿਸ ਨੂੰ ਵੈਰੀਫਿਕੇਸ਼ਨ ਦੇ ਨਾਂਅ ’ਤੇ ਲੋਕਾਂ ਕੋਲ ਭੇਜਣ ਦਾ ਮੰਤਵ ਸਭ ਨੂੰ ਸਮਝ ਪੈ ਰਿਹਾ ਹੈ। ਸਰਕਾਰ ਦੀ ਇਸ ਕਾਰਵਾਈ ਦੀ ਜਨਤਕ ਪੱਧਰ ’ਤੇ ਹੋ ਰਹੀ ਨੁਕਤਾਚੀਨੀ ਕਾਰਨ ਮੁੱਖ ਮੰਤਰੀ ਨੇ ਸੋਸ਼ਲ



ਮੀਡੀਆ ਪੋਸਟਾਂ ਸੰਬੰਧੀ ਕਾਰਵਾਈ ਲਈ 3 ਦਿਨਾਂ ਦਾ ਸਮਾਂ ਦੇਣ ਦਾ ਤਾਂ ਐਲਾਨ ਕਰ ਦਿੱਤਾ ਹੈ ਪਰ ਚੰਗਾ ਹੋਵੇਗਾ ਜੇ ਸਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਲਿਖੇ ਸ਼ਸਤਰ ਨਾਮ ਮਾਲਾ, ਗੁਰਬਿਲਾਸ ਤੇ ਚੰਡੀ ਦੀ ਵਾਰ ਆਦਿ ਦਾ ਵੀ ਅਧਿਐਨ ਕਰ ਲਵੇ ਤਾਂ ਜੋ ਉਸ ਨੂੰ ਸਥਾਨਕ ਸਿੱਖਾਂ ਦੀਆਂ ਰਹੁ-ਰੀਤਾਂ ਤੇ ਸਭਿਆਚਾਰ ਦਾ ਵੀ ਗਿਆਨ ਹੋ ਜਾਵੇ। ਕਿਸੇ ਅਪਰਾਧੀ ਦਾ ਹਥਿਆਰ ਵਾਪਸ ਲੈਣਾ ਤਾਂ ਪੁਲਿਸ ਦੀ ਕਾਨੂੰਨੀ ਜ਼ਿੰਮੇਵਾਰੀ ਵੀ ਹੈ ਪਰ ਜੇ ਮਗਰਲੀਆਂ ਸਰਕਾਰਾਂ ਵੱਲੋਂ ਵੀ ਆਪਣੇ ਸਮਰਥਕਾਂ ਤੇ ਪਾਰਟੀ ਵਰਕਰਾਂ ਵਿਚ ਹਥਿਆਰਾਂ ਦੇ ਲਾਇਸੈਂਸ ਵੰਡੇ ਗਏ ਸਨ ਤਾਂ ਫਿਰ ਹੁਣ

(ਬਾਕੀ ਸਫ਼ਾ 30 ’ਤੇ)

## ਕੀ ਹਥਿਆਰ ਦਿਖਾਉਣਾ ਗ਼ੈਰ-ਕਾਨੂੰਨੀ ਹੈ, ਹਥਿਆਰ ਰੱਖਣ ਤੇ ਚਲਾਉਣ ਬਾਰੇ ਕਾਨੂੰਨ ਕੀ ਹਨ ?

ਪੰਜਾਬ ਵਿੱਚ ਪਿਛਲੇ ਦਿਨਾਂ ਦੌਰਾਨ ਕੁਝ ਹਥਿਆਰਬੰਦ ਲੋਕਾਂ ਵੱਲੋਂ ਕੀਤੀਆਂ ਹੱਤਿਆਵਾਂ ਤੋਂ ਬਾਅਦ ਅਲੋਚਨਾ ਦਾ ਸਾਹਮਣਾ ਕਰ ਰਹੀ ‘ਆਪ’ ਦੀ ਅਗਵਾਈ ਵਾਲੀ ਸਰਕਾਰ ਗੰਨ ਕਲਚਰ ਉੱਪਰ ਸਖ਼ਤੀ ਦਿਖਾ ਰਹੀ ਹੈ। ਸਰਕਾਰ ਵੱਲੋਂ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਪੰਜਾਬ ਸਰਕਾਰ ਦੀ ਇਸ ਕਾਰਵਾਈ ਵਿਚਾਲੇ ਕਈ ਸਵਾਲ ਉੱਠ ਰਹੇ ਹਨ। ਸਵਾਲ ਉੱਠ ਰਹੇ ਹਨ ਕਿ ਕੀ ਸਰਕਾਰ ਬਿਨਾਂ ਕਾਰਨ ਦੱਸੇ ਲਾਇਸੈਂਸ ਰੱਦ ਕਰ ਸਕਦੀ ਹੈ ? ਕੀ ਜਨਤਰ ਤੌਰ ’ਤੇ ਹਥਿਆਰਾਂ ਦੀ ਪ੍ਰਦਰਸ਼ਨੀ ਕਰਨਾ ਅਤੇ ਹਵਾਈ ਫਾਇਰ ਕਰਨਾ ਵੀ ਕੋਈ ਜੁਰਮ ਹੈ ?



ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਰਾਜਵਿੰਦਰ ਬੈਂਸ ਦੱਸਦੇ ਹਨ ਕਿ ਹਵਾਈ ਫਾਇਰ ਕਰਨ ਜਾਂ ਫਿਰ ਹਥਿਆਰ ਲਹਿਰਾਉਣ ਨਾਲ ਭਾਵੇਂ ਹੀ ਕਿਸੇ ਨੂੰ ਕੋਈ ਨੁਕਸਾਨ ਨਾ ਹੋਵੇ ਪਰ ਇਸ ਨਾਲ ਭੈਅ ਪੈਦਾ ਹੁੰਦਾ ਹੈ। ਇਸ ਨੂੰ ਜੁਰਮ ਦੀ ਕੈਟੇਗਰੀ ਦੇ ਵਿੱਚ ਰੱਖਿਆ ਗਿਆ ਹੈ। ਇਸ ਜੁਰਮ ਲਈ 3 ਮਹੀਨੇ ਤੱਕ ਜੇਲ੍ਹ ਅਤੇ 250 ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।ਜਦੋਂ ਕੋਈ ਜਨਤਕ ਥਾਂ ਉੱਤੇ ਫਾਇਰ ਕਰਦਾ ਹੈ ਤਾਂ ਕਿਸੇ ਦੂਜੇ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪੈ ਸਕਦੀ ਹੈ। ਜੇਕਰ ਹਥਿਆਰ ਲਾਇਸੈਂਸੀ ਹੈ, ਤਾਂ ਉਹ ਸ਼ਖ਼ਸ ਆਪਣੀ ਸੁਰੱਖਿਆ ਲਈ ਜਨਤਕ ਤੌਰ ’ਤੇ ਹਥਿਆਰ ਲੈ ਕੇ ਤੁਰ ਸਕਦਾ ਹੈ, ਇਸ ਨੂੰ ਜੁਰਮ ਨਹੀਂ ਮੰਨਿਆ ਜਾਵੇਗਾ।

ਜੇਕਰ ਕਿਸੇ ਸ਼ਖ਼ਸ ਨੂੰ ਥਰੈੱਟ ਹੈ ਯਾਨਿ ਕਿ ਉਸ ਨੂੰ ਕਿਸੇ ਤੋਂ ਡਰ ਜਾਂ ਕੋਈ ਧਮਕੀ ਮਿਲੀ ਹੈ, ਤਾਂ ਅਜਿਹੇ ਵਿੱਚ ਆਪਣੇ ਬਚਾਅ ਲਈ ਹਥਿਆਰ ਦੀ ਵਰਤੋਂ ਕੀਤੀ ਜਾ ਸਕਦੀ ਹੈ, ਉਸ ਨੂੰ ਕਾਨੂੰਨ ਜੁਰਮ ਨਹੀਂ ਮੰਨਦਾ। ਪਰ ਜੇਕਰ ਕੋਈ ਕਿਸੇ ਨੂੰ ਡਰਾਉਣ ਜਾਂ ਦਿਖਾਵੇ ਦੇ ਲਈ ਹਥਿਆਰ ਦੀ ਵਰਤੋਂ ਕਰਦਾ ਹੈ ਤਾਂ ਇਹ ਜੁਰਮ ਦੀ ਸ਼੍ਰੇਣੀ ਵਿੱਚ ਆਵੇਗਾ। ਮਿਸਾਲ ਦੇ ਤੌਰ ’ਤੇ ਜੇਕਰ ਕੋਈ ਗੋਲੀਆਂ ਚਲਾਉਂਦਾ ਹੈ, ਕਿਸੇ ਨੂੰ ਡਰਾਉਂਦਾ ਹੈ ਜਾਂ ਇਹੋ ਜਿਹੀ ਵੀਡੀਓ ਵੀ ਬਣਾਉਂਦਾ ਹੈ ਤਾਂ ਉਹ ਵੀ ਜੁਰਮ ਹੀ ਮੰਨਿਆ ਜਾਵੇਗਾ।

ਡੀਜੀਪੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜੇਕਰ ਕੋਈ ਦਿਖਾਵੇ ਦੇ ਲਈ ਹਥਿਆਰ ਦਿਖਾਉਂਦਾ ਹੈ, ਲਹਿਰਾਉਂਦਾ ਹੈ ਤਾਂ ਧਾਰਾ 188 ਦੇ ਤਹਿਤ ਕਾਰਵਾਈ ਕੀਤੀ ਜਾਵੇ।

ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਜਦੋਂ ਵੀ ਕਿਸੇ ਸ਼ਖ਼ਸ ਨੂੰ ਲਾਇਸੈਂਸ ਦਿੱਤਾ ਜਾਂਦਾ ਹੈ ਤਾਂ ਉਸ ਵੇਲੇ ਜ਼ਬਾਨੀ ਉਸ ਨੂੰ ਕਿਸੇ ਵੀ ਤਰ੍ਹਾਂ ਦੀਆਂ ਹਦਾਇਤਾਂ ਨਹੀਂ ਦਿੱਤੀ ਜਾਂਦੀਆਂ। ਪਰ ਆਰਮਜ਼ ਐਕਟ ਦੇ ਤਹਿਤ ਲਾਇਸੈਂਸੀ ਹਥਿਆਰ ਰੱਖਣ ਵਾਲਿਆਂ ਲਈ ਲਈ ਕੁਝ ਨਿਯਮ ਤੈਅ ਕੀਤੇ ਗਏ ਹਨ।

**ਇਹ ਹੇਠ ਲਿਖੇ ਅਨੁਸਾਰ ਹਨ** :ਜਿਸ ਵਿਅਕਤੀ ਦੇ ਨਾਮ ਉੱਤੇ ਹਥਿਆਰ ਹੈ ਸਿਰਫ਼ ਉਹੀ ਆਤਮ-ਰੱਖਿਆ ਲਈ ਉਸ ਨੂੰ ਚਲਾ ਸਕਦਾ ਹੈ।

ਲਾਇਸੈਂਸੀ ਹਥਿਆਰ ਦੀ ਵਰਤੋਂ ਦਿਖਾਵੇ ਲਈ ਨਹੀਂ ਕੀਤੀ ਜਾ ਸਕਦੀ ਕਿਸੇ ਵਿਆਹ ਸਮਾਗਮ, ਪਾਰਟੀ ਜਾਂ ਖ਼ੁਸ਼ੀ ਦੇ ਮੌਕੇ ਉੱਤੇ ਵੀ ਇਸ ਦੀ ਵਰਤੋਂ ਨਹੀਂ ਹੋ ਸਕਦੀ। ਕਿਸੇ ਨੂੰ ਡਰਾਉਣ-ਧਮਕਾਉਣ ਲਈ ਲਾਇਸੈਂਸੀ ਹਥਿਆਰ ਨੂੰ ਨਹੀਂ ਵਰਤਿਆ ਜਾ ਸਕਦਾ।

## ਹਥਿਆਰ ਦਾ ਲਾਇਸੈਂਸ ਮਿਲਦਾ ਕਿਵੇਂ ਹੈ ?

ਪੂਰੇ ਭਾਰਤ ਵਿੱਚ ਆਰਮਜ਼ ਐਕਟ ਦੇ ਨਿਯਮ ਇੱਕੋ ਜਿਹੇ ਹਨ। ਕੁਝ ਹਥਿਆਰ ਸਿਰਫ਼ ਪੁਲਿਸ ਅਧਿਕਾਰੀਆਂ, ਫ਼ੌਜ ਜਾਂ ਪੈਰਾਮਿਲਟਰੀ ਫੋਰਸਜ਼ ਨੂੰ ਹੀ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਰੇਂਜ ਜ਼ਿਆਦਾ ਹੁੰਦੀ ਹੈ, ਉਹ ਆਮ ਲੋਕਾਂ ਨੂੰ ਨਹੀਂ ਦਿੱਤੇ ਜਾ ਸਕਦੇ। ਆਮ ਲੋਕ 32 ਬੋਰ ਤੱਕ ਦੇ ਹਥਿਆਰਾਂ ਦਾ ਹੀ ਲਾਇਸੈਂਸ ਲੈ ਸਕਦੇ ਹਨ। ਇਸ ਦੇ ਲਈ ਇੱਕ ਤੈਅ ਪ੍ਰਕਿਰਿਆ ਦਾ ਪਾਲਣ ਕਰਨਾ ਹੁੰਦਾ ਹੈ। ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਕੋਈ ਵੀ ਸ਼ਖ਼ਸ ਹਥਿਆਰ ਲੈਣ ਲਈ ਲਾਇਸੈਂਸ ਲਈ ਅਪਲਾਈ ਕਰ ਸਕਦਾ ਹੈ।



ਪਰ ਉਸ ਨੂੰ ਇਹ ਦੱਸਣਾ ਪਵੇਗਾ ਕਿ ਹਥਿਆਰ ਚਾਹੀਦਾ ਕਿਉਂ ਹੈ। ਇਸ ਦੇ ਲਈ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਜਾਂਦੀ ਹੈ।ਇਸ ਮਗਰੋਂ ਡੀਸੀ ਜ਼ਿਲ੍ਹੇ ਦੇ ਐੱਸਐੱਸਪੀ ਕੋਲੋਂ ਜਾਂਚ ਕਰਵਾਉਂਦਾ ਹੈ ਜਿਵੇਂ ਉਸ ਦੇ ਘਰ ਦਾ ਪਤਾ ਠੀਕ ਹੈ ਜਾਂ ਨਹੀਂ, ਉਸ ਉੱਤੇ ਕੋਈ ਅਪਰਾਧਿਕ ਮਾਮਲੇ ਤਾਂ ਦਰਜ ਨਹੀਂ ਹਨ, ਜਿਨ੍ਹਾਂ ਕਾਰਨਾਂ ਦਾ ਹਵਾਲਾ ਦੇ ਕੇ ਲਾਇਸੈਂਸ ਅਪਲਾਈ ਕੀਤਾ ਜਾ ਰਿਹਾ ਹੈ, ਉਹ ਸਹੀ ਵੀ ਹਨ ਜਾਂ ਨਹੀਂ।

ਲਾਇਸੈਂਸ ਦੀ ਮਿਆਦ ਉਸ ਦੇ ਮੁਹੱਈਆ ਹੋਣ ਤੋਂ ਲੈ ਕੇ ਅਗਲੇ 5 ਸਾਲ ਤੱਕ ਹੁੰਦੀ ਹੈ ਪਰ ਜੇਕਰ ਹਥਿਆਰ ਦੀ ਵਰਤੋਂ ਅਪਰਾਧ ਕਰਨ ਲਈ ਹੁੰਦੀ ਹੈ ਤਾਂ ਇਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ।ਪੰਜਾਬ ਵਿੱਚ ਮਿਲੇ ਲਾਇਸੈਂਸੀ ਹਥਿਆਰ ਦੀ ਵਰਤੋਂ ਦੂਜੇ ਸੂਬੇ ਵਿੱਚ ਕੀਤੀ ਜਾ ਸਕਦੀ ਹੈ ? ਕੁਝ ਲਾਇਸੈਂਸ ਆਲ ਇੰਡੀਆ ਤੇ ਕੁਝ ਸੂਬਾ ਪੱਧਰੀ ਹੁੰਦੇ ਹਨ।

ਜਦੋਂ ਲਾਇਸੈਂਸ ਮਿਲਦਾ ਹੈ ਤਾਂ ਉਸ ਉੱਪਰ ਲਿਖਿਆ ਹੁੰਦਾ ਹੈ ਕਿ ਉਸ ਦਾ ਅਧਿਕਾਰ ਖੇਤਰ ਕੀ ਹੈ। ਜੇਕਰ ਕੋਈ ਸ਼ਖ਼ਸ ਪੂਰੇ ਭਾਰਤ ਵਿੱਚ ਹਥਿਆਰ ਲੈ ਕੇ ਜਾਣਾ ਚਾਹੁੰਦਾ ਹੈ ਤਾਂ ਉਸ ਉੱਪਰ ਭਾਰਤ ਦੇ ਗ੍ਰਹਿ ਸਕੱਤਰ ਦੇ ਦਸਤਖ਼ਤ ਲਾਜ਼ਮੀ ਹੁੰਦੇ ਹਨ।

ਲਾਇਸੈਂਸੀ ਹਥਿਆਰ ਦੀ ਗ਼ੈਰਕਾਨੂੰਨੀ ਵਰਤੋਂ ਕਰਨ ਉੱਤੇ ਉਸ ਨੂੰ ਰੱਦ ਕੀਤਾ ਜਾ ਸਕਦਾ ਹੈ।ਕਿਸੇ ਵੀ ਸ਼ਖ਼ਸ ਦਾ ਲਾਇਸੈਂਸ ਰੱਦ ਕਰਨ ਤੋਂ ਪਹਿਲਾਂ ਉਸ ਨੂੰ ਕਾਰਨ ਦੱਸੋ (ਸ਼ੋਅਕੌਜ਼) ਨੋਟਿਸ ਦੇਣਾ ਜ਼ਰੂਰੀ ਹੈ। ਲਾਇਸੈਂਸ ਰੱਦ ਕਰਨ ਤੋਂ ਪਹਿਲਾਂ ਉਸ ਸ਼ਖ਼ਸ ਨੂੰ ਕਾਰਨ ਵੀ ਦੱਸਣਾ ਪੈਂਦਾ ਹੈ ਤੇ ਉਸਦਾ ਪੱਖ ਲੈਣਾ ਲਾਜ਼ਮੀ ਹੈ।

ਸੀਨੀਅਰ ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਕੋਲ ਵੀ ਹਾਲ ਹੀ ਵਿੱਚ ਕੁਝ ਕੇਸ ਆਏ ਹਨ ਜਿੱਥੇ ਲੋਕਾਂ ਨੂੰ ਕਾਰਨ ਦੱਸੋ ਨੋਟਿਸ ਆਇਆ ਹੈ ਤੇ ਅਦਾਲਤ ਵਿੱਚ ਉਸ ਨੂੰ ਚੈਲਿੰਜ ਕੀਤਾ ਗਿਆ ਹੈ। ਉਸ ਮਾਮਲੇ ਵਿੱਚ ਫਿਰ ਅਦਾਲਤ ਵਿੱਚ ਸੁਣਵਾਈ ਹੁੰਦੀ ਹੈ। ਇਹੋ ਜਿਹੇ ਮਾਮਲਿਆਂ ਵਿੱਚ ਅਦਾਲਤੀ ਸੁਣਵਾਈ ਹੋਏ ਬਿਨਾਂ ਲਾਇਸੈਂਸ ਰੱਦ ਨਹੀਂ ਕੀਤਾ ਜਾ ਸਕਦਾ।ਇੱਕ ਗੱਲ ਹੋਰ ਹੈ ਕਿ ਇਹ ਨਿਯਮ ਸਿਰਫ਼ ਹਥਿਆਰਾਂ ਵਾਲੇ ਲਾਇਸੈਂਸ ਉੱਤੇ ਹੀ ਨਹੀਂ ਸਗੋਂ ਡਰਾਈਵਿੰਗ ਲਾਇਸੈਂਸ ਜਾਂ ਫਿਰ ਕਿਸੇ ਦਾ ਪਾਸਪੋਰਟ ਵੀ ਰੱਦ ਕਰਨਾ ਹੋਵੇ ਉਸ ਉੱਤੇ ਵੀ ਲਾਗੂ ਹੁੰਦਾ ਹੈ।

# ਸੁੱਚਾ ਸਿੰਘ ਲੰਗਾਹ ਦੀ ਪੰਥ ਵਾਪਸੀ ਜਥੇਦਾਰ ਅਕਾਲ ਤਖ਼ਤ ਵੱਲੋਂ ਧੋਖਾ:ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ

## ਸੱਚ ਦੇ ਤਖ਼ਤ ਤੋਂ ਕੂੜ ਦੇ ਫ਼ੈਸਲੇ ਨਹੀਂ ਕੀਤੇ ਜਾ ਸਕਦੇ: ਖ਼ਾਲਸਾ



ਜਲੰਧਰ : ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਪਰਮਿੰਦਰ ਪਾਲ ਸਿੰਘ ਖ਼ਾਲਸਾ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ ਗੋਲਡੀ ਨੇ ਕਿਹਾ ਕਿ ਪੰਥ ਵਿੱਚੋਂ ਤੇ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢੇ ਗਏ ਨੇਤਾ ਸੁੱਚਾ ਸਿੰਘ ਲੰਗਾਹ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਨਖ਼ਾਹੀਆ ਕਰਾਰ ਦੇ ਕੇ ਛੋਟੀ ਮੋਟੀ ਧਾਰਮਿਕ ਸਜ਼ਾ 21 ਦਿਨਾਂ ਲਈ ਹਰਿਮੰਦਰ ਸਾਹਿਬ ਵਿੱਚ ਬਰਤਨ ਸਾਫ਼ ਕਰਨ ਦੀ ਸੇਵਾ ਤੋਂ ਇਲਾਵਾ 21 ਦਿਨ ਹੀ ਪਰਿਕਰਮਾ ਵਿੱਚ ਬੈਠ ਕੇ ਪਾਠ ਕਰਨ ਤੇ ਗੁਰਬਾਣੀ ਸਰਵਣ ਕਰਨ ਦਾ ਬਰਤਨਾਂ ਦੇ ਕੇ ਖ਼ਾਲਸਾ ਪੰਥ ਨਾਲ ਧੋਖਾ ਕੀਤਾ ਹੈ ਜਿਵੇਂ ਜਥੇਦਾਰ ਗੁਰਬਚਨ ਸਿੰਘ ਨੇ ਸੌਦਾ ਸਾਧ ਨੂੰ ਮਾਫ਼ ਕਰਕੇ ਕੀਤਾ ਸੀ। ਜਥੇਦਾਰ ਹਰਪ੍ਰੀਤ ਸਿੰਘ ਨੂੰ ਵਿਚਾਰ ਲੈਣਾ ਚਾਹੀਦਾ ਹੈ ਕਿ ਉਸ ਸਮੇਂ ਗੁਰਬਚਨ ਸਿੰਘ ਦੇ ਸਿਧਾਂਤਹੀਣ ਫ਼ੈਸਲੇ ਜੋ ਬਾਦਲ ਕਿਆ ਦੇ ਦਬਾਅ ਅਧੀਨ ਲਏ ਗਏ, ਪੰਥ ਵੱਲੋਂ ਸਵੀਕਾਰ ਨਹੀਂ ਕੀਤੇ ਗਏ। ਇਸ ਦਾ ਨਤੀਜਾ ਬਾਦਲ ਦਲ ਦੀ ਸਿਆਸੀ ਮੌਤ ਨਿਕਲਿਆ ਸੀ। ਹੁਣ ਵੀ ਜਥੇਦਾਰ ਹਰਪ੍ਰੀਤ ਸਿੰਘ ਦਾ ਲੰਗਾਹ ਨੂੰ ਮਾਫ਼ ਕਰਨ ਦਾ (ਬਾਕੀ ਸਫ਼ਾ 29 'ਤੇ)

# ਅਕਾਲੀ ਦਲ ਦੀਆਂ ਜ਼ਿਲ੍ਹਾ ਪਟਿਆਲਾ 'ਚ ਸਰਗਰਮੀਆਂ ਢਿੱਲੀਆਂ ਪਈਆਂ

## ਬੀਬੀ ਜਗੀਰ ਕੌਰ ਦੀ ਅਕਾਲੀਆਂ ਨਾਲ ਮਿਲਣੀ ਦੀ ਚਰਚਾ ਛਿੜੀ

## ਵੱਡੇ ਬਾਦਲ ਕਾਰਨ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੇ ਅਕਾਲੀ : ਬੀਬੀ ਜਗੀਰ ਕੌਰ



ਪਟਿਆਲਾ/ਏ.ਟੀ.ਨਿਊਜ਼ :- ਇਸ ਜ਼ਿਲ੍ਹੇ ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਸਿਆਸੀ ਸਰਗਰਮੀਆਂ ਘਟ ਗਈਆਂ ਹਨ ਤੇ ਇਸ ਵੇਲੇ ਪਟਿਆਲਾ ਸ਼ਹਿਰੀ ਤੇ ਪਟਿਆਲਾ ਦਿਹਾਤੀ ਦੇ ਅਕਾਲੀ ਆਗੂ ਖ਼ਾਮੋਸ਼ ਹਨ। ਸਮਾਣਾ ਹਲਕੇ ਦੇ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਉਹ ਸਮਾਜਿਕ ਪ੍ਰੋਗਰਾਮਾਂ ਵਿਚ ਜਾਂਦੇ ਹਨ ਪਰ ਵੱਡੀਆਂ ਸਿਆਸੀ ਸਰਗਰਮੀਆਂ ਨਹੀਂ ਹੋ ਰਹੀਆਂ ਕਿਉਂਕਿ ਉਹ ਸਰਕਾਰ ਦੀ ਕਾਰਗੁਜ਼ਾਰੀ ਨੂੰ ਹਾਲੇ ਵਾਚ ਰਹੇ ਹਨ। ਦੂਜੇ ਪਾਸੇ ਸੁਰਜੀਤ ਸਿੰਘ ਰੱਖੜਾ ਦੇ ਖ਼ਾਸ ਮੰਨੇ ਜਾਂਦੇ ਤੇ ਜ਼ਿਲ੍ਹਾ ਪਰਿਸ਼ਦ ਦੇ ਸਾਬਕਾ ਚੇਅਰਮੈਨ ਜਸਪਾਲ ਸਿੰਘ ਕਲਿਆਣ ਦੇ ਘਰੇਲੂ ਸਮਾਗਮ ਵਿਚ ਬੀਬੀ ਜਗੀਰ ਕੌਰ ਦਾ ਆਉਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬੀਬੀ ਜਗੀਰ ਕੌਰ ਪਟਿਆਲਾ ਵਿਚ ਕਈ ਅਕਾਲੀ ਆਗੂਆਂ ਦੇ ਘਰ ਵੀ ਗਏ ਹਨ। ਦੂਜੇ ਪਾਸੇ ਪਟਿਆਲਾ ਵਿਚ ਸਿਆਸੀ ਸਰਗਰਮੀਆਂ ਨਾਮਾਤਰ ਹੀ ਹਨ। ਹਲਕਾ ਸਨੌਰ ਵਿੱਚ ਹਰਵਿੰਦਰ ਸਿੰਘ ਚੰਦੂਮਾਜਰਾ ਇੰਚਾਰਜ ਹਨ ਪਰ ਉੱਥੇ ਸਿਆਸੀ ਸਰਗਰਮੀਆਂ ਜ਼ੀਰੋ ਦੇ ਬਰਾਬਰ ਹਨ, ਜਦਕਿ ਪਿਛਲੇ ਦਿਨੀਂ ਪ੍ਰੋ. ਚੰਦੂਮਾਜਰਾ ਦੇ ਖ਼ਾਸ ਮੰਨੇ ਜਾਂਦੇ ਜਰਨੈਲ ਸਿੰਘ ਕਰਤਾਰਪੁਰ ਦੇ ਸ਼੍ਰੋਮਣੀ ਕਮੇਟੀ ਮੈਂਬਰ ਕਾਰਜਕਾਰੀ ਬਣਨ ਕਰਕੇ ਇੱਕਾ-ਦੁੱਕਾ ਸਨਮਾਨ ਸਮਾਗਮ ਹੋਏ ਹਨ। ਇਸੇ ਤਰ੍ਹਾਂ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਤੇ ਇੰਚਾਰਜ ਹਰਪਾਲ ਜੁਨੇਜਾ ਵੀ ਚੁੱਪ ਹਨ, ਜਿਨ੍ਹਾਂ ਬਾਰੇ ਰੱਖੜਾ ਨੇ ਕਿਹਾ ਕਿ ਉਹ ਵਿਦੇਸ਼ ਗਏ ਹੋਏ ਸਨ, ਇਸ ਕਰਕੇ ਸਰਗਰਮੀਆਂ ਨਹੀਂ ਹੋ ਰਹੀਆਂ। (ਬਾਕੀ ਸਫ਼ਾ 29 'ਤੇ)

# ਮੋਦੀ ਸਰਕਾਰ ਜਬਰੀ ਧਰਮ ਪਰਿਵਰਤਨ ਉੱਪਰ ਗੰਭੀਰ

## ➢ ਸੁਪਰੀਮ ਕੋਰਟ ਵਿਚ ਦਾਖ਼ਲ ਕੀਤਾ ਹਲਫ਼ਨਾਮਾ ➢ 9 ਸੂਬਿਆਂ ਵਿਚ ਬਣਾਇਆ ਕਾਨੂੰਨ : ਕੇਂਦਰ

ਨਵੀਂ ਦਿੱਲੀ/ਏ.ਟੀ.ਨਿਊਜ਼ :- ਲੋਕਾਂ ਨੂੰ ਡਰਾ-ਧਮਕਾ ਕੇ ਜਾਂ ਕੋਈ ਲਾਲਚ ਦੇ ਕੇ ਹੋ ਰਹੇ ਜਬਰਨ ਧਰਮ ਪਰਿਵਰਤਨ ਦਾ ਮੁੱਦਾ ਕਾਫ਼ੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਦੇ ਖ਼ਿਲਾਫ਼ ਸੀਨੀਅਰ ਵਕੀਲ ਅਸ਼ਵਨੀ ਉਪਾਧਿਆਏ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਅਸ਼ਵਨੀ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ 'ਚ ਉਨ੍ਹਾਂ ਇਸ ਨੂੰ ਰੋਕਣ ਲਈ ਕਾਨੂੰਨ ਬਣਾਏ ਜਾਣ ਦੀ ਮੰਗ ਕੀਤੀ ਸੀ। ਕੇਂਦਰ ਨੇ ਸੁਪਰੀਮ ਕੋਰਟ ਦਾਖ਼ਲ ਕੀਤਾ ਜਵਾਬ ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਆਪਣਾ ਰੁਖ਼ ਸਪਸ਼ਟ ਕਰਨ ਨੂੰ ਕਿਹਾ ਸੀ। ਕੇਂਦਰ ਸਰਕਾਰ ਨੇ ਹੁਣ ਇਸ ਨੋਟਿਸ ਦਾ ਜਵਾਬ ਦਾਖ਼ਲ ਕੀਤਾ ਹੈ। ਕੇਂਦਰ ਨੇ ਆਪਣੇ ਹਲਫ਼ਨਾਮੇ 'ਚ ਕਿਹਾ ਕਿ ਧਰਮ ਪਰਿਵਰਤਨ ਦੇ ਮਾਮਲੇ ਦੀ ਗੰਭੀਰਤਾ ਅਤੇ ਇਸ ਨੂੰ ਰੋਕਣ ਲਈ ਕਾਨੂੰਨੀ ਜ਼ਰੂਰਤ ਨੂੰ ਸਮਝਦਾ ਹੈ। ਪਟੀਸ਼ਨ 'ਚ ਰੱਖੀ ਮੰਗ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜ਼ਰੂਰੀ ਕਦਮ ਚੁੱਕਿਆ ਜਾਵੇਗਾ। ਕੇਂਦਰ ਸਰਕਾਰ ਨੇ ਇਸ ਦੇ ਨਾਲ ਹੀ ਕਿਹਾ ਕਿ 'ਪਬਲਿਕ ਆਰਡਰ' ਰਾਜ ਸੂਚੀ ਦਾ ਵਿਸ਼ਾ ਹੈ।

ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਨੂੰ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਦੇਸ਼ ਦੇ 9 ਸੂਬਿਆਂ ਨੇ ਜਬਰਨ ਧਰਮ ਪਰਿਵਰਤਨ ਨੂੰ ਰੋਕਣ ਲਈ ਕਾਨੂੰਨ ਬਣਾਇਆ ਹੈ। ਕੇਂਦਰ ਮੁਤਾਬਿਕ 9 ਸੂਬਿਆਂ 'ਚ ਇਸ ਨੂੰ ਲੈ ਕੇ ਕਾਨੂੰਨ ਬਣਾਏ ਹਨ, ਉਨ੍ਹਾਂ ਵਿਚ ਓਡੀਸ਼ਾ, ਮੱਧ ਪ੍ਰਦੇਸ਼, ਗੁਜਰਾਤ, ਛੱਤੀਸਗੜ੍ਹ, ਝਾਰਖੰਡ, ਉੱਤਰ ਪ੍ਰਦੇਸ਼, ਉੱਤਰਾਖੰਡ, ਕਰਨਾਟਕ ਅਤੇ ਹਰਿਆਣਾ ਸ਼ਾਮਲ ਹਨ।

# ਸਿੱਖਾਂ ਦੀ ਗਿਣਤੀ 63 ਫ਼ੀਸਦੀ ਤੋਂ ਘੱਟ ਕੇ 57 ਫ਼ੀਸਦੀ ਰਹਿ ਗਈ

## ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਡਾ. ਇਕਬਾਲ ਸਿੰਘ ਲਾਲਪੁਰਾ ਨੇ ਪੰਜਾਬ ਵਿਚ ਸਿੱਖਾਂ ਦੀ ਅਬਾਦੀ ਘਟਣ ਅਤੇ ਸਿੱਖਾਂ ਦੇ ਈਸਾਈਕਰਨ ਬਾਰੇ ਚਿੰਤਾ ਪ੍ਰਗਟਾਈ



ਜਲੰਧਰ : ਘੱਟਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਡਾ. ਇਕਬਾਲ ਸਿੰਘ ਲਾਲਪੁਰਾ ਨੇ ਪੰਜਾਬ ਵਿਚ ਸਿੱਖਾਂ ਦੀ ਘੱਟ ਰਹੀ ਗਿਣਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਸਾਲ 2011 ਦੇ ਜਨਗਣਨਾ ਅੰਕੜਿਆਂ ਅਨੁਸਾਰ ਸਿੱਖਾਂ ਦੀ ਗਿਣਤੀ 63 ਫ਼ੀਸਦੀ ਤੋਂ ਘੱਟ ਕੇ 57 ਫ਼ੀਸਦੀ ਰਹਿ ਗਈ ਹੈ ਤੇ ਆਉਣ ਵਾਲੇ ਅੰਕੜੇ ਹੋਰ ਵੀ ਚਿੰਤਾਜਨਕ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਘੱਟਗਿਣਤੀਆਂ ਵਿਚ ਸਿੱਖ ਭਾਈਚਾਰਾ ਤੀਸਰੇ ਸਥਾਨ 'ਤੇ ਚਲਾ ਗਿਆ ਹੈ, ਜਦਕਿ ਇਸ ਤੋਂ ਪਹਿਲਾਂ ਮੁਸਲਿਮ ਭਾਈਚਾਰੇ ਤੋਂ ਬਾਅਦ ਸਿੱਖਾਂ ਦੀ ਗਿਣਤੀ ਹੋਇਆ ਕਰਦੀ ਸੀ ਪਰ ਹੁਣ ਦੂਸਰਾ ਸਥਾਨ ਇਸਾਈ ਭਾਈਚਾਰੇ ਲੈ ਲਿਆ ਹੈ। ਇਸੇ ਤਰ੍ਹਾਂ ਸਿੱਖਾਂ ਤੋਂ ਬਾਅਦ ਜੈਨ, ਬੁੱਧ ਅਤੇ ਪਾਰਸੀ ਧਰਮ ਆਉਂਦਾ ਹੈ ਤੇ ਪਾਰਸੀਆਂ ਦੀ ਗਿਣਤੀ ਤਾਂ ਪੂਰੇ ਦੇਸ਼ 'ਚ 57 ਹਜ਼ਾਰ ਦੇ ਕਰੀਬ ਰਹਿ ਗਈ ਹੈ। ਸਿੱਖਾਂ ਦੀ ਅਬਾਦੀ ਘਟਣ ਪਿੱਛੇ ਕਾਰਨਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਸਿੱਖ ਧਾਰਮਿਕ ਆਗੂਆਂ ਨੂੰ ਇਸ ਮਸਲੇ 'ਤੇ ਆਪਣੀ ਜ਼ਿੰਮੇਵਾਰੀ ਸਮਝਣ ਤੇ ਨਿਭਾਉਣ ਦੀ ਵੱਡੀ ਲੋੜ ਹੈ। ਡਾ. ਲਾਲਪੁਰਾ ਨੇ ਇਸਾਈ ਪ੍ਰਚਾਰਕਾਂ ਵੱਲੋਂ ਚੰਗਿਆਈ ਸਭਾਵਾਂ ਦੇ ਨਾਂਅ ਹੇਠ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਅੰਧ-ਵਿਸ਼ਵਾਸ ਦਾ ਪਸਾਰਾ ਕਰਨ ਸਬੰਧੀ ਆ ਰਹੀਆਂ ਖ਼ਬਰਾਂ 'ਤੇ ਵੀ ਆਪਣੀ ਫ਼ਿਕਰਮੰਦੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ (ਬਾਕੀ ਸਫ਼ਾ 29 'ਤੇ)

# 29 ਦਸੰਬਰ ਨੂੰ ਹੀ ਮਨਾਇਆ ਜਾਵੇਗਾ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ

## ਸ਼੍ਰੋਮਣੀ ਕਮੇਟੀ ਦੀ ਸਹਿਮਤੀ ਮਗਰੋਂ ਸਿੰਘ ਸਾਹਿਬਾਨ ਨੇ ਲਿਆ ਫ਼ੈਸਲਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਤੋਂ ਇਕ ਦਿਨ ਬਾਅਦ ਯਾਨੀ 29 ਦਸੰਬਰ ਨੂੰ ਹੀ ਮਨਾਇਆ ਜਾਵੇਗਾ। ਇਹ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿਚ ਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਬਿਲਕੁਲ ਨਾਲ ਆ ਰਹੇ ਸ੍ਰੀ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀ ਤਰੀਕ ਬਦਲਣ ਲਈ ਕਈ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖਿਆ ਸੀ। ਇਸ ਦੇ ਜਵਾਬ 'ਚ ਸ਼੍ਰੋਮਣੀ ਕਮੇਟੀ ਨੇ ਤਰੀਕ ਨਾ ਬਦਲ ਕੇ 29 ਦਸੰਬਰ ਨੂੰ ਹੀ ਪ੍ਰਕਾਸ਼ ਪੁਰਬ ਮਨਾਉਣ ਦੀ ਸਹਿਮਤੀ ਦਿੱਤੀ ਹੈ।

# ਪੰਜਾਬੀਆਂ ਦੇ ਵਿਰੋਧ ਤੋਂ ਬਾਅਦ ਗੰਨ ਕਲਚਰ ਬਾਰੇ ਨਵੇਂ ਨਿਰਦੇਸ਼ ਜਾਰੀ

ਜਲੰਧਰ-ਪੰਜਾਬ ਵਿਚ ਗੰਨ ਕਲਚਰ ਨੂੰ ਪ੍ਰੋਮੋਟ ਕਰਨ ਦੇ ਧੜਾਧੜ ਹੋ ਰਹੇ ਮਾਮਲਿਆਂ 'ਤੇ ਤਿੰਨ ਦਿਨ ਪਹਿਲਾਂ ਲਗਾਮ ਲਗਾਉਣ ਤੋਂ ਬਾਅਦ ਹੁਣ ਪੰਜਾਬ ਪੁਲਸ ਨੇ ਇਕ ਹੋਰ ਸਾਵਧਾਨੀ ਵਜੋਂ ਕਦਮ ਚੁੱਕਿਆ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਛੋਟੇ ਬੱਚੇ ਖ਼ਿਲਾਫ਼ ਹਥਿਆਰਾਂ ਨੂੰ ਪ੍ਰੋਮੋਟ ਕਰਨ ਸਬੰਧੀ ਕੇਸ ਦਰਜ ਹੋਣ ਦੇ ਮਾਮਲੇ ਤੋਂ ਸਬਕ ਲੈਂਦਿਆਂ ਤੇ ਜਥੇਦਾਰ ਅਕਾਲ ਤਖਤ ਤੇ ਪੰਜਾਬੀਆਂ ਦੇ ਵਿਰੋਧ ਬਾਅਦ ਹੁਣ ਸਾਰੇ ਪੁਲਸ ਕਮਿਸ਼ਨਰ ਤੇ ਐੱਸ.ਐੱਸ.ਪੀਜ਼ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਗਲੋਰੀਫਿਕੇਸ਼ਨ ਆਫ਼ ਵੈਪਨਜ਼ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਉਸ ਦੇ ਸਾਰੇ ਪਹਿਲੂਆਂ ਤੇ ਤੱਥਾਂ ਦੀ ਜਾਂਚ ਕਰਨ ਤੋਂ ਬਾਅਦ ਹੀ ਮਾਮਲਾ ਦਰਜ ਕੀਤਾ ਜਾਵੇ।

# ਸੌਦਾ ਸਾਧ ਦੀ ਪੈਰੋਲ ਖ਼ਤਮ, ਜੇਲ੍ਹ ਦੇ ਗੇਟ ਤੱਕ ਛੱਡ ਕੇ ਆਈ ਹਨੀਪ੍ਰੀਤ



ਰੋਹਤਕ/ਏ.ਟੀ.ਨਿਊਜ਼ :- ਡੇਰਾ ਮੁਖੀ ਰਾਮ ਰਹੀਮ 40 ਦਿਨ ਦੀ ਪੈਰੋਲ ਕੱਟ ਕੇ ਸੁਨਾਰੀਆ ਜੇਲ੍ਹ ਪਹੁੰਚ ਗਿਆ ਹੈ। 15 ਅਕਤੂਬਰ ਨੂੰ ਰਾਮ ਰਹੀਮ 40 ਦਿਨ ਦੀ ਪੈਰੋਲ 'ਤੇ ਜੇਲ੍ਹ ਵਿਚੋਂ ਬਾਹਰ ਆਇਆ ਸੀ।

ਬੀਤੇ ਸ਼ੁੱਕਰਵਾਰ ਨੂੰ ਮਿਆਦ ਖ਼ਤਮ ਹੋਣ ਕਾਰਨ ਸਵੇਰੇ ਡੀ. ਐੱਸ. ਪੀ. ਹੈੱਡਕੁਆਰਟਰ ਡਾ. ਰਵਿੰਦਰ ਦੀ ਅਗਵਾਈ ਵਿਚ ਪੁਲਿਸ ਟੀਮ ਬਾਗਪਤ ਆਸ਼ਰਮ ਪੁੱਜੀ ਅਤੇ ਸੌਦਾ ਸਾਧ ਨੂੰ ਸਖ਼ਤ ਸੁਰੱਖਿਆ ਦਰਮਿਆਨ ਸੁਨਾਰੀਆ ਜੇਲ੍ਹ ਲਿਆਂਦਾ ਗਿਆ। ਸ਼ਾਮ ਨੂੰ 4 ਗੱਡੀਆਂ ਦਾ ਕਾਫਿਲਾ ਸੁਨਾਰੀਆ ਜੇਲ੍ਹ ਦੇ ਗੇਟ 'ਤੇ ਪੁੱਜਾ। ਰਾਮ ਰਹੀਮ ਤੋਂ ਇਲਾਵਾ ਉਨ੍ਹਾਂ ਦੀ ਕਾਰ ਵਿਚ ਹਨੀਪ੍ਰੀਤ ਅਤੇ ਪ੍ਰੀਤਮ ਸਿੰਘ ਬੈਠੇ ਸਨ। ਹਨੀਪ੍ਰੀਤ ਸੌਦਾ ਸਾਧ ਨੂੰ ਜੇਲ੍ਹ ਦੇ ਗੇਟ ਤੱਕ ਛੱਡ ਕੇ ਆਈ।

# ਕੋਰੀਡੋਰ ਮਾਰਗ 'ਤੇ ਰਬਾਬ ਦੇ ਮਾਡਲ ਨੂੰ ਮੁੜ ਸੁੰਦਰ ਬਣਾਉਣ ਦਾ ਕਾਰਜ ਸ਼ੁਰੂ, ਐੱਸ.ਪੀ. ਸਿੰਘ ਓਬਰਾਏ ਨੇ ਕੀਤਾ ਉੱਦਮ



ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼ :- ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਨਵੰਬਰ 2019 ਨੂੰ ਡੇਰਾ ਬਾਬਾ ਨਾਨਕ ਕੌਮਾਂਤਰੀ ਸਰਹੱਦ ਉੱਪਰੋਂ ਭਾਰਤ-ਪਾਕਿਸਤਾਨ ਦੋਵਾਂ ਸਰਕਾਰਾਂ ਦੇ ਮੇਲ-ਮਿਲਾਪ ਨਾਲ ਲਾਂਘਾ ਸ਼ੁਰੂ ਹੋਇਆ ਸੀ। ਇਸ ਦੇ ਚਲਦਿਆਂ ਭਾਰਤ ਸਰਕਾਰ ਵੱਲੋਂ ਡੇਰਾ ਬਾਬਾ ਨਾਨਕ ਗੁਰਦਾਸਪੁਰ ਹਾਈਵੇਅ ਸੜਕ ਉੱਪਰੋਂ ਪਿੰਡ ਮਾਨ ਨੇੜਿਉਂ ਕੋਰੀਡੋਰ ਨੂੰ ਜਾਣ ਵਾਲਾ ਚਾਰ ਮਾਰਗੀ ਰਸਤਾ ਬਣਾਇਆ ਗਿਆ ਸੀ। ਇਸ ਚਾਰ ਮਾਰਗੀ (ਬਾਕੀ ਸਫ਼ਾ 29 'ਤੇ)

### ਇੰਗਲੈਂਡ ਤੋਂ ਪਰਤੇ ਪਿਤਾ ਬਲਕੌਰ ਸਿੰਘ ਨੇ ਕੀਤਾ ਵੱਡਾ ਖ਼ੁਲਾਸਾ

# ਯੂ. ਕੇ. ਦੀ ਪੀ. ਆਰ. ਮਿਲਣ ਦੀ ਗੱਲ ਸਿੱਧੂ ਮੂਸੇਵਾਲ ਨੇ ਆਪਣੇ ਮਾਪਿਆਂ ਤੋਂ ਲੁਕਾਈ

**ਕਿਹਾ ਕਿ ਸਰਕਾਰ ਵਿਦੇਸ਼ੀ ਹਥਿਆਰਾਂ ਵਾਲੇ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਹਥਿਆਰਾਂ ਸਮੇਤ ਫ਼ੋਟੋਆਂ ਖਿਚਵਾਉਣ ਵਾਲਿਆਂ 'ਤੇ ਪਰਚੇ ਦਰਜ ਕਰ ਰਹੀ ਏ**

ਮਾਨਸਾ/ਏ.ਟੀ.ਨਿਊਜ਼ :- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਯੂ. ਕੇ. ਤੋਂ ਪਰਤ ਕੇ ਸਿੱਧੂ ਨੂੰ ਲੈ ਕੇ ਵੱਡਾ ਖ਼ੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਸ ਨੇ ਸਾਡੇ ਕੋਲੋਂ ਇਹ ਗੱਲ ਲੁਕੋ ਕੇ ਰੱਖੀ ਸੀ ਕਿ ਉਸ ਨੂੰ ਯੂ. ਕੇ. ਦੀ ਪੀ. ਆਰ. ਮਿਲੀ ਹੋਈ ਸੀ, ਕਿਉਂਕਿ ਉਹ ਸੋਚਦਾ ਸੀ ਕਿ ਜੇ ਮੈਨੂੰ ਪਤਾ ਲੱਗ ਗਿਆ ਤਾਂ ਮੈਂ ਉਸ ਨੂੰ ਪਿੰਡ ਨਹੀਂ ਰਹਿਣ ਦੇਵਾਂਗਾ। ਆਪਣਾ ਪਿੰਡ ਸਿੱਧੂ ਦੀ ਕਮਜ਼ੋਰੀ ਸੀ ਤੇ ਉਹ ਚਾਹੁੰਦਾ ਸੀ ਕਿ ਜਿੱਥੇ ਮੈਂ ਜਾਵਾਂ ਮੇਰਾ ਪਿੰਡ ਤੇ ਖ਼ਿੱਤਾ ਨਾਲ ਜਾਵੇ। ਇਸ ਗੱਲ ਕਾਰਨ ਉਸ ਨੇ ਆਪਣਾ ਭਵਿੱਖ ਵੀ ਦਾਅ 'ਤੇ ਲਾ ਦਿੱਤਾ। ਸਿੱਧੂ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੂਸੇਵਾਲਾ ਦੇ ਕਤਲ ਲਈ ਯੂ. ਕੇ. ਦੀ ਸਰਕਾਰ ਵੀ ਇਨਸਾਫ਼ ਦੀ ਮੰਗ ਕਰ ਰਹੀ ਹੈ ਕਿਉਂਕਿ ਸਿੱਧੂ ਯੂ. ਕੇ. ਦਾ ਪੀ. ਆਰ. ਸੀ ਅਤੇ ਉੱਥੋਂ ਦੇ ਲੋਕਾਂ ਦੇ ਦਿਲਾਂ ਵਿਚ ਆਪਣੀ ਗਾਇਕੀ ਦੇ ਤੌਰ 'ਤੇ ਵਸਿਆ ਹੋਇਆ ਸੀ ਪਰ ਸਾਡੀ ਸਰਕਾਰ ਨੂੰ ਇਸ ਦਾ ਕੋਈ ਫ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਬਰਨਾ ਬੁਆਏ ਦੇ ਅਗਲੇ ਗੀਤ ਵਿਚ ਸਿੱਧੂ ਦੀ ਫ਼ੋਟੋ ਦਿਖਾਉਣ ਲਈ ਉਨ੍ਹਾਂ ਤੋਂ ਆਗਿਆ ਮੰਗੀ ਗਈ ਪਰ ਸਾਡੇ ਇੱਧਰਲੇ ਲੋਕਾਂ ਨੇ ਉਸ ਨੂੰ ਬਿਨਾਂ ਕਸੂਰੋਂ ਕਤਲ ਕਰ ਦਿੱਤਾ। ਉਨ੍ਹਾਂ ਕਿਹਾ ਕਿ ਲਾਇਸੈਂਸੀ ਹਥਿਆਰ ਕਦੇ ਵੀ ਅਪਰਾਧ ਨਹੀਂ ਕਰਦੇ। ਇਕ ਪਾਸੇ ਸਰਕਾਰ ਹਥਿਆਰਾਂ ਸਮੇਤ ਫ਼ੋਟੋਆਂ ਖਿਚਵਾਉਣ ਵਾਲਿਆਂ 'ਤੇ ਪਰਚੇ ਦਰਜ ਕਰ ਰਹੀ ਹੈ, ਦੂਜੇ ਪਾਸੇ ਲੋਕਾਂ ਨੂੰ ਮਾਰਨ ਵਾਲੇ ਗੈਂਗਸਟਰਾਂ ਕੋਲ ਪਹਿਲੇ ਦਰਜੇ ਤੇ ਵਿਦੇਸ਼ੀ ਹਥਿਆਰ ਹਨ।ਸਰਕਾਰ ਤੋਂ ਅੱਜ ਤੱਕ ਇਹ ਹਥਿਆਰ ਅਤੇ ਬੰਦੇ ਫੜੇ ਹੀ ਨਹੀਂ ਗਏ। ਬਲਕੌਰ ਸਿੰਘ ਨੇ ਕਿਹਾ ਕਿ ਆਪਣੇ ਦੇਸ਼ ਅਤੇ ਪੰਜਾਬ ਅੰਦਰ ਅਸਲਾ ਲੈਣ ਦੀ ਪ੍ਰਕਿਰਿਆ ਇੰਨੀ ਔਖੀ ਹੈ ਕਿ ਇਸ ਨੂੰ ਆਮ ਬੰਦਾ ਲੈ ਕੇ ਸਰਕਾਰ ਦੀਆਂ ਸ਼ਰਤਾਂ ਹੀ ਪੂਰੀਆਂ ਨਹੀਂ ਕਰ ਸਕਦਾ। ਇਸ ਪ੍ਰਕਿਰਿਆ ਨੂੰ ਹੋਰ ਔਖਾ ਕਰਕੇ ਸਰਕਾਰ ਲੋਕਾਂ ਨੂੰ ਨਿਹੱਥੇ ਕਰ ਰਹੀ ਹੈ, ਜਦਕਿ ਗੈਂਗਸਟਰ ਵੱਡੇ-ਵੱਡੇ ਹਥਿਆਰ ਲੈ ਕੇ ਲੁੱਟਾਂ-ਖੋਹਾਂ, ਕਤਲਾਂ ਅਤੇ ਫਿਰੌਤੀਆਂ ਨੂੰ ਅੰਜਾਮ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਡੀ. ਜੀ. ਪੀ. ਪੰਜਾਬ ਨੂੰ ਮਿਲ ਕੇ ਗਏ ਸਨ। ਕੁਝ ਕੁ ਆਸ ਬੱਝੀ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਕੰਮ ਹੋ ਸਕਦਾ ਹੈ ਪਰ ਜਦੋਂ ਤੱਕ ਉਸ ਕਤਲ ਦੇ ਮਾਸਟਰ ਮਾਈਂਡ ਨਹੀਂ ਫੜੇ ਜਾਂਦੇ, ਉਦੋਂ ਤੱਕ ਇਨਸਾਫ਼ ਮਿਲਣ ਦੀ ਉਮੀਦ ਪੂਰੀ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ।



ਉਨ੍ਹਾਂ ਕਿਹਾ ਕਿ ਭਾਰਤ ਅਤੇ ਪੰਜਾਬ ਦੀਆਂ ਸਰਕਾਰਾਂ ਸੁਰੱਖਿਆ ਦੀ ਗੱਲ ਕਰਦੀਆਂ ਹਨ ਪਰ ਵਿਦੇਸ਼ਾਂ ਦੇ ਮੁਕਾਬਲੇ ਸਾਡੀ ਜ਼ੀਰੋ ਭਰ ਵੀ ਸੁਰੱਖਿਆ ਨਹੀਂ ਹੈ ਅਤੇ ਹਰ ਆਮ ਖ਼ਾਸ ਵਿਅਕਤੀ ਦੀ ਜਾਨ ਨੂੰ ਚਾਰੋ ਪਹਿਰ ਖ਼ੌਫ਼ ਬਣਿਆ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਆਪਣੀ ਸੁਰੱਖਿਆ ਲਈ ਹਥਿਆਰ ਰੱਖਣ ਵਾਲਿਆਂ 'ਤੇ ਪਰਚੇ ਦਰਜ ਕਰਕੇ ਸਰਕਾਰ ਕੀ ਸਾਬਿਤ ਕਰਨਾ ਚਾਹੁੰਦੀ ਹੈ, ਇਹ ਸਮਝ ਤੋਂ ਪਰ੍ਹੇ ਹੈ।

# ਮੂਸੇਵਾਲੇ ਦੇ ਮਾਤਾ ਪਿਤਾ ਨੇ ਯੂ.ਕੇ. ਦੇ ਸਿੱਖ ਐਮਪੀ ਪ੍ਰੀਤ ਕੌਰ ਗਿੱਲ ਅਤੇ ਢੇਸੀ ਨਾਲ ਕੀਤੀ ਮੁਲਾਕਾਤ

**ਇਨਸਾਫ਼ ਦਿਵਾਉਣ 'ਚ ਮਦਦ ਦੀ ਕੀਤੀ ਅਪੀਲ**



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ :- ਸਿੱਧੂ ਮੁਸੇਵਾਲੇ ਦੇ ਮਾਤਾ ਪਿਤਾ ਨੇ ਬਰਤਾਨੀਆ ਦੇ ਸਿੱਖ ਐਮਪੀ ਅਤੇ ਬਰਤਾਨੀਆ ਆਲ ਪਾਰਟੀ ਪਾਰਲੀਮੈਂਟਰੀ ਗਰੁਪ ਫ਼ਾਰ ਸਿੱਖਸ ਦੀ ਚੇਅਰਪਰਸਨ ਪ੍ਰੀਤ ਕੌਰ ਗਿੱਲ ਅਤੇ ਵਾਈਸ ਚੇਅਰ ਤਨਮਨਜੀਤ ਸਿੰਘ ਢੇਸੀ ਨਾਲ ਉਚੇਚੇ ਤੌਰ ਤੇ ਇਕ ਬਹੁਤ ਹੀ ਅਹਿਮ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣੇ ਪੁੱਤਰ ਸਿਧੂ ਮੁਸੇਵਾਲੇ ਦੇ ਕਤਲ ਦੀ ਦੁਖਭਰੀ ਕਹਾਣੀ ਦਸ ਕੇ ਇਨਸਾਫ਼ ਦਿਵਾਉਣ ਵਿਚ ਮਦਦ ਕਰਨ ਦੀ ਭਾਵੁਕ ਭਰੀ ਅਪੀਲ ਕੀਤੀ, ਜਿਸ ਨੂੰ ਸੁਣਨ ਉਪਰੰਤ ਸਿੱਖ ਐਮ ਪੀਜ ਨੇ ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਵਿਦੇਸ਼ਾਂ ਦੀ ਧਰਤੀ ਤੇ ਵੱਸ ਰਹੇ ਸਿੱਖ ਤੁਹਾਡੇ ਨਾਲ ਹਨ ਤੇ ਤੁਹਾਡੇ ਵੱਲੋਂ ਆਪਣੇ ਪੁੱਤਰ ਦੇ ਇਨਸਾਫ਼ ਲਈ ਲੜੀ ਜਾ ਰਹੀ ਲੜਾਈ ਵਿਚ ਅਸੀਂ ਤੁਹਾਡੇ ਨਾਲ ਖੜ੍ਹੇ ਹਾਂ। ਸਾਡੇ ਕੋਲੋਂ ਜਿੰਨੀ ਹੋ ਸਕੇਗੀ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਸਿਧੂ ਦਾ ਆਪਣੇ ਗਾਣਿਆਂ ਰਾਹੀ ਸਿੱਖੀ ਦਾ ਨਾਮ ਸੰਸਾਰ ਭਰ ਵਿਚ ਫੈਲਾਉਣ ਦਾ ਬਹੁਤ ਵੱਡਾ ਯੋਗਦਾਨ ਹੈ ਤੇ ਇੱਥੇ ਬਰਤਾਨੀਆ ਅੰਦਰ ਦੇ ਕਲਾਕਾਰਾਂ ਵਿਚ ਵੀ ਉਸ ਦਾ ਬਹੁਤ ਮਾਣ ਸਤਿਕਾਰ ਹੈ। ਇਸ ਲਈ ਮੌਜੂਦਾ ਸਰਕਾਰ ਨੂੰ ਵੀ ਇਨ੍ਹਾਂ ਨੂੰ ਜਲਦ ਤੋਂ ਜਲਦ ਇਨਸਾਫ਼ ਦਿਵਾਉਣਾ ਚਾਹੀਦਾ ਹੈ।

### ਮਾਮਲਾ ਰਾਜਾ ਵੜਿੰਗ ਨੂੰ ਧਮਕੀ ਦੇਣ ਦਾ

# ਅੰਮ੍ਰਿਤਪਾਲ ਸਿੰਘ ਮਹਿਰੋਂ ਖ਼ਿਲਾਫ਼ ਹੋਇਆ ਕੇਸ ਦਰਜ



ਲੁਧਿਆਣਾ/ਏ.ਟੀ.ਨਿਊਜ਼ :- ਲੁਧਿਆਣਾ ਪੁਲਿਸ ਨੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਧਮਕੀਆਂ ਦੇਣ ਵਾਲੇ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਨੇੜਲੇ ਸਾਥੀ ਅੰਮ੍ਰਿਤਪਾਲ ਸਿੰਘ ਮਹਿਰੋਂ ਖ਼ਿਲਾਫ਼ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਸਮੇਤ ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਕਮਿਸ਼ਨਰੇਟ ਪੁਲਿਸ ਨੇ ਏਸੀਪੀ (ਕ੍ਰਾਈਮ) ਸੁਮਿਤ ਸੂਦ ਦੀ ਸ਼ਿਕਾਇਤ 'ਤੇ ਇਹ ਕੇਸ ਦਰਜ ਕੀਤਾ ਹੈ, ਜਿਸ ਤੋਂ ਬਾਅਦ ਹੁਣ ਕਿਸੇ ਵੀ ਸਮੇਂ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ।



# ਅਮਰੀਕਾ 'ਚ ਬੇਰੁਜ਼ਗਾਰ ਹੋਏ ਭਾਰਤੀਆਂ 'ਤੇ ਕਰਜ਼ੇ ਦਾ ਬੋਝ

## ਦੁਨੀਆ ਵਿੱਚ 120,000 ਲੋਕਾਂ ਦੀਆਂ ਨੌਕਰੀਆਂ ਗਈਆਂ

ਵਿਸ਼ਵ ਭਰ ਵਿੱਚ ਨੌਕਰੀਆਂ ਉੱਪਰ ਨਜ਼ਰ ਰੱਖਣ ਵਾਲੀ ਵੈੱਬਸਾਈਟ ਲੇਆਫ਼ਸ ਡਾਟ ਐਫ਼ਆਈਆਈ (layoffs.fyi) ਮੁਤਾਬਕ ਦੁਨੀਆ ਵਿੱਚ 120,000 ਲੋਕਾਂ ਦੀਆਂ ਨੌਕਰੀਆਂ ਜਾ ਚੁੱਕੀਆਂ ਹਨ।ਅਮਰੀਕਾ ਵਿੱਚ ਐੱਚ-1 ਬੀ ਅਤੇ ਦੂਜੇ ਵੀਜ਼ਿਆਂ ਉੱਪਰ ਕੰਮ ਕਰਨ ਵਾਲੇ ਵੱਡੀ ਗਿਣਤੀ ਵਿੱਚ ਭਾਰਤੀਆਂ ਦੀਆਂ ਨੌਕਰੀਆਂ ਗਈਆਂ ਹਨ। ਅਮਰੀਕਾ ਦੇ ਕੈਲੇਫੋਰਨੀਆ ਵਿੱਚ ਰਹਿਣ ਵਾਲੀ ਪੱਤਰਕਾਰ ਸਵਿਤਾ ਪਟੇਲ ਨੇ ਭਾਰਤੀ ਮੂਲ ਦੇ ਕਈ ਲੋਕਾਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਨੂੰ ਜਾਂ ਤਾਂ ਨਵੀਂ ਨੌਕਰੀ ਲੱਭਣੀ ਪੈਣੀ ਹੈ ਜਾਂ ਵਾਪਸ ਭਾਰਤ ਆਉਣਾ ਪੈਣਾ ਹੈ।

ਸੌਮਯਾ ਆਇਰ ਅਮਰੀਕਾ ਦੀ ਇੱਕ ਵੱਡੀ ਟੈਕ ਕੰਪਨੀ ਵਿੱਚ ਕੰਮ ਕਰਦੀ ਸੀ। ਉਹ ਆਪਣੀ ਨੌਕਰੀ ਜਾਣ ਬਾਰੇ ਦੱਸਦੇ ਹੋਏ ਕਹਿੰਦੇ ਹਨ, ਮੈਂ ਇਸ ਨੂੰ ਟੈਕ ਮਹਾਂਮਾਰੀ ਕਹਿੰਦੀ ਹਾਂ। ਦਸ ਹਜ਼ਾਰ ਲੋਕ ਐਮਾਜ਼ਾਨ ਵਿੱਚੋਂ ਅਤੇ ਟਵਿੱਟਰ 'ਚ ਕੰਮ ਕਰਨ ਵਾਲੇ ਅੱਧੇ ਲੋਕਾਂ ਦੀ ਨੌਕਰੀ ਚਲੀ ਗਈ ਹੈ। ਆਇਰ ਨੂੰ ਲਿਫ਼ਟ ਨਾਮ ਦੀ ਕੰਪਨੀ ਵਿੱਚ ਚਾਰ ਸਾਲ ਕੰਮ ਕਰਨ ਤੋਂ ਬਾਅਦ ਕੱਢ ਦਿੱਤਾ ਗਿਆ। ਉਹ ਆਖਦੀ ਹੈ ਕਿ ਮੇਰੇ ਇੱਕ ਦੋਸਤ ਅਤੇ ਉਸ ਦੀ ਪਤਨੀ ਦੀ ਨੌਕਰੀ ਚਲੀ ਗਈ। ਇਹ ਇਸ ਟੈਕ ਖੇਤਰ ਦੀ ਮਹਾਂਮਾਰੀ ਹੈ।

### ਆਇਰ ਕੰਪਨੀ ਦੀ ਲੀਡ ਪ੍ਰਾਜੈਕਟ ਡਿਜ਼ਾਈਨਰ ਸੀ।

ਉਹ ਉਨ੍ਹਾਂ ਹਜ਼ਾਰਾਂ ਪੜ੍ਹੇ ਲਿਖੇ ਅਤੇ ਗੁਣਵਾਨ ਲੋਕਾਂ ਵਿੱਚ ਸ਼ਾਮਿਲ ਹੈ ਜਿਨ੍ਹਾਂ ਨੂੰ ਅਮਰੀਕਾ ਦੀਆਂ ਟੈਕ ਕੰਪਨੀਆਂ ਨੇ ਨਵੰਬਰ ਮਹੀਨੇ ਕੱਢਿਆ ਸੀ। ਉਸ ਨੇ ਇਸ ਬਾਰੇ ਹਾਲੇ ਆਪਣੇ ਮਾਂ-ਬਾਪ ਨੂੰ ਨਹੀਂ ਦੱਸਿਆ। ਆਇਰ



ਨੂੰ ਭਰੋਸਾ ਹੈ ਕਿ ਉਹ ਨਵੀਂ ਨੌਕਰੀ ਲੱਭ ਲਵੇਗੀ। ਪਰ ਨਾਲ ਹੀ ਉਸ ਨੂੰ ਚਿੰਤਾ ਹੈ ਕਿ ਉਸ ਨੇ ਹਾਲੇ ਤੱਕ ਆਪਣੀ ਪੜ੍ਹਾਈ ਦਾ ਕਰਜ਼ ਵਾਪਸ ਨਹੀਂ ਕੀਤਾ। ਉਸ ਕੋਲ ਭਾਰਤ ਅਤੇ ਅਮਰੀਕਾ ਦੇ ਨਾਮੀ ਕਾਲਜਾਂ ਦੀਆਂ ਡਿਗਰੀਆਂ ਹਨ। ਉਹ ਅਮਰੀਕਾ ਵਿੱਚ ਓ-1 ਵੀਜ਼ੇ ਉੱਪਰ ਕੰਮ ਕਰ ਰਹੀ ਸੀ। ਇਹ 'ਅਸਧਾਰਨ ਅਤੇ ਪ੍ਰਾਪਤੀ' ਕਰਨ ਵਾਲੇ ਲੋਕਾਂ ਨੂੰ ਦਿੱਤਾ ਜਾਂਦਾ ਹੈ।

ਪਰ ਇਸ ਵੀਜ਼ੇ ਦੇ ਨਿਯਮਾਂ ਮੁਤਾਬਕ ਨੌਕਰੀ ਜਾਣ ਦੇ 60 ਦਿਨਾਂ ਤੱਕ ਹੀ ਅਮਰੀਕਾ ਵਿੱਚ ਰਿਹਾ ਜਾ ਸਕਦਾ ਹੈ। ਉਹ ਕਹਿੰਦੀ ਹੈ, ਮੈਂ ਨਵੀਂ ਨੌਕਰੀ ਲੈ ਲਵਾਂ, ਇਸ ਲਈ ਉਨ੍ਹਾਂ ਨੇ ਮੈਨੂੰ ਇੱਕ ਮਹੀਨਾ ਹੋਰ ਦੇ ਦਿੱਤਾ ਹੈ। ਯਾਨੀ ਮੇਰੇ ਕੋਲ 3 ਮਹੀਨੇ ਹਨ।

ਅਮਰੀਕਾ ਦੇ ਵਰਕਰ ਐਡਜਸਟਮੈਂਟ ਐਂਡ ਰੀਟਰੇਨਿੰਗ ਨੋਟੀਫ਼ਿਕੇਸ਼ਨ ਮੁਤਾਬਕ ਕਿਸੇ ਵੀ ਕੰਪਨੀ ਨੂੰ ਵੱਡੇ ਪੱਧਰ 'ਤੇ ਕਰਮਚਾਰੀਆਂ ਨੂੰ ਕੱਢਣ ਤੋਂ ਪਹਿਲਾਂ 60 ਦਿਨਾਂ ਦਾ ਨੋਟਿਸ ਦੇਣਾ ਹੁੰਦਾ ਹੈ।

### ਅਮਰੀਕਾ ਵਿਚ ਨੌਕਰੀਆਂ ਦਾ ਹਾਲ

ਅਮਰੀਕਾ ਵਿੱਚ ਟੈਕ ਕੰਪਨੀਆਂ 'ਚੋਂ ਕੱਢੇ ਨੌਜਵਾਨ ਲੱਭ ਰਹੇ ਨੇ ਨੌਕਰੀਆਂ

ਲੇਆਫ਼ਸ ਡਾਟ ਐਫ਼ਆਈਆਈ ਮੁਤਾਬਕ ਦੁਨੀਆ ਵਿੱਚ 120,000 ਨੌਕਰੀਆਂ ਗਈਆਂ ਹਨ।ਅਮਰੀਕਾ ਵਿੱਚ ਐੱਚ-1 ਬੀ ਅਤੇ ਦੂਜੇ ਵੀਜ਼ਿਆਂ ਉੱਪਰ ਕੰਮ ਕਰਨ ਵਾਲੇ ਵੱਡੀ ਗਿਣਤੀ ਵਿੱਚ ਭਾਰਤੀ ਹਨ। ਕਈਆਂ ਨੇ ਹਾਲੇ ਤੱਕ ਇਸ ਬਾਰੇ ਮਾਂ-ਬਾਪ ਨੂੰ ਨਹੀਂ ਦੱਸਿਆ।ਮੈਟਾ ਨੇ ਸੰਸਾਰ ਪੱਧਰ ਉੱਪਰ 11 ਹਜ਼ਾਰ ਲੋਕਾਂ ਨੂੰ ਕੱਢਿਆ ਹੈ।

### ਕਰਜ਼ ਵਾਪਸੀ ਦੀ ਚਿੰਤਾ

ਇਨ੍ਹਾਂ ਲੋਕਾਂ ਦੀਆਂ ਸਾਰੀਆਂ ਯੋਜਨਾਵਾਂ ਖ਼ਰਾਬ ਹੋ ਗਈਆਂ ਹਨ। ਇਨ੍ਹਾਂ ਕੋਲ ਸਮਾਂ ਘੱਟ ਹੈ ਅਤੇ ਅਮਰੀਕਾ ਵਿੱਚ ਰਹਿ ਰਹੇ ਇਹ ਲੋਕ ਹੁਣ ਪਰੇਸ਼ਾਨ ਹਨ।ਕੁਝ ਲੋਕਾਂ ਨੂੰ ਪਰਿਵਾਰਾਂ ਦਾ ਸਹਾਰਾ ਹੈ ਪਰ ਕਈ ਅਜਿਹੇ ਵੀ ਹਨ ਜਿਨ੍ਹਾਂ ਨੇ ਹਜ਼ਾਰਾਂ ਡਾਲਰ ਦਾ ਕਰਜ਼ ਦੇਣਾ ਹੈ। ਨਮਨ ਕਪੂਰ ਕੋਲ ਐੱਫ਼-1 ਦਾ ਵੀਜ਼ਾ ਹੈ।

ਨੌਕਰੀ ਤੋਂ ਕੱਢੇ ਜਾਣ ਤੋਂ ਪਹਿਲਾਂ ਉਹ ਮੈਟਾ ਵਿੱਚ ਪ੍ਰੋਡਕਸ਼ਨ ਇੰਜੀਨੀਅਰ ਸਨ। ਨਿਊਯਾਰਕ ਯੂਨੀਵਰਸਿਟੀ ਵਿੱਚ ਮਾਸਟਰਜ਼ ਦੀ ਡਿਗਰੀ ਕਰਨ ਲਈ ਉਨ੍ਹਾਂ ਨੇ ਪੈਸੇ ਉਧਾਰ ਲਏ ਸਨ।

ਉਹ ਕਹਿੰਦੇ ਹਨ, ਅਮਰੀਕਾ ਵਿੱਚ ਪੜ੍ਹਾਈ ਦੇ ਨਾਲ-ਨਾਲ ਕੰਮ ਦਾ ਤਜਰਬਾ ਵੀ ਮਿਲਦਾ ਹੈ। ਇੱਥੇ ਪੜ੍ਹਨ ਦਾ ਮਕਸਦ ਇਹੋ ਹੈ। ਮੈਂ ਆਪਣੇ ਖ਼ਰਚੇ ਲਈ ਕੰਮ ਕੀਤਾ।

ਇੰਟਰਵਿਊ ਦੇ ਕਈ ਪੜਾਅ ਪਾਰ ਕਰਨ ਤੋਂ ਬਾਅਦ ਉਸ ਨੂੰ ਨੌਕਰੀ ਮਿਲੀ ਪਰ ਸਿਰਫ਼ ਸੱਤ ਹਫ਼ਤਿਆਂ ਬਾਅਦ ਉਸ ਨੂੰ ਕੱਢ ਦਿੱਤਾ ਗਿਆ। ਉਹ ਕਹਿੰਦੇ ਹਨ, 9 ਨਵੰਬਰ ਨੂੰ ਸਵੇਰੇ ਅੱਠ ਵਜੇ ਮੈਨੂੰ ਬਰਖ਼ਾਸਤਗੀ ਦੀ ਈਮੇਲ ਮਿਲੀ। ਮੈਟਾ ਨੇ ਮੈਨੂੰ ਚਾਰ ਮਹੀਨਿਆਂ ਦੀ ਤਨਖ਼ਾਹ ਦਿੱਤੀ ਪਰ ਮੇਰੇ ਕੋਲ ਨੌਕਰੀ ਲੱਭਣ ਜਾਂ ਵਾਪਸ ਜਾਣ ਲਈ 3 ਮਹੀਨੇ ਦਾ ਸਮਾਂ ਹੈ।

ਮੈਟਾ ਨੇ ਸੰਸਰ ਪੱਧਰ ਉੱਪਰ 11 ਹਜ਼ਾਰ ਲੋਕਾਂ ਨੂੰ ਕੱਢਿਆ ਹੈ।ਹਾਲਾਂਕਿ ਕਿਸ ਦੇਸ਼ ਵਿੱਚੋਂ ਕਿੰਨੇ ਲੋਕਾਂ ਨੂੰ ਕੱਢਿਆ ਹੈ, ਕੰਪਨੀ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਮੈਟਾ ਦੇ ਸੀਈਓ ਮਾਰਕ ਜ਼ਕਰਬਰਗ ਨੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਕੱਢਿਆ ਗਿਆ ਹੈ, ਉਨ੍ਹਾਂ ਨੂੰ 16 ਹਫ਼ਤਿਆਂ ਦੀ ਬੇਸਿਕ ਤਨਖ਼ਾਹ ਅਤੇ ਹਰ ਇੱਕ ਸਾਲ ਲਈ 2 ਹਫ਼ਤਿਆਂ ਦੀ ਤਨਖ਼ਾਹ ਦਿੱਤੀ ਗਈ ਹੈ।

ਜਿਨ੍ਹਾਂ ਲੋਕਾਂ ਨੂੰ ਕੱਢਿਆ ਗਿਆ ਹੈ, ਉਨ੍ਹਾਂ ਵਿੱਚੋਂ ਕਈ ਤਾਂ ਕੁਝ ਸਾਲ ਪਹਿਲਾਂ ਹੀ



ਅਮਰੀਕਾ ਆਏ ਸਨ। ਹਾਲਾਂਕਿ ਕਈ ਲੋਕਾਂ ਲਈ ਅਮਰੀਕਾ ਹੀ ਉਨ੍ਹਾਂ ਦਾ ਘਰ ਹੈ। ਉਹ ਕਈ ਸਾਲਾਂ ਤੋਂ ਉੱਥੇ ਹੀ ਰਹਿ ਰਹੇ ਹਨ। ਮਿਸ ਭਾਰਤ ਕੈਲੀਫੋਰਨੀਆ ਮੁਕਾਬਲੇ ਦੀ ਜੇਤੂ ਸੁਰਭੀ ਗੁਪਤਾ ਜੋ ਨੈਟਫਲਿਕਸ ਦੀ ਸੀਰੀਜ਼ ਇੰਡੀਆਨ ਮੈਚਮੈਕਿੰਗ ਵਿੱਚ ਵੀ ਆਈ ਸੀ, ਉਹ 2009 ਤੋਂ ਅਮਰੀਕਾ ਵਿੱਚ ਰਹਿ ਰਹੀ ਸੀ। ਮੈਟਾ ਵਿੱਚ ਉਹ ਬਤੌਰ ਪ੍ਰਾਜੈਕਟ ਮੈਨੇਜਰ ਕੰਮ ਕਰ ਰਹੀ ਸੀ, ਪਰ ਨਵੰਬਰ ਵਿੱਚ ਉਨ੍ਹਾਂ ਨੂੰ ਵੀ ਕੱਢ ਦਿੱਤਾ ਗਿਆ।

ਉਹ ਕਹਿੰਦੇ ਹਨ, ਮੇਰੀ ਜ਼ਿੰਦਗੀ ਵੀਜ਼ੇ ਉੱਪਰ ਹੀ ਨਿਰਭਰ ਹੈ। ਮੈਂ 15 ਸਾਲਾਂ ਤੋਂ ਬਹੁਤ ਮਿਹਨਤ ਕੀਤੀ। ਮੈਂ ਕਿਸੇ ਉੱਪਰ ਵੀ ਨਿਰਭਰ ਨਹੀਂ ਹਾਂ। ਹੁਣ ਮੈਨੂੰ ਨਵੀਂ ਨੌਕਰੀ ਲੱਭਣੀ ਪੈਣੀ ਹੈ। ਦਸੰਬਰ ਆਉਣ ਵਾਲਾ ਹੈ ਅਤੇ ਛੁੱਟੀਆਂ ਕਾਰਨ ਭਰਤੀ ਵੀ ਘੱਟ ਹੀ ਹੋ ਰਹੀ। ਮੈਂ ਪ੍ਰੀਖਿਆ ਦੇ-ਦੇ ਕੇ ਥੱਕ ਗਈ ਹਾਂ, ਮੈਂ ਕਿੰਨੀ ਕੁ ਮਜ਼ਬੂਤ ਹੋ ਸਕਦੀ ਹਾਂ ?

ਜਿਨ੍ਹਾਂ ਲੋਕਾਂ ਦੀ ਨੌਕਰੀ ਚਲੀ ਗਈ, ਉਹ ਸਿਰਫ਼ ਨੌਕਰੀ ਨਹੀਂ ਲੱਭ ਰਹੇ ਬਲਕਿ ਅਜਿਹੀਆਂ ਕੰਪਨੀਆਂ ਲੱਭ ਰਹੇ ਹਨ ਜੋ ਉਨ੍ਹਾਂ ਦੇ ਵੀਜ਼ੇ ਦਾ ਕੰਮ ਵੀ ਕਰਵਾ ਦੇਣ।

ਇਸ ਦਾ ਕਾਰਨ ਹੈ ਕਿ ਉਨ੍ਹਾਂ ਨੂੰ ਵੀਜ਼ਾ ਤਬਦੀਲੀ ਦੀ ਔਖੀ ਪ੍ਰਕਿਰਿਆ ਪੂਰੀ ਕਰਨ ਲਈ ਸਮਾਂ ਮਿਲ ਜਾਵੇਗਾ।

ਸੈਨ ਜੋਸ ਵਿੱਚ ਰਹਿਣ ਵਾਲੀ ਇਮੀਗ੍ਰੇਸ਼ਨ ਅਟਾਰਨੀ ਸਵਾਤੀ ਖੰਡੇਲਵਾਲ ਕਹਿੰਦੀ ਹੈ ਕਿ ਆਖ਼ਰੀ ਸਮੇਂ ਵਿੱਚ ਨੌਕਰੀ ਲੱਭਣਾ ਕਾਫ਼ੀ ਔਖਾ ਕੰਮ ਹੁੰਦਾ ਹੈ। ਕਈ ਲੋਕ ਮਦਦ ਲਈ ਸਾਹਮਣੇ ਆਏ ਹਨ।



ਸਵਾਤੀ

ਖੰਡੇਲਵਾਲ ਕਹਿੰਦੀ ਹੈ, ਜੇਕਰ ਨੌਕਰੀ ਦੇਣ ਵਾਲਾ 60 ਦਿਨਾਂ ਅੰਦਰ ਵੀਜ਼ਾ ਤਬਦੀਲ ਨਹੀਂ ਕਰਵਾ ਸਕਦਾ ਤਾਂ ਲੋਕਾਂ ਨੂੰ ਅਮਰੀਕਾ ਛੱਡ ਕੇ ਜਾਣਾ ਪਵੇਗਾ। ਕਾਗ਼ਜ਼ੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਉਹ ਫੇਰ ਵਾਪਸ ਆ ਸਕਦਾ ਹੈ। ਪਰ ਸੱਚ ਇਹ ਹੈ ਕਿ ਅਜਿਹੇ ਲੋਕ ਭਾਰਤ ਵਿੱਚ ਫਸ ਜਾਣਗੇ ਕਿਉਂਕਿ ਵਣਜ ਦੂਤਾਵਾਸ ਵਿੱਚ ਮੁਲਾਕਾਤ ਨਹੀਂ ਮਿਲਦੀ।

ਖੰਡੇਲਵਾਲ ਮੁਤਾਬਕ, ਇਹ ਖ਼ਾਸ ਤੌਰ 'ਤੇ ਸਭ ਤੋਂ ਵੱਧ ਭਾਰਤੀਆਂ ਨੂੰ ਪ੍ਰਭਾਵਿਤ ਕਰੇਗਾ। ਲੋਕਾਂ ਵੱਲੋਂ ਸਲਾਹ ਲਈ ਆਉਣ ਵਾਲੀਆਂ ਕਾਲਾਂ ਦੀ ਗਿਣਤੀ ਵੱਧ ਗਈ ਹੈ। ਹਰ ਕੋਈ ਪ੍ਰੇਸ਼ਾਨ ਹੈ। ਉਹ ਵੀ ਜਿਨ੍ਹਾਂ ਦੀ ਨੌਕਰੀ ਬਚੀ ਹੋਈ ਹੈ। ਡਰ ਹੈ ਕਿ ਬਾਅਦ ਵਿੱਚ ਉਨ੍ਹਾਂ ਦਾ ਨੰਬਰ ਆਏਗਾ। ਉਹ ਕਹਿੰਦੇ ਹਨ, ਮੈਂ ਇੱਕ ਜ਼ੀਨੋ ਬਣਾਇਆ ਹੈ ਤਾਂ ਕਿ ਜਿਨ੍ਹਾਂ ਲੋਕਾਂ ਦੀ ਨੌਕਰੀ ਗਈ ਹੈ, ਉਨ੍ਹਾਂ ਨੂੰ ਜਲਦੀ ਨੌਕਰੀ ਮਿਲ ਸਕੇ। ਇਸ ਉੱਪਰ ਹਾਲੇ ਤੱਕ 15000 ਵਿਜ਼ਟ ਹੋਈ ਹੈ। ਮੇਰੇ ਲਿੰਕਡਿਨ ਉੱਤੇ ਛੇ ਲੱਖ ਤੋਂ ਜ਼ਿਆਦਾ ਵਿਊਜ਼ ਹਨ। ਕਰੀਬ 100 ਉਮੀਦਵਾਰ, 25 ਕੰਪਨੀਆਂ ਅਤੇ 30 ਮੈਂਟਰ ਨੇ ਸਾਈਨਅੱਪ ਕੀਤਾ ਹੈ। ਕਈ ਇਮੀਗ੍ਰੇਸ਼ਨ ਅਟਾਰਨੀ ਨੇ ਵੀ ਮਦਦ ਦੀ ਪੇਸ਼ਕਸ਼ ਕੀਤੀ ਹੈ।ਸੌਮਯਾ ਆਇਰ ਕਹਿੰਦੇ ਹਨ, ਅਸੀਂ ਕੰਪਨੀ ਦੀ ਹਾਲਤ ਚੰਗੀ ਬਣਾਉਣ ਲਈ ਕਦਮ ਚੁੱਕੇ, ਪਰ ਅਸੀਂ ਇਹ ਉਮੀਦ ਨਹੀਂ ਕੀਤੀ ਸੀ ਕਿ ਇਸ ਦਾ ਅਸਰ ਸਾਡੇ ਉੱਪਰ ਪਵੇਗਾ। ਜਦੋਂ ਤੱਕ ਤੁਹਾਡੇ ਉੱਪਰ ਅਸਰ ਨਹੀਂ ਪੈਂਦਾ, ਤੁਸੀਂ ਸਹੀ ਹਾਲਤ ਨੂੰ ਨਹੀਂ ਸਮਝ ਸਕਦੇ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

30 ਨਵੰਬਰ ਤੋਂ 6 ਦਸੰਬਰ, 2022

## ਬੱਬਰ ਅਕਾਲੀ ਲਹਿਰ ਦੇ 100 ਸਾਲ

ਬੱਬਰ ਅਕਾਲੀ ਲਹਿਰ ਸਰਬੱਤ ਦੇ ਭਲੇ ਦੀ ਖਾਤਰ ਧਰਮ ਦੇ ਰਸਤੇ ਉਪਰ ਚੱਲਦਿਆਂ ਸਿੱਖ ਰਾਜ ਦੀ ਦੁਬਾਰਾ ਬਹਾਲੀ ਅਤੇ ਇੰਡੀਆ ਵਿਚ ਸਭ ਕੌਮਾਂ ਅਤੇ ਪਹਿਚਾਣਾਂ ਨੂੰ ਉਨ੍ਹਾਂ ਦਾ ਬਣਦਾ ਰਾਜ ਪ੍ਰਬੰਧ ਦਾ ਹੱਕ ਦੁਆਉਣ ਲਈ ਲੜੀ ਗਈ ਸੀ। ਪੂਰੇ ਪੰਜਾਬ ਅਤੇ ਖਾਸ ਕਰ ਦੁਆਬੇ ਦੇ ਇਲਾਕੇ ਵਿਚ ਸਰਗਰਮ ਰਹੀ ਇਸ ਲਹਿਰ ਦਾ ਪਿਛਲੇ ਦਿਨੀਂ ਦੁਆਬੇ ਦੀ ਧਰਤੀ ਤੇ 100 ਸਾਲਾ ਸਥਾਪਨਾ ਦਿਵਸ ਮਨਾਇਆ ਗਿਆ।

ਬੱਬਰ ਅਕਾਲੀ ਕਹਾਉਣ ਵਾਲੇ ਇਸ ਜਥੇ ਦੇ ਸਿੰਘ ਪੂਰਨ ਗੁਰਸਿੱਖ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪਹਿਲਾਂ ਅੰਗਰੇਜ਼ੀ ਸਰਕਾਰ ਵਿਚ ਸਿੱਖ ਫੌਜੀਆਂ ਵਜੋਂ ਭਰਤੀ ਹੋਏ ਸਨ। ਸਾਕਾ ਨਨਕਾਣਾ ਸਾਹਿਬ ਅਤੇ ਉਸ ਤੋਂ ਬਾਅਦ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਸਿੰਘਾਂ ਦੀਆਂ ਹੋਈਆਂ ਸ਼ਹੀਦੀਆਂ ਅਤੇ ਸ਼ਾਂਤਮਈ ਸਿੱਖਾਂ ’ਤੇ ਹੁੰਦੇ ਜ਼ੁਲਮਾਂ ਖਿਲਾਫ਼ ਭਾਈ ਕਿਸ਼ਨ ਸਿੰਘ ਗੜਗੱਜ ਅਤੇ ਭਾਈ ਦੌਲਤ ਸਿੰਘ ਕਰਮਪੁਰ ਨੇ ਸੰਘਰਸ਼ ਨੂੰ ਹਥਿਆਰਬੰਦ ਕਰਕੇ ਅੰਗਰੇਜ਼ਾਂ ਖਿਲਾਫ ਬਗਾਵਤ ਕਰਨ ਦਾ ਸੱਦਾ ਦਿੱਤਾ। ਜਥੇ ਬਣਾਉਣ ਤੋਂ ਬਾਅਦ ਬੱਬਰ ਅਕਾਲੀਆਂ ਨੇ ਅੰਗਰੇਜ਼ ਸਰਕਾਰ ਵਿਰੁੱਧ ਲਗਾਤਾਰ ਪ੍ਰਚਾਰ ਕਰਕੇ ਲੋਕਾਂ ਨੂੰ ਸਰਕਾਰ ਵਿਰੁਧ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ। ਪ੍ਰਚਾਰ ਵਿਚ ਬੱਬਰ ਅਕਾਲੀ ਲੋਕਾਂ ਨੂੰ ਖਾਲਸਾ ਰਾਜ ਦੀ ਯਾਦ ਦੁਆਉਂਦੇ ਸਨ ਅਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਨੂੰ ਬੇਪਰਦ ਕਰਦੇ ਸਨ। ਇਸ ਪ੍ਰਚਾਰ ਦੇ ਸਦਕੇ ਲੋਕਾਂ ਵਿਚ ਅੰਗਰੇਜ਼ੀ ਰਾਜ ਪ੍ਰਤੀ ਲਗਾਅ ਘਟ ਗਿਆ ਅਤੇ ਸਰਕਾਰ ਨੇ ਬੱਬਰਾਂ ਵਿਰੁੱਧ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ।

ਜ਼ਮੀਨੀ ਪੱਧਰ ’ਤੇ ਜੁਝਾਰੂ ਸਰਗਰਮੀ ਕਰਦਿਆਂ ਇਨ੍ਹਾਂ ਸਿੰਘਾਂ ਨੇ ਅੰਗਰੇਜ਼ ਹਕੂਮਤ ਨਾਲ ਮਿਲੇ ਜੈਲਦਾਰ, ਨੰਬਰਦਾਰਾਂ, ਪਟਵਾਰੀਆਂ ਅਤੇ ਮੁਖਬਰ ਨੂੰ ਲੁੱਟ ਕੇ ਜਥੇ ਦੇ ਖਰਚੇ ਲਈ ਖਜ਼ਾਨੇ ਪੂਰੇ ਕੀਤੇ ਅਤੇ ਇਨ੍ਹਾਂ ਦੀ ਅਲਖ ਮੁਕਾ ਕੇ ਹਕੂਮਤ ਦੇ ਦਿਲ ਵਿੱਚ ਦਹਿਲ ਪਾ ਦਿੱਤਾ। ਗੁਰੂ ਕੇ ਬਾਗ ਮੋਰਚੇ ਦੇ ਮੁੱਖ ਦੋਸ਼ੀ ਅਫਸਰ ਬੀ.ਟੀ. ਨੂੰ ਅਤੇ ਵਿਦੇਸ਼ ਦੀ ਧਰਤੀ ਉਪਰ ਦੋਸ਼ੀ ਅੰਗਰੇਜ਼ ਅਫਸਰਾਂ ਨੂੰ ਵੀ ਬੱਬਰ ਅਕਾਲੀਆਂ (ਸ਼ਹੀਦ ਊਧਮ ਸਿੰਘ) ਨੇ ਸਬਕ ਸਿਖਾ ਕੇ ਸਿੱਖੀ ਅਣਖ ਦੀਆਂ ਹਕੂਮਤ ਨੂੰ ਝਲਕਾਂ ਵਿਖਾਈਆਂ। ਇੱਕ ਅਜਿਹਾ ਸਮਾਂ ਵੀ ਦੁਆਬੇ ਵਿਚ ਆਇਆ ਜਦੋਂ ਅੰਗਰੇਜ਼ੀ ਸਰਕਾਰ ਇਹ ਵਿਚਾਰ ਕਰਨ ਲੱਗੀ ਕਿ ਹਕੂਮਤ ਦੀ ਮਰਜ਼ੀ ਨਾ ਚੱਲਣ ਕਰਕੇ ਦੁਆਬੇ ਨੂੰ ਰਿਆਸਤ ਕਪੂਰਥਲਾ ਵਿਚ ਹੀ ਜੋੜ ਦਿੱਤਾ ਜਾਣਾ ਚਾਹੀਦਾ ਹੈ। ਬੱਬਰ ਅਕਾਲੀਆਂ ਨੇ ਲੋਕਾਂ ਨੂੰ ਹਕੂਮਤ ਤੋਂ ਭੈਅ ਰਹਿਤ ਕਰ ਦਿੱਤਾ ਸੀ। ਭਾਵੇਂ ਕਿ ਬੱਬਰ ਅਕਾਲੀ ਲਹਿਰ ਇੱਕ ਦਹਾਕਾ ਤੱਕ ਚੱਲਦੀ ਰਹੀ ਪਰ ਦੋ ਸਾਲ ਦੁਆਬੇ ਵਿੱਚ ਬੱਬਰ ਅਕਾਲੀਆਂ ਦਾ ਪੂਰਾ ਜ਼ੋਰ ਰਿਹਾ।

ਹਥਿਆਰਬੰਦ ਜੱਦੋ-ਜਹਿਦ ਵਾਲੀ ਇਸ ਲਹਿਰ ਨੇ ਫਿਰੰਗੀ ਹਕੂਮਤ ਦੇ ਮਨ ਵਿਚ ਖੌਫ ਅਤੇ ਤਰਥੱਲੀ ਮਚਾ ਦਿੱਤੀ ਸੀ। ਬੱਬਰ ਅਕਾਲੀਆਂ ਯੋਧਿਆਂ ਨੂੰ 1947 ਦੇ ਸੱਤਾ ਤਬਾਦਲੇ ਤੋਂ ਬਾਅਦ ਲਿਖੇ ਗਏ ਇਤਿਹਾਸ ਵਿਚ ਬਣਦੀ ਥਾਂ ਨਹੀਂ ਦਿੱਤੀ ਗਈ। ਦੋਆਬੇ ਦੇ ਪੰਥ ਸੇਵਕਾਂ ਦੇ ਉੱਦਮ ਸਦਕਾ ਇੱਕ ਸਦੀ ਬਾਅਦ ਇਨ੍ਹਾਂ ਬੱਬਰ ਅਕਾਲੀਆਂ ਦੇ ਪਰਿਵਾਰਾਂ ਅਤੇ ਇਨ੍ਹਾਂ ਦੇ ਪਿੰਡਾਂ ਨੂੰ ਸਨਮਾਨ ਦਿੱਤਾ ਗਿਆ। ਆਓ ਇੱਕ ਸਦੀ ਬਾਅਦ ਅਰਦਾਸ ਕਰੀਏ ਕਿ ਸੱਚੇ ਪਾਤਿਸ਼ਾਹ ਸਾਨੂੰ ਆਪਣੇ ਸ਼ਹੀਦਾਂ ਨੂੰ ਯਾਦ ਰੱਖਣ ਅਤੇ ਉਨ੍ਹਾਂ ਦੀ ਪੈੜ ਵਿਚ ਪੈੜ ਰੱਖਣ ਦਾ ਬਲ ਬਖਸ਼, ਜੋ ਪੂਰਨੇ ਉਹ ਪਾ ਗਏ ਅਸੀਂ ਉਨ੍ਹਾਂ ਦੀਆਂ ਕਥਾਵਾਂ ਆਪਣੀ ਅਗਲੀ ਪੀੜ੍ਹੀ ਨੂੰ ਸੁਣਾਈਏ।

### ਵਿਵਾਦਤ ਫਿਲਮ ਮਸਲਾ : ਬਿਆਨਬਾਜ਼ੀ ’ਤੇ ਸਿਮਟੀਆਂ ਸੰਸਥਾਵਾਂ

ਵਿਵਾਦਤ ਫਿਲਮ ‘ਦਾਸਤਾਨ-ਏ-ਸਰਹਿੰਦ’ ਨੂੰ ਬੰਦ ਕਰਵਾਉਣ ਲਈ ਸਿੱਖ ਸੰਗਤ ਵਲੋਂ ਲਗਾਤਾਰ ਹੋ ਰਹੇ ਰੋਸ ਪ੍ਰਦਰਸ਼ਨਾਂ ਅਤੇ ਵਿਰੋਧ ਦੇ ਚੱਲਦਿਆਂ ਸ਼੍ਰੋਮਣੀ ਕਮੇਟੀ ਅਤੇ ਹੋਰਨਾਂ ਜਥੇਬੰਦੀਆਂ ਨੇ ਚੁੱਪ ਤੋੜੀ ਹੈ।

ਸ਼੍ਰੋਮਣੀ ਕਮੇਟੀ ਸਕੱਤਰ ਨੇ ਇਹ ਗੱਲ ਸਾਫ ਕੀਤੀ ਹੈ ਕਿ ‘ਦਾਸਤਾਨ-ਏ-ਸਰਹਿੰਦ’ ਨਾਮੀ ਵਿਵਾਦਤ ਫਿਲਮ ਨੂੰ ਉਨ੍ਹਾਂ ਵਲੋਂ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ। ਇਸ ’ਤੇ ਬਿਆਨ ਦਿੰਦਿਆਂ ਫਿਲਮ ਬਣਾਉਣ ਵਾਲੇ ਅਤੇ ਨਿਰਦੇਸ਼ਕਾਂ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਉਨ੍ਹਾਂ ਕੋਲ ਹੈ, ਜਿਸ ਨੂੰ ਉਹ ਛੇਤੀ ਜਨਤਕ ਕਰਨਗੇ। ਸ਼੍ਰੋਮਣੀ ਕਮੇਟੀ ਨੇ ਇਸ ਮਸਲੇ ਵਿਚ ਖੁਦ ਨੂੰ ਫਸਦਿਆਂ ਮਹਿਸੂਸ ਕਰਦਿਆਂ ਮੁੜ ਚੁੱਪ ਵੱਟੀ ਹੋਈ ਹੈ। ਪਿਛਲੇ ਦਿਨੀਂ ਫਿਲਮ ਦੀ ਟੀਮ ਅਤੇ ਸ਼੍ਰੋਮਣੀ ਕਮੇਟੀ ਦੀ ਸਬ-ਕਮੇਟੀ ਦੀ ਮੀਟਿੰਗ ਹੋਣ ਅਤੇ ਫਿਲਮ ਵੇਖਣ ਦੀ ਗੱਲ ਬਾਹਰ ਆਈ ਪਰ ਸੰਗਤ ਦੇ ਰੋਹ ਕਾਰਨ ਉਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਵੀ ਮੈਂਬਰ ਨਾ ਪਹੁੰਚਿਆ। ਜ਼ਿਕਰਯੋਗ ਹੈ ਕਿ ਅਜੇ ਤੱਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਮਸਲੇ ’ਤੇ ਇੱਕ ਵੀ ਸ਼ਬਦ ਨਹੀਂ ਬੋਲਿਆ ਗਿਆ। ਗਿਆਨੀ ਹਰਪ੍ਰੀਤ ਸਿੰਘ ਨੂੰ ਜਦੋਂ ਸ਼੍ਰੋਮਣੀ ਕਮੇਟੀ ਨੇ ਕਾਰਜਕਾਰੀ ਜਥੇਦਾਰ ਲਾਇਆ ਤਾਂ ਉਨ੍ਹਾਂ ਕਈ ਵਾਰ ਇਹ ਗੱਲ ਕਹੀ ਕਿ ਸੰਗਤ ਸਾਥ ਦੇਵੇ ਤਾਂ ਅਕਾਲ ਤਖਤ ਸਾਹਿਬ ਤੋਂ ਮੁੜ ਅਕਾਲੀ ਫੂਲਾ ਸਿੰਘ ਜਿਹੀ ਭੂਮਿਕਾ ਪਰਗਟ ਹੋ ਸਕਦੀ ਹੈ। ਦੇਸ਼-ਵਿਦੇਸ਼ ਤੋਂ ਸਿੱਖ ਬੀਤੇ ਕਈ ਦਿਨਾਂ ਤੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਨਿੱਜੀ ਅਤੇ ਜਨਤਕ ਤੌਰ ਉੱਤੇ ਦਸਮ ਪਾਤਿਸ਼ਾਹ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਸਵਾਂਗ ਰਚਦੀ ਫਿਲਮ ‘ਦਾਸਤਾਨ-ਏ-ਸਰਹੰਦ ’ ਬੰਦ ਕਰਵਾਉਣ ਅਤੇ ਅਜਿਹੇ ਸਵਾਂਗਾਂ ਦੀ ਪੱਕੀ ਮਨਾਹੀ ਕਰਨ ਲਈ ਕਹਿ ਰਹੇ ਹਨ ਪਰ ਉਹ ਇਸ ਮਾਮਲੇ ਉੱਤੇ ਬਿਲਕੁਲ ਚੁੱਪ ਹਨ। ਇਹੀ ਹਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਹੈ, ਜਿਹੜੇ ਲੰਘੇ ਹਫਤੇ ਤੋਂ ਸੰਪਰਕ ਕਰ ਰਹੇ ਪੰਥ ਦਰਦੀਆਂ ਨੂੰ ਦੋ ਦਿਨ ਦਾ ਲਾਰਾ ਲਾ ਰਹੇ ਹਨ ਕਿ ਅਸੀਂ ‘ਦੋ ਦਿਨਾਂ ਵਿਚ’ ਧਰਮ ਪ੍ਰਚਾਰ ਕਮੇਟੀ ਦਾ ਮਤਾ ਜਾਰੀ ਕਰ ਰਹੇ ਹਾਂ ਇਸ ਫਿਲਮ ਅਤੇ ਅਜਿਹੇ ਸਵਾਂਗਾਂ ਦੀ ਮਨਾਹੀ ਦਾ ਪਰ ਅਜੇ ਤੱਕ ਇਹ ਦੋ ਦਿਨ ਪੂਰੇ ਨਹੀਂ ਹੋਏ।

ਵਿਵਾਦਤ ਫਿਲਮ ਮਸਲੇ ਵਿਚ ਸ਼੍ਰੋਮਣੀ ਕਮੇਟੀ ਦੀ ਹੁਣ ਤੱਕ ਦੀ ਭੂਮਿਕਾ ਨਾ ਪੱਖੀ ਹੀ ਰਹੀ ਹੈ। ਸਹੀ ਤੇ ਇਹ ਬਣਦਾ ਸੀ ਕਿ ਜੇਕਰ ਫਿਲਮ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਤਾਂ ਕੋਈ ਚਾਰਾਜੋਈ ਕਰਨ ਲਈ ਸੈਂਸਰ ਬੋਰਡ ਜਾਂ ਹਕੂਮਤ ਦੀਆਂ ਹੋਰ ਸੰਸਥਾਵਾਂ ਨੂੰ ਕਾਰਵਾਈ ਕਰਨ ਲਈ ਕਿਹਾ ਜਾਂਦਾ ਤੇ ਬੰਦ ਕਰਵਾਉਣ ਤੱਕ ਪੈਰਵਾਈ ਕੀਤੀ ਜਾਂਦੀ। ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਕਾਰਜ ਨਾ ਕਰਨ ਦੇ ਨਤੀਜੇ ਵਜੋਂ ਸ਼੍ਰੋਮਣੀ ਕਮੇਟੀ ਦੀ ਸਾਖ ਖੁਰਦੀ ਜਾ ਰਹੀ ਹੈ ਜਿਸਦਾ ਫਾਇਦਾ ਹਕੂਮਤ ਵਲੋਂ ਲਿਆ ਜਾ ਰਿਹਾ ਹੈ, ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਕਈ ਟੁਕੜੇ ਹੋ ਗਏ ਹਨ ਪਰ ਸੰਗਤ ਦਾ ਸਾਥ ਕਮੇਟੀ ਨੂੰ ਨਹੀਂ ਮਿਲਿਆ।

ਅਹੁਦੇ ਉੱਤੇ ਕੋਈ ਸਦੀਵ ਨਹੀਂ ਰਹਿੰਦਾ ਪਰ ਅਹੁਦੇ ਉੱਤੇ ਬੈਠ ਕੇ ਕੀਤੇ ਅਤੇ ਨਾ-ਕੀਤੇ ਕੰਮ ਸਦਾ ਲਈ ਇਤਿਹਾਸ ਵਿਚ ਦਰਜ ਹੋ ਜਾਂਦੇ ਹਨ। ਭਾਵੇਂ ਅਹੁਦਿਆਂ ਵਾਲੇ ਹਾਲੀ ਤੱਕ ਆਪਣੀ ਜਿੰਮੇਵਾਰੀ ਨਿਭਾਉਣ ਤੋਂ ਟਾਲਾ ਵੱਟਦੇ ਨਜ਼ਰ ਆ ਰਹੇ ਹਨ ਪਰ ਸੰਗਤ ਇਸ ਮਾਮਲੇ ਵਿਚ ਦ੍ਰਿੜ ਹੈ ਕਿ ਇਹ ਵਿਵਾਦਤ ਫਿਲਮ ਰੋਕੀ ਜਾਵੇਗੀ। ਇਤਿਹਾਸ ਦਾ ਇਹ ਪੰਨਾ ਬਹੁਤ ਅਹਿਮ ਹੈ, ਚੁੱਪ ਵੀ ਯਾਦ ਰੱਖੀ ਜਾਏਗੀ ਅਤੇ ਬੋਲ ਵੀ।

-ਸੰਪਾਦਕ

# ਦੇਸ਼ ਨੂੰ ਨਿਗਲ ਰਿਹੈ ਬੇਰੁਜ਼ਗਾਰੀ ਦਾ ਦੈਂਤ



ਗੁਰਮੀਤ ਸਿੰਘ ਪਲਾਹੀ
ਮੋ. 9815802070

*ਭਾਰਤ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦਾ ਦੈਂਤ ਨਿਗਲ ਰਿਹਾ ਹੈ। ਪਿਛਲੇ ਸਾਲਾਂ ’ਚ ਸਰਕਾਰ ਵਲੋਂ 14 ਕਰੋੜ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ ਇਹ ਗਿਣਤੀ ਤਾਂ ਏਨੇ ਸਾਲਾਂ ਵਿਚ ਮਸਾਂ ਕੁਝ ਲੱਖ ਹੀ ਬਣਦੀ ਹੈ। ਭਾਰਤ ਸਰਕਾਰ ਨੇ ਲੋਕ ਸਭਾ ’ਚ ਦੱਸਿਆ ਸੀ ਕਿ 2014 ਤੋਂ 2022 ਤੱਕ 7.22 ਲੱਖ ਲੋਕਾਂ ਨੂੰ ਨੌਕਰੀ ਦਿੱਤੀ ਗਈ ਹੈ, ਜਦਕਿ ਇਨ੍ਹਾਂ ਨੌਕਰੀਆਂ ਲਈ 22 ਕਰੋੜ ਤੋਂ ਵੀ ਜ਼ਿਆਦਾ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹਨ। ਰੁਜ਼ਗਾਰ ਸਿਰਜਨ ਦੀ ਪ੍ਰਕਿਰਿਆ ਇੰਨੀ ਚਿੰਤਾਜਨਕ ਹੈ ਕਿ ਦੇਸ਼ ਦੇ ਅਰਥਚਾਰੇ ’ਚ ਗਿਰਾਵਟ ਕਾਰਨ ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।*

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 71 ਹਜ਼ਾਰ ਨੌਕਰੀਆਂ ਦੇਣ ਦੀ ਪ੍ਰੈੱਸ ਵਿੱਚ ਵੱਡੀ ਚਰਚਾ ਹੈ। ਇਵੇਂ ਲੱਗਦਾ ਹੈ ਜਿਵੇਂ ਪ੍ਰਧਾਨ ਮੰਤਰੀ ਭਾਰਤ ਵਿੱਚ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਬਹੁਤ ਸੰਜੀਦਾ ਹਨ। ਸਾਲ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਤੋ ਪਹਿਲਾਂ ਪ੍ਰਧਾਨ ਮੰਤਰੀ ਦੀ ਪਾਰਟੀ ਭਾਜਪਾ ਨੇ ਨੌਜਵਾਨਾਂ ਲਈ ਪ੍ਰਤੀ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਚਨ ਕੀਤਾ ਸੀ। ਪਰ ਪਿਛਲੇ 7-8 ਸਾਲਾਂ ਵਿੱਚ ਮੋਦੀ ਸਰਕਾਰ ਨੇ ਕਿੰਨੀਆਂ ਨੌਕਰੀਆਂ ਦਿੱਤੀਆਂ ਹਨ, ਉਹ ਕਿਸੇ ਤੋਂ ਲੁਕਿਆ ਛੁਪਿਆ ਨਹੀਂ। ਭਾਰਤ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦਾ ਦੈਂਤ ਨਿਗਲ ਰਿਹਾ ਹੈ। ਪਿਛਲੇ ਸਾਲਾਂ ’ਚ ਸਰਕਾਰ ਵਲੋਂ 14 ਕਰੋੜ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ ਇਹ ਗਿਣਤੀ ਤਾਂ ਏਨੇ ਸਾਲਾਂ ਵਿਚ ਮਸਾਂ ਕੁਝ ਲੱਖ ਹੀ ਬਣਦੀ ਹੈ। ਭਾਰਤ ਸਰਕਾਰ ਨੇ ਲੋਕ ਸਭਾ ’ਚ ਦੱਸਿਆ ਸੀ ਕਿ 2014 ਤੋਂ 2022 ਤੱਕ 7.22 ਲੱਖ ਲੋਕਾਂ ਨੂੰ ਨੌਕਰੀ ਦਿੱਤੀ ਗਈ ਹੈ, ਜਦਕਿ ਇਨ੍ਹਾਂ ਨੌਕਰੀਆਂ ਲਈ 22 ਕਰੋੜ ਤੋਂ ਵੀ ਜ਼ਿਆਦਾ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹਨ। ਰੁਜ਼ਗਾਰ ਸਿਰਜਨ ਦੀ ਪ੍ਰਕਿਰਿਆ ਇੰਨੀ ਚਿੰਤਾਜਨਕ ਹੈ ਕਿ ਦੇਸ਼ ਦੇ ਅਰਥਚਾਰੇ ’ਚ ਗਿਰਾਵਟ ਕਾਰਨ ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਬੇਰੁਜ਼ਗਾਰੀ ਦੇਸ਼ ਦੇ ਹਰੇਕ ਸੂਬੇ ’ਚ ਫੰਨ ਫਲਾਈ ਬੈਠੀ ਹੈ, ਪਰ ਪੰਜਾਬ, ਹਰਿਆਣਾ ਵਿਚ ਬੇਰਜ਼ੁਗਾਰੀ ਦੀ ਦਰ ਰਾਸ਼ਟਰੀ ਬੇਰੁਜ਼ਗਾਰੀ ਦੀ ਦਰ ਤੋਂ ਵੱਧ ਹੈ। ਸਿੱਟੇ ਵਜੋਂ ਖ਼ਾਸ ਕਰਕੇ ਨੌਜਵਾਨਾਂ ’ਚ ਨਿਰਾਸ਼ਾ ਹੈ। ਬਿਨ੍ਹਾਂ ਸ਼ੱਕ ਕਰੋਨਾ ਕਾਰਨ ਦੇਸ਼ ਦੇ ਹਾਲਾਤ ਖ਼ਰਾਬ ਹੋਏ। ਲੋਕਾਂ ਦੇ ਰੁਜ਼ਗਾਰ ਖੁੱਸ ਗਏ। ਉਨ੍ਹਾਂ ਦੀ ਆਮਦਨ ’ਚ ਕਮੀ ਆਈ ਹੈ। ਪਰ ਸਰਕਾਰ ਵਲੋਂ ਬੇਰਜ਼ੁਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਹੋਏ। ਮੋਦੀ ਸਰਕਾਰ ਜਦੋਂ ਵੀ ਚੋਣਾਂ ਆਉਂਦੀਆਂ ਹਨ, ਵੱਡੇ-ਵੱਡੇ ਦਮਗਜੇ ਮਾਰਦੀ ਹੈ, ਲੋਕਾਂ ਨੂੰ ਭਰਮਾਉਂਦੀ ਹੈ ਅਤੇ ਵੋਟਾਂ ਪ੍ਰਾਪਤ ਕਰਕੇ ਫਿਰ ਸੁਸਰੀ ਵਾਂਗਰ ਸੌਂ ਜਾਂਦੀ ਹੈ।

2021-22 ਦੇ ਬਜਟ ਵਿੱਚ 1.97 ਲੱਖ ਕਰੋੜ ਰੁਪਏ ਪੰਜ ਸਾਲਾਂ ਦੇ ਸਮੇਂ ਲਈ ਉਤਪਾਦਨ ਅਧਾਰਿਤ ਸਹਾਇਤਾ (ਪੀ.ਐਲ.ਆਈ.) ਸ਼ੁਰੂ ਕੀਤੀ ਗਈ ਹੈ, ਇਸ ਨਾਲ ਕਿਹਾ ਜਾ ਰਿਹਾ ਸੀ ਕਿ ਨਵੇਂ ਰੁਜ਼ਗਾਰ ਪੈਦਾ ਹੋਣਗੇ, ਪਰ ਇਹ ਰਾਸ਼ੀ 140 ਕਰੋੜ ਅਬਾਦੀ ਦੀ ਵੱਡੀ ਵਰਕ ਫੋਰਸ ਲਈ ਕੀ ਕਾਫ਼ੀ ਹੈ?

ਅਸਲ ਵਿੱਚ ਮੋਦੀ ਸਰਕਾਰ ਜਿਸ ਢੰਗ ਨਾਲ ਦੇਸ਼ ਦੀ ਸਰਕਾਰ ਨੂੰ ਕਾਰਪੋਰੇਟਾਂ (ਧੰਨ ਕੁਬੇਰਾਂ) ਹੱਥ ਵੇਚ ਰਹੀ ਹੈ, ਉਸ ਨਾਲ ਸਰਕਾਰੀ ਨੌਕਰੀਆਂ ਘੱਟ ਰਹੀਆਂ ਹਨ ਅਤੇ ਵੱਡੇ ਧੰਨ ਕੁਬੇਰ ਨਵੀਆਂ ਨੌਕਰੀਆਂ ਪੈਦਾ ਕਰਨ ਦੀ ਥਾਂ ਟੈਕਨੌਲੋਜੀ ਅਧਾਰਤ ਕੰਮ ਕਰਨ ’ਤੇ ਕੰਮ ਕਰ ਰਹੇ ਹਨ, ਜਿਥੇ ਨੌਕਰੀਆਂ ਨਿੱਤ ਦਿਨ ਘੱਟ ਰਹੀਆਂ ਹਨ। ਨਿੱਜੀਕਰਨ ਜ਼ੋਰਾਂ ’ਤੇ ਹੈ। ਰੇਲਵੇ, ਬੈਂਕਾਂ ਦਾ ਨਿੱਜੀਕਰਨ ਹੋ ਰਿਹਾ ਹੈ, ਹੋਰ ਸਰਕਾਰੀ ਅਦਾਰੇ ਬੰਦ ਕੀਤੇ ਜਾ ਰਹੇ ਹਨ। ਪੇਂਡੂ ਰੁਜ਼ਗਾਰ ਦੀ ਵੱਡੀ ਸਕੀਮ ‘ਮਗਨਰੇਗਾ’ ਲਈ ਹਰ ਸਾਲ ਫੰਡ ਘਟਾਏ ਜਾ ਰਹੇ ਹਨ। ਸਰਕਾਰੀ ਅਸਾਮੀਆਂ ਖ਼ਾਲੀ ਪਈਆਂ ਹਨ, ਭਰੀਆਂ ਨਹੀਂ ਜਾ ਰਹੀਆਂ। ਤਦ ਫਿਰ ਨੌਜਵਾਨਾਂ ਨੂੰ ਰੁਜ਼ਗਾਰ ਕਿਵੇਂ ਮਿਲੇਗਾ?

ਇੰਜ ਜਾਪਦਾ ਹੈ ਕਿ ਸਰਕਾਰੀ ਖ਼ਜ਼ਾਨੇ ਦੀਆਂ ਕੁੰਜੀਆਂ ‘ਕਾਰਪੋਰੇਟਾਂ’ ਨੂੰ ਫੜਾਕੇ ਸਰਕਾਰ ਦੇਸ਼ ਵਾਸੀਆਂ ਖ਼ਾਸ ਕਰਕੇ ਨੌਜਵਾਨਾਂ ਨੂੰ ਧੰਨ ਕੁਬੇਰਾਂ ਦੀ ਗੁਲਾਮੀ ਦੇ ਰਾਹ ਤੋਰਨਾ ਚਾਹੁੰਦੀ ਹੈ ਤਾਂ ਕਿ ਉਹਨਾ ਦੀ ਸੋਚ ਖੁੰਡੀ ਕੀਤੀ ਜਾ ਸਕੇ ਅਤੇ ਉਹ ਆਜ਼ਾਦੀ ਦਾ ਸੁਪਨਾ ਵੀ ਨਾ ਲੈ ਸਕਣ। ਨੌਜਵਾਨਾਂ ਨੂੰ ਮਜ਼ਬੂਰ ਕਰਕੇ ਜਾਂ ਝਾਂਸੇ ਦੇ ਕੇ ਵਿਦੇਸ਼ਾਂ ਦੇ ਰਾਹ ਪਾਇਆ ਜਾ ਰਿਹਾ ਹੈ। ਪੰਜਾਬ ਇਸਦੀ ਵੱਡੀ ਉਦਾਹਰਨ ਹੈ, ਜਿਥੋਂ ਦੇ ਲੱਖਾਂ ਨੌਜਵਾਨ ‘ਪੜ੍ਹਾਈ’ ਦੇ ਨਾਮ ਉਤੇ ਪ੍ਰਦੇਸੀ ਹੋ ਕੇ ਰੁਜ਼ਗਾਰ ਭਾਲਣ ਵਿਦੇਸ਼ਾਂ ’ਚ ਜਾ ਰਹੇ ਹਨ।

ਉਂਜ ਵੀ ਸਰਕਾਰ ਇਹ ਪ੍ਰਚਾਰ ਕਰਦੀ ਹੈ ਕਿ ਨੌਜਵਾਨ ਰਾਜਨੀਤੀ ’ਚ ਹਿੱਸਾ ਨਾ ਲੈਣ। ਅਸਲ ਵਿਚ ਉਨ੍ਹਾ ਨੂੰ ਅਕਲ ਦੇ ਅੰਨ੍ਹੇ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸਲ ਮੁੱਦਾ ਤਾਂ ਇਹ ਹੈ ਕਿ ਦੇਸ਼ ’ਚ ਰਾਸ਼ਟਰਵਾਦ ਦੇ ਨਾਮ ਉਤੇ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਅਜੰਡਾ ਲਾਗੂ ਕੀਤਾ ਜਾਵੇ ਅਤੇ ਬੇਰਜ਼ੁਗਾਰ ਨੌਜਵਾਨਾਂ ਦੀ ਫੌਜ ਫਿਰਕੂ ਤਾਕਤਾਂ ਦੀ ਮਜ਼ਬੂਤੀ ਲਈ ਵਰਤੀ ਜਾਵੇ। ਇਸ ਕੰਮ ਵਿੱਚ ਧੰਨ ਕੁਬੇਰਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ। ਨੌਜਵਾਨਾਂ ਨੂੰ ਚੰਗੀ ਤਾਲੀਮ ਨਹੀਂ ਮਿਲ ਰਹੀ, ਤਾਲੀਮ ਨਿੱਤ-ਦਿਨ ਨਿਕੰਮੀ ਅਤੇ ਫਜ਼ੂਲ ਹੁੰਦੀ ਜਾ ਰਹੀ ਹੈ। ਇਹੋ ਜਿਹੇ ਹਾਲਾਤਾਂ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੀ ਖ਼ਤਮ ਕੀਤੀਆਂ ਜਾ ਰਹੀਆਂ ਹਨ ਅਤੇ ਨੌਜਵਾਨਾਂ ਨੂੰ ਸਿਰਫ਼ ਵੱਡੇ ਧੰਨ ਕੁਬੇਰਾਂ ਲਈ ਲੇਬਰ ਕਰਨ ਜੋਗੇ ਬਣਾਈ ਰੱਖਿਆ ਜਾ ਰਿਹਾ ਹੈ।

ਹਾਕਮਾਂ ਦਾ ਨੌਜਵਾਨ ਲਈ ਹੇਜ ਵੱਡਾ ਹੈ, ਪਰ ਉਹਨਾ ਦੇ ਪੱਲੇ ਕੁਝ ਨਹੀਂ ਪਾਇਆ ਜਾ ਰਿਹਾ। ਨੌਕਰੀਆਂ ਦੇਣਾ ਤਾਂ ਸਿਰਫ਼ ਝਾਂਸਾ ਹੈ, ਅਸਲੋਂ ਬੇਰੁਜ਼ਗਾਰੀ ਦਾ ਦੈਂਤ ਉਹਨਾ ਦੁਆਲੇ ਛੱਡਿਆ ਜਾ ਰਿਹਾ ਹੈ। ਸਿੱਟੇ ਵਜੋਂ ਗਰੀਬੀ ਵਧ ਰਹੀ ਹੈ, ਮਜ਼ਦੂਰਾਂ ਦਾ ਸੋਸ਼ਣ ਵੱਧ ਰਿਹਾ ਹੈ। ਅਪਰਾਧ ਵੱਧ ਰਹੇ ਹਨ, ਰਾਜਸੀ ਅਸਥਿਰਤਾ ’ਚ ਵਾਧਾ ਹੋ ਰਿਹਾ ਹੈ, ਲੋਕ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹੋ ਰਹੇ ਹਨ।

ਵਿਸ਼ਵ ਵਪਾਰ ਸੰਗਠਨ ਅਨੁਸਾਰ ਵਿਸ਼ਵ ਪੱਧਰ ’ਤੇ ਮੰਦੀ ਦਾ ਰੁਝਾਨ ਹੈ। 2022 ਵਿਚ ਵਿਸ਼ਵ ਵਪਾਰ ’ਚ ਵਾਧੇ ਦੀ ਦਰ 3.5 ਫ਼ੀਸਦੀ ਰਹੇਗੀ ਜਦਕਿ 2023 ਵਿੱਚ ਇਹ ਇੱਕ ਫ਼ੀਸਦੀ ਤੱਕ ਸਿਮਟ ਜਾਏਗੀ। ਇਸਦਾ ਪ੍ਰਭਾਵ ਭਾਰਤ ’ਤੇ ਪਵੇਗਾ। ਭਾਰਤ ਵਿਚੋਂ ਐਕਸਪੋਰਟ (ਨਿਰਯਾਤ) ਘਟੇਗਾ ਅਤੇ ਇਹ ਘਾਟਾ ਰੋਜ਼ਗਾਰ ਬਜ਼ਾਰ ਵਿੱਚ ਵੱਡਾ ਅਸਰ ਪਾਏਗਾ।

ਰੁਜ਼ਗਾਰ ਅੰਕੜਿਆਂ ਅਨੁਸਾਰ ਅਕਤੂਬਰ 2022 ਵਿੱਚ ਭਾਰਤ ’ਚ ਨੌਕਰੀਆਂ ਘਟੀਆਂ ਹਨ, ਬੇਰਜ਼ੁਗਾਰੀ ਦਰ ਉੱਪਰ ਉੱਠੀ ਹੈ, ਖ਼ਾਸ ਤੌਰ ’ਤੇ ਪੇਂਡੂ ਖਿੱਤੇ ਵਿਚ, ਖ਼ਾਸ ਕਰਕੇ ਗ਼ੈਰ-ਖੇਤੀ ਖੇਤਰ ’ਚ ਵੱਡਾ ਵਾਧਾ ਬੇਰਜ਼ੁਗਾਰੀ ਦਰ ਵਿਚ ਵੇਖਣ ਲਈ ਮਿਲਿਆ ਹੈ। ਇਹ ਸਥਿਤੀ ਚਿੰਤਾ ਵਧਾਉਂਦੀ ਹੈ। ਅਕਤੂਬਰ 2022 ਵਿਚ ਬੇਰੁਜ਼ਗਾਰੀ ਦਰ 7.8 ਫ਼ੀਸਦੀ ਹੋ ਗਈ, ਜੋ ਸਤੰਬਰ 2022 ’ਚ 6.4 ਫ਼ੀਸਦੀ ਸੀ। ਅਕਤੂਬਰ 2022 ’ਚ 78 ਲੱਖ ਨੌਕਰੀਆਂ ਘਟੀਆ ਪ੍ਰੰਤੂ ਬੇਰੁਜ਼ਗਾਰਾਂ ਦੀ ਸੰਖਿਆ 56 ਲੱਖ ਹੀ ਵਧੀ ਅਰਥਾਤ 22 ਲੱਖ ਲੋਕ ਬਜ਼ਾਰ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਨਿਰਾਸ਼ ਹੋ ਕੇ ਘਰਾਂ ਵੱਲ ਚਾਲੇ ਪਾ ਗਏ।

ਨਵੰਬਰ 2021 ਵਿੱਚ ਖੇਤੀ ਖੇਤਰ ਵਿੱਚ 16.4 ਕਰੋੜ ਲੋਕਾਂ ਦਾ ਰੁਜ਼ਗਾਰ ਸੀ ਜੋ ਸਤੰਬਰ 2022 ਵਿੱਚ ਇਹ 13.4 ਕਰੋੜ ਰਹਿ ਗਿਆ। ਭਾਵੇਂ ਕਿ ਅਕਤੂਬਰ 2022 ਵਿੱਚ ਇਹ 13.96 ਕਰੋੜ ਹੋ ਗਿਆ। ਪਰੰਤੂ ਪਿਛਲੇ ਚਾਰ ਸਾਲਾਂ ਵਿੱਚ ਅਕਤੂਬਰ ਮਹੀਨੇ ’ਚ ਇਹ ਅੰਕੜਾ ਸਭ ਤੋਂ ਘੱਟ ਰਿਹਾ। ਇਸੇ ਤਰ੍ਹਾਂ ਸੇਵਾ ਖੇਤਰ ਵਿਚ ਅਕਤੂਬਰ 2022 ’ਚ 79 ਲੱਖ ਨੌਕਰੀਆਂ ਖ਼ਤਮ ਹੋ ਗਈਆਂ, ਜਿਨ੍ਹਾਂ ਵਿੱਚ 46 ਲੱਖ ਪੇਂਡੂ ਖੇਤਰ ਅਤੇ 33 ਲੱਖ ਹੋਰ ਖੇਤਰਾਂ ਵਿੱਚੋਂ ਸਨ। ਇਸਦਾ ਸਿੱਧਾ ਅਸਰ ਪੇਂਡੂ ਭਾਰਤ ਦੀ ਖਰੀਦਦਾਰੀ ਦੀ ਸਮਰੱਥਾ ਤੇ ਪੈਂਦਾ ਹੈ। ਦੇਸ਼ ਦੀ ਲਗਭਗ 70 ਫ਼ੀਸਦੀ ਆਬਾਦੀ ਪੇਂਡੂ ਹੈ।




ਉਦਯੋਗਿਕ ਖੇਤਰ ਦੀ ਹਾਲਤ ਵੀ ਰੁਜ਼ਗਾਰ ਦੇ ਮਾਮਲੇ ਵਿਚ ਚੰਗੀ ਨਹੀਂ ਹੈ। ਅਕਤੂਬਰ 2022 ’ਚ 53 ਲੱਖ ਨੌਕਰੀਆਂ ਖ਼ਤਮ ਹੋ ਗਈਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨਿਰਮਾਣ ਖੇਤਰ ਵਿੱਚ ਸੀ। ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਘਰੇਲੂ ਬਜ਼ਾਰ ਵਿੱਚ ਮੰਗ ਘੱਟ ਰਹੀ ਹੈ ਅਤੇ ਮਹਿੰਗਾਈ ਦੀ ਉੱਚੀ ਦਰ ਇਸ ਮੰਗ ਨੂੰ ਹੋਰ ਹੇਠਾਂ ਲਿਆ ਰਹੀ ਹੈ। ਇਮਪੋਰਟ ਅਤੇ ਐਕਸਪੋਰਟ ਵਿੱਚ ਵਿਰੋਧੀ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਇੱਕ ਪਾਸੇ ਐਕਸਪੋਰਟ ਘੱਟਣ ਨਾਲ ਨੌਕਰੀਆਂ ਘੱਟ ਰਹੀਆਂ ਹਨ ਅਤੇ ਦੂਜੇ ਪਾਸੇ ਇਮਪੋਰਟ ਕਾਰਨ ਪੂੰਜੀ ਨਿਵੇਸ਼ ਪ੍ਰਭਾਵਿਤ ਹੋ ਰਿਹਾ ਹੈ। ਇਹੋ ਜਿਹੀ ਹਾਲਤ ਵਿੱਚ ਨੌਕਰੀਆਂ ਆਖ਼ਰ ਕਿਥੋਂ ਆਉਣ?

ਸਰਕਾਰ ਨੇ ਕਾਰਪੋਰੇਟ ਟੈਕਸ ਵਿੱਚ ਕਟੌਤੀ ਕੀਤੀ, ਉਤਪਾਦਨ ਅਧਾਰਤ ਉਤਸ਼ਾਹਿਤ ਰਾਸ਼ੀ ਜਾਰੀ ਵੀ ਕੀਤੀ ਪਰ ਨਿੱਜੀ ਖੇਤਰ ਵਾਲੇ ਆਪਣੇ ਪੂੰਜੀ ਨਿਵੇਸ਼ ਕਰਨ ਲਈ ਅੱਗੇ ਨਹੀਂ ਵਧੇ। ਕਿਉਂਕਿ ਨਿੱਜੀ ਖੇਤਰ ਵਿੱਚ ਨਿਵੇਸ਼ ਦਾ ਸਿਧਾਂਤ ਸਿੱਧਾ ਮੁਨਾਫ਼ਾ ਹੈ। ਨਿੱਜੀ ਖੇਤਰ ਨੂੰ ਜੇਕਰ ਆਪਣੀ ਲਾਗਤ ’ਚ ਵਾਪਿਸੀ ਨਹੀਂ ਦਿਖੇਗੀ ਤਾਂ ਉਹ ਆਪਣੀ ਪੂੰਜੀ ਕਿਉਂ ਲਗਾਉਣਗੇ ਅਤੇ ਜਦ ਤੱਕ ਚੰਗਾ ਨਿਵੇਸ਼ ਨਹੀਂ ਹੋਏਗਾ ਤਾਂ ਰੁਜ਼ਗਾਰ ਦੀ ਉਮੀਦ ਕਿਥੋਂ ਜਾਗੇਗੀ? ਕਿਥੋਂ ਨੌਕਰੀਆਂ ਮਿਲਣਗੀਆਂ? ਕੀ ਨਿਵੇਸ਼ ਤੋਂ ਬਿਨ੍ਹਾਂ ਨੌਕਰੀਆਂ ਦੀ ਆਸ ਕੀਤੀ ਜਾ ਸਕਦੀ ਹੈ? ਕੀ ਰੇਗਿਸਤਾਨ ਵਿੱਚ ਪਾਣੀ ਤੋਂ ਬਿਨ੍ਹਾਂ ਪਿਆਸ ਬੁਝਾਉਣ ਦਾ ਸੁਪਨਾ ਲਿਆ ਜਾ ਸਕਦਾ ਹੈ। ਕਹਿਣ ਨੂੰ ਭਾਰਤ ਸਰਕਾਰ ਵਲੋਂ ਕਈ ਯੋਜਨਾਵਾਂ ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਰੁਜ਼ਗਾਰ ਪ੍ਰੋਤਸਾਹਨ ਯੋਜਨਾ ਪੀ.ਐਮ.ਆਰ.ਪੀ. ਵਾਈ. ਸ਼ੁਰੂ ਕੀਤੀ ਗਈ ਹੈ ਤਾਂ ਕਿ ਰੁਜ਼ਗਾਰ ਸਿਰਜਿਆ ਜਾਵੇ।

# ਭਾਈ ਅੰਮ੍ਰਿਤਪਾਲ ਸਿੰਘ ਵਰਤਾਰਾ : ਮੁੱਦੇ, ਚੁਣੌਤੀਆਂ ਅਤੇ ਸੰਭਾਵਨਾਵਾਂ





ਭਾਈ ਹਰਿਸਿਮਰਨ ਸਿੰਘ
ਮੋ. 9872591713



ਕੁਦਰਤ ਦੇ ਨਿਯਮਾਂ ਅਨੁਸਾਰ ਹਰ ਮਨੁੱਖ, ਪਰਿਵਾਰ, ਕੌਮ, ਸਭਿਆਚਾਰ, ਦੇਸ਼ ਅਤੇ ਵਿਸ਼ਵ ਦਾ ਵਿਕਾਸ ਅਤੇ ਉਤਪਤੀ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਇਸ ਤਰ੍ਹਾਂ ਸਬੰਧਿਤ ਕੌਮਾਂ ਹਰ ਸਮਾਂ ਦੌਰ ਵਿਚ ਆਪਣੀਆਂ ਮੰਜ਼ਿਲਾਂ ਪ੍ਰਾਪਤ ਕਰਦੀਆਂ ਰਹਿੰਦੀਆਂ ਹਨ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਲੈ ਕੇ ਅਨੇਕਾਂ ਸਿੱਖ ਪੀੜ੍ਹੀਆਂ ਨੇ ਆਪਣੇ-ਆਪਣੇ ਸਮੇਂ ਵਿਚ ਸਾਹਮਣੇ ਆਏ ਮੁੱਦਿਆਂ, ਚੁਣੌਤੀਆਂ ਅਤੇ ਸੰਕਟਾਂ ਦਾ ਕਿਵੇਂ ਹੱਲ ਕੀਤਾ ਅਤੇ ਜਿਵੇਂ ਸਿੱਖ ਪੰਥ ਨੇ ਵੱਡੀਆਂ ਪ੍ਰਾਪਤੀਆਂ ਕਰਨ ਦੇ ਨਾਲ-ਨਾਲ ਅਨੇਕਾਂ ਅਸਫਲਤਾਵਾਂ ਦਾ ਵੀ ਸਾਹਮਣਾ ਕੀਤਾ ਹੈ, ਉਹ ਸਿੱਖ ਇਤਿਹਾਸ ਦੇ ਕਈ ਵਰਤਾਰੇ ਹਨ। ਸਿੱਖ ਇਤਿਹਾਸ ਵਿਚ ਹੋਏ ਅਣਗਿਣਤ ਨਿਖੇੜ-ਬਿੰਦੂਆਂ ਤੋਂ ਸਿੱਖ ਨਵੀਆਂ ਨਸਲਾਂ ਨਾ ਕੇਵਲ ਪ੍ਰੇਰਨਾ ਲੈਂਦੀਆਂ ਰਹੀਆਂ ਹਨ, ਸਗੋਂ ਨਵੇਂ ਇਤਿਹਾਸ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਵੀ ਪਾਉਂਦੀਆਂ ਰਹੀਆਂ ਹਨ।

ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਸਿੱਖ ਪੰਥ ਨੇ ਆਪਣੇ ਅਧਿਕਾਰਾਂ ਅਤੇ ਹੋਰ ਆਦਰਸ਼ਾਂ ਦੀ ਪ੍ਰਾਪਤੀ ਲਈ ਜੋ ਸੰਘਰਸ਼ ਲੜਿਆ, 1984 ਦਾ ਸਾਲ ਸਿੱਖ ਪੰਥ ਨੂੰ ਕਈ ਦਰਦ ਵੀ ਦੇ ਗਿਆ ਸੀ। ਗਿਰ ਕੇ ਫਿਰ ਉੱਠਣ ਦੀ ਸਿੱਖ ਸ਼ਕਤੀ ਅਧੀਨ ਉਸ ਸਮੇਂ ਤੋਂ ਲੈ ਕੇ ਵਰਤਮਾਨ ਤੱਕ ਵਿਸ਼ਵ ਵਿਚ ਫੈਲੇ ਸਿੱਖ ਪੰਥ ਨੇ ਆਪਣੀ ਸ਼ਕਤੀ ਨੂੰ ਮੁੜ ਖੜ੍ਹਾ ਕਰ ਲਿਆ ਸੀ। ਪਰ ਇਨ੍ਹਾਂ ਸਾਰੇ ਵਰਤਾਰਿਆਂ ਦਾ ਦੁਖਾਂਤਕ ਪਹਿਲੂ ਇਹ ਵੀ ਰਿਹਾ ਹੈ ਕਿ ਭਾਰਤ ਵਿਚ ਜਾਂ ਭਾਰਤ ਤੋਂ ਬਾਹਰ ਇਕ ਸੁਤੰਤਰ ਸਿੱਖ ਰਾਜ ਦੀ ਪ੍ਰਾਪਤੀ ਲਈ ਜਿਨ੍ਹਾਂ ਨੌਜੁਆਨਾਂ ਅਤੇ ਜਥੇਬੰਦੀਆਂ ਨੇ ਲੰਮਾ ਸੰਘਰਸ਼ ਲੜਿਆ, ਸ਼ਹੀਦੀਆਂ ਪਾਈਆਂ ਅਤੇ ਹੋਰ ਕੁਰਬਾਨੀਆਂ ਤਾਂ ਦਿੱਤੀਆਂ, ਪਰ ਉਹ ਆਪਣੇ ਵਤਨ ਪੰਜਾਬ ਦੀ ਨਵ-ਉਸਾਰੀ ਲਈ ਇੱਥੋਂ ਦੀ ਸੱਤਾ ਵਿਚ ਆਉਣ ਦੇ ਮਕਸਦਾਂ ਵਿਚ ਸਫਲ ਨਹੀਂ ਹੋ ਸਕੇ ਜਦੋਂਕਿ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਇੱਥੇ ਸੱਤਾ ਵਿਚ ਆਉਂਦੇ ਰਹੇ ਹਨ। ਕਿਸੇ ਵੀ ਸਟੇਟ ਵਿਰੁੱਧ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਲੜਨਾ ਇਕ ਸਚਾਈ ਹੁੰਦਾ ਹੈ। ਪਰ ਮੰਜ਼ਿਲ ਪ੍ਰਾਪਤੀ ਲਈ ਰਸਤੇ ਵਿਚ ਆਉਣ ਵਾਲੇ ਸਾਰੇ ਮੌਕਿਆਂ ਨੂੰ ਸਾਧਨ ਵਾਂਗ ਵਰਤਣਾ ਵੀ ਵੱਡੀ ਪ੍ਰਾਪਤੀ ਦੇ ਪੜਾਅ ਹੁੰਦੇ ਹਨ। 1984 ਤੋਂ ਬਾਅਦ ਹੁਣ ਤੱਕ ਜਿੱਥੇ ਅਕਾਲੀ ਦਲ ਪੰਜਾਬ ਵਾਸੀਆਂ ਵਿਚ ਆਪਣੀ ਵਿਸ਼ਵਾਸਯੋਗਤਾ ਗਵਾ ਬੈਠਾ ਹੈ ਅਤੇ ਕੇਂਦਰਵਾਦੀ ਪਾਰਟੀਆਂ ਕਾਂਗਰਸ, ਬੀ.ਜੇ.ਪੀ. ਅਤੇ ਆਮ ਆਦਮੀ ਪਾਰਟੀ ਪੰਜਾਬ ਨੂੰ ਇਕ ਸ਼ਤਰੰਜ ਦੀਆਂ ਚਾਲਾਂ ਵਾਂਗ ਚਲਾ ਰਹੇ ਹਨ ਤਾਂ ਸਿੱਖ ਪੰਥ ਵੀ ਨਵੀਂ ਨੌਜੁਆਨ ਪੀੜ੍ਹੀ ਸਾਹਮਣੇ ਜੋ ਚੁਣੌਤੀਆਂ ਅਤੇ ਸੰਕਟ ਆ ਖੜ੍ਹੇ ਹੋਏ ਹਨ, ਉਨ੍ਹਾਂ ਦਾ ਸਾਹਮਣਾ ਕਰਨ ਲਈ ਸਿੱਖ ਪੰਥ ਨਵੇਂ ਰੂਪ ਵਿਚ ਸੰਗਠਿਤ ਹੋ ਰਿਹਾ ਹੈ। ਭਾਈ ਅੰਮ੍ਰਿਤਪਾਲ ਸਿੰਘ



ਦੀ ਸ਼ਖ਼ਸੀਅਤ, ਵਿਚਾਰਾਂ, ਸਰਗਰਮੀਆਂ ਅਤੇ ਪ੍ਰਭਾਵਾਂ ਅਤੇ ਵਿਰੋਧ ਨੂੰ ਇਸ ਸਮੁੱਚੇ ਸੰਦਰਭ ਵਿਚ ਵੇਖਿਆਂ ਸਿੱਖ ਪੰਥ ਭਵਿੱਖ ਵਿਚ ਕਿਹੜੀ ਨਵੀਂ ਦਿਸ਼ਾ ਧਾਰਨ ਕਰੇਗਾ, ਸਾਡੇ ਸਾਹਮਣੇ ਇਹ ਇਕ ਮਹੱਤਵਪੂਰਨ ਮੁੱਦਾ ਹੈ।

ਜਿਨ੍ਹਾਂ ਸਮਿਆਂ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠਲੀ ਵਾਰਿਸ ਪੰਜਾਬ ਦੇ ਜਥੇਬੰਦੀ ਦਾ ਪੰਥਕ ਸੀਨ ਉੱਤੇ ਉਦੇ ਹੋ ਰਿਹਾ ਹੈ ਅਤੇ ਇਹ ਹੌਲੀ-ਹੌਲੀ ਇਕ ਨਵੀਂ ਜਾਗ੍ਰਿਤੀ ਲਹਿਰ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ, ਪੰਜਾਬ, ਭਾਰਤ ਅਤੇ ਵਿਸ਼ਵ ਵਿਚ ਵੱਸਦਾ ਸਿੱਖ ਪੰਥ ਕਈ ਤਰ੍ਹਾਂ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸੰਸਥਾਈ ਚੁਣੌਤੀਆਂ, ਸਮੱਸਿਆਵਾਂ ਅਤੇ ਸੰਕਟਾਂ ਵਿਚ ਘਿਰਿਆ ਹੋਇਆ ਹੈ। ਦੂਸਰਾ, ਤਿੰਨ ਕੂ ਮਹੀਨਿਆਂ ਤੋਂ ਵਧੇਰੇ ਸਮੇਂ ਵਿਚ ਹੀ ਜਿਸ ਤਰ੍ਹਾਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਵਿਚ ਸੰਗਤਾਂ ਵੱਲੋਂ, ਵਿਸ਼ੇਸ਼ ਕਰਕੇ ਸਿੱਖ ਨੌਜੁਆਨਾਂ, ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਸੋਸ਼ਲ ਮੀਡੀਆ ਦੇ ਇਕ ਵੱਡੇ ਹਿੱਸੇ ਦੀ ਹਮਾਇਤ ਪ੍ਰਾਪਤ ਹੋਈ ਹੈ, ਉਸ ਨਾਲ ਕਈ ਤਰ੍ਹਾਂ ਦੇ ਉਤਸ਼ਾਹਜਨਕ ਅਤੇ ਸਾਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਧਾਰਮਿਕ ਪਰੰਪਰਾ ਅਤੇ ਲਹਿਜ਼ੇ ਵਿਚ ਜੁਅਰਤ ਨਾਲ ਬੋਲਣਾ ਅਤੇ ਸਿੱਖ ਮੁੱਦਿਆਂ ਪ੍ਰਤੀ ਸਪਸ਼ਟਤਾ ਅਤੇ ਇਤਨੀ ਹਮਾਇਤ ਮਿਲ ਜਾਣ ਤੇ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਸਿੱਖ ਪੰਥ ਦੇ ਸਾਰੇ ਜੀਵਨ ਖੇਤਰਾਂ, ਵਿਸ਼ੇਸ਼ ਕਰਕੇ ਧਾਰਮਿਕ ਤੇ ਰਾਜਨੀਤਿਕ ਖੇਤਰਾਂ ਵਿਚ ਜੋ ਖੜੋਤ ਅਤੇ ਖ਼ਲਾਅ ਵਾਲੀ ਸਥਿਤੀ ਬਣੀ ਹੋਈ ਸੀ, ਉਸ ਨੂੰ ਭਰਨ ਅਤੇ ਤੋੜਨ ਵਿਚ ਭਾਈ ਅੰਮ੍ਰਿਤਪਾਲ ਸਿੰਘ ਵਧੇਰੇ ਕਰਕੇ ਸਫਲ ਸਾਬਤ ਹੋ ਰਹੇ ਹਨ। ਦੂਸਰਾ, ਇਨ੍ਹਾਂ ਘਟਨਾਵਾਂ ਤੋਂ ਇਕ ਹੋਰ ਗੱਲ ਜ਼ਾਹਿਰ ਹੈ ਕਿ ਭਾਵੇਂ 1984 ਤੋਂ ਵਰਤਮਾਨ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਵਿਰਾਸਤ ਨਾਲ ਜੁੜੇ ਨੌਜੁਆਨਾਂ, ਜੁਝਾਰੂ ਜਥੇਬੰਦੀਆਂ ਅਤੇ ਸ਼ਾਂਤਮਈ ਰਹਿੰਦਿਆਂ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਅਤੇ ਆਗੂਆਂ ਨੇ ਵੱਖ-ਵੱਖ ਸਮਿਆਂ ਅਤੇ ਢੰਗ ਤਰੀਕਿਆਂ ਨਾਲ ਸਿੱਖ ਸੰਘਰਸ਼ ਲੜਿਆ, ਸੰਘਰਸ਼ ਵਿਚ ਲਗਾਤਾਰਤਾ ਵੀ ਬਣਾਈ ਰੱਖੀ, ਪਰ ਪੰਥ ਨੂੰ ਇਕ ਵੱਡੇ ਤੇ ਸੰਜੀਦਾ ਆਗੂ ਦੀ ਜੋ ਤਲਾਸ਼ ਸੀ, ਭਾਈ ਅੰਮ੍ਰਿਤਪਾਲ ਸਿੰਘ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਸਿੱਖ ਪੰਥ ਦੀ ਅਜਿਹੀ ਲੋੜ ਨੂੰ ਪੂਰਾ ਕਰਨ ਦਾ ਯਤਨ ਕਰ ਰਹੀ ਹੈ। ਇਸ ਸਬੰਧੀ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠਲੇ ਅਕਾਲੀ ਦਲ, ਦਲ ਖ਼ਾਲਸਾ, ਸਿੱਖ ਸਟੂਡੈਂਟਸ ਫੈਡਰੇਸ਼ਨਾਂ, ਇਕ ਹੋਰ ਉੱਭਰਦੇ ਨੌਜੁਆਨ ਆਗੂ ਸਿੱਖ ਯੂਥ ਫੈਡਰੇਸ਼ਨ (ਭਿੰਡਰਾਂਵਾਲੇ) ਦੇ ਮੁਖੀ ਭਾਈ ਰਣਜੀਤ ਸਿੰਘ ਦੇ ਯਤਨ, ਕਿਸਾਨ ਮੋਰਚਾ, ਦੀਪ ਸਿੱਧੂ ਵਰਤਾਰਾ, ਬੇਅਦਬੀਆਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੋਰਚੇ ਪਹਿਰੇਦਾਰ ਦੇ ਸੰਪਾਦਕ ਜਸਪਾਲ ਸਿੰਘ ਹੇਰਾਂ ਅਤੇ ਹੋਰ ਵਿਦਵਾਨਾਂ ਦੇ ਯਤਨ ਸ਼ਲਾਘਾਯੋਗ ਰਹੇ ਹਨ। ਪਰ ਭਾਈ ਅੰਮ੍ਰਿਤਪਾਲ ਸਿੰਘ ਇਨ੍ਹਾਂ ਯਤਨਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਦਿਆਂ ਜੇਕਰ ਸਿੱਖਾਂ ਦੇ ਦਰਦਮੰਦ ਹਲਕਿਆਂ ਦਾ ਵਿਸ਼ਵਾਸ ਜਿੱਤਣ ਵਿਚ ਸਫਲ ਹੋ ਰਿਹਾ ਹੈ ਤਾਂ ਇਹ ਵਰਤਾਰਾ ਹੀ ਆਪਣੇ ਆਪ ਵਿਚ ਬਹੁਤ ਕੁਝ ਬਿਆਨ ਕਰ ਰਿਹਾ ਹੈ। ਜੇਕਰ ਉਸ ਨੂੰ ਇਕ ਖੁੱਲ੍ਹੇ ਵਾਤਾਵਰਣ ਅਤੇ ਸਰਕਾਰ ਨਾਲ ਕਿਸੇ ਟਕਰਾਓ ਵਿਚ ਆਉਣ ਤੋਂ ਬਿਨਾਂ ਲੋੜੀਂਦਾ ਸਮਾਂ ਮਿਲ ਜਾਂਦਾ ਹੈ ਤਾਂ ਸਿੱਖ ਪੰਥ ਦੇ ਅਧਿਕਾਰਾਂ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਵਿਚ ਵਧੇਰੇ ਸਫ਼ਲਤਾ ਮਿਲਣ ਦੇ ਆਸਾਰ ਬਣ ਜਾਣਗੇ।

ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਿਚਾਰਾਂ ਅਤੇ ਸਰਗਰਮੀਆਂ ਨੂੰ ਬਹੁਪੱਖੀ ਦਿਸ਼ਾਵਾਂ ਦਿੱਤੀਆਂ ਹਨ। ਉਹ ਇੱਕੋ ਸਮੇਂ ਜਿੱਥੇ ਸਿੱਖ ਪੰਥ, ਵਿਸ਼ੇਸ਼ ਕਰਕੇ ਸਿੱਖ ਨੌਜੁਆਨਾਂ ਨੂੰ ਸਿੱਖੀ ਧਰਮ ਵਿਚ ਪੱਕਿਆਂ ਰਹਿਣ ਦਾ ਆਵਾਹਨ ਕਰ ਰਹੇ ਹਨ ਅਤੇ 'ਗੁਰਭਾਈ ਲਹਿਰ' ਦੇ ਅਧੀਨ ਸਿੱਖਾਂ ਨੂੰ ਗੁਰੂ ਨਾਲ ਜੋੜਨ ਲਈ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਵੱਡੇ ਪੱਧਰ ਤੇ ਚਲਾ ਰਹੇ ਹਨ, ਉੱਥੇ ਉਹ ਪੰਜਾਬ ਵਿਚ ਨਸ਼ਿਆਂ ਦੇ ਵਗਦੇ ਦਰਿਆ ਨੂੰ ਠੱਲ੍ਹ ਪਾਉਣ ਦਾ ਗੰਭੀਰ ਯਤਨ ਕਰ ਰਹੇ ਹਨ, ਜਿਸ ਵਿਚ ਉਨ੍ਹਾਂ ਨੂੰ ਸਫ਼ਲਤਾ ਵੀ ਮਿਲ ਰਹੀ ਹੈ। ਦੂਸਰਾ, ਈਸਾਈ ਮਤ ਨਾਲ ਜੁੜੇ ਚਰਚ, ਪਾਸਟਰਾਂ ਅਤੇ ਯੋਜਨਾਬੱਧ ਢੰਗ ਨਾਲ ਸਿੱਖਾਂ ਅਤੇ ਹਿੰਦੂਆਂ ਦੇ ਈਸਾਈ ਮਤ ਵਿਚ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਵੀ ਭਾਈ ਅੰਮ੍ਰਿਤਪਾਲ ਸਿੱਖ ਨੇ ਵੱਡੀ ਠੱਲ੍ਹ ਪਾਈ ਹੈ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਹੋਰ ਧਰਮ ਪ੍ਰਚਾਰ ਜਥੇਬੰਦੀਆਂ ਅਤੇ ਪ੍ਰਚਾਰਕ ਆਗੂਆਂ ਆਦਿ ਇਸ ਸਬੰਧੀ ਯਤਨ ਕਰ ਰਹੇ ਸਨ ਪਰ ਭਾਈ ਅੰਮ੍ਰਿਤਪਾਲ ਸਿੰਘ ਨੇ ਜਿਸ ਜੁਅਰਤ ਅਤੇ ਬੇਬਾਕੀ ਨਾਲ ਇਸ ਮੁੱਦੇ ਨੂੰ ਲਿਆ ਹੈ, ਉਸ ਨਾਲ ਈਸਾਈ ਧਰਮ ਪ੍ਰਚਾਰਕਾਂ ਵੱਲੋਂ ਖੇਡੀ ਜਾ ਰਹੀ ਖੁੱਲ੍ਹੀ ਖੇਡ ਨੂੰ ਵੱਡੀ ਚੁਣੌਤੀ ਦਿੱਤੀ ਗਈ ਹੈ। ਇਸੇ ਤਰ੍ਹਾਂ ਹੀ ਸਰਕਾਰਾਂ, ਪੁਲਿਸ ਅਤੇ ਨਸ਼ਾ ਸਮਗਲਰਾਂ ਵੱਲੋਂ ਪੰਜਾਬ ਵਿਚ ਚੱਲ ਰਹੇ ਨਸ਼ਿਆਂ ਦੇ ਵਪਾਰ ਨੂੰ ਰੋਕਣ ਸਬੰਧੀ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਚਲਾਈ ਜਾ ਰਹੇ ਨਸ਼ਾ ਵਿਰੋਧੀ ਸੁਧਾਰਵਾਦੀ ਲਹਿਰ ਨੂੰ ਲੋਕਾਂ ਦੇ ਸਹਿਯੋਗ ਨਾਲ ਵੱਡਾ ਬਲ ਮਿਲਿਆ ਹੈ। ਸਿੱਖਾਂ ਵੱਲੋਂ ਵਿਦੇਸ਼ਾਂ ਵਿਚ ਕੀਤੇ ਜਾ ਰਹੇ ਵੱਡੀ ਗਿਣਤੀ ਵਿਚ ਪ੍ਰਵਾਸ, ਕਿਸਾਨੀ ਸੰਘਰਸ਼, ਵਾਤਾਵਰਣ ਪ੍ਰਦੂਸ਼ਣ ਅਤੇ ਪੰਜਾਬ ਦੀ ਭਾਈਚਾਰਕ ਸਾਂਝ ਬਣਾਈ ਰੱਖਣ, ਸਾਦਗੀ ਵਾਲਾ ਜੀਵਨ ਜਿਊਣ ਅਤੇ ਸਿੱਖੀ ਜੀਵਨ ਜਾਚ ਦੇ ਖੇਤਰਾਂ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੇ ਵਿਚਾਰਾਂ ਨੂੰ ਸਮਾਜ ਦੇ ਸਾਰੇ ਵਰਗਾਂ ਵੱਲੋਂ ਨਾ ਕੇਵਲ ਗੰਭੀਰਤਾ ਨਾਲ ਸੁਣਿਆ ਜਾ ਰਿਹਾ ਹੈ, ਸਗੋਂ ਉਨ੍ਹਾਂ 'ਤੇ ਅਮਲ ਵੀ ਕੀਤਾ ਜਾਣ ਲੱਗ ਪਿਆ ਹੈ। ਸਿੱਖ ਪੰਥ ਦੇ ਵਿਦਵਾਨਾਂ ਤੇ ਹੋਰ ਸਿਆਣਿਆਂ ਲਈ ਆਪਣੇ ਆਪ ਵਿਚ ਹੀ ਇਕ ਨਿਵੇਕਲਾ ਵਰਤਾਰਾ ਸਾਬਤ ਹੋ ਰਿਹਾ ਹੈ। ਇਨ੍ਹਾਂ ਸਰਗਰਮੀਆਂ ਵਿਚ ਆਉਣ ਵਾਲੇ ਸਮੇਂ ਵਿਚ ਹੋਰ ਵਧੇਰੇ ਨਿਖਾਰ ਆਉਣ ਦੀ ਉਮੀਦ ਲਗਾਈ ਜਾ ਸਕਦੀ ਹੈ। ਮਹਿਸੂਸ ਕੀਤਾ ਜਾ ਸਕਦਾ ਹੈ ਜਿਸ ਪ੍ਰਕਾਰ ਦੀ ਗੁਣਵਾਨ ਸਾਡੇ ਦੀ ਸਿੱਖ ਪੰਥ ਨੂੰ ਲੋੜ ਸੀ ਭਾਈ ਅੰਮ੍ਰਿਤਪਾਲ ਸਿੰਘ ਨੇ ਇਸ ਲੋੜ ਨੂੰ ਪੂਰਾ ਕਰਨ ਵਿਚ ਥੋੜ੍ਹੇ ਸਮੇਂ ਵਿਚ ਵੱਡਾ ਸਫ਼ਰ ਤੈਅ ਕਰ ਲਿਆ ਹੈ। ਹੌਲੀ-ਹੌਲੀ ਉਹ ਸਿੱਖ ਪੰਥ ਦਾ ਨਵਾਂ ਪ੍ਰਵਾਨਤ ਚਿਹਰਾ ਬਣਦੇ ਜਾ ਰਹੇ ਹਨ। ਇਸ ਵਰਤਾਰੇ ਦੀਆਂ ਸਮੁੱਚੀਆਂ ਪਰਤਾਂ ਨੂੰ ਵੇਖਦਿਆਂ ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਨੂੰ ਪ੍ਰਚੱਲਿਤ ਮਾਪਦੰਡਾਂ ਅਨੁਸਾਰ ਨਹੀਂ ਨਾਪਿਆ ਜਾ ਸਕਦਾ, ਸਗੋਂ ਇਸ ਸਬੰਧੀ ਨਵੇਂ ਮਾਪਦੰਡ ਅਪਣਾਏ ਜਾਣੇ ਲੋੜੀਂਦੇ ਹੋਣਗੇ। ਭਾਰਤੀ ਸਟੇਟ ਇਨ੍ਹਾਂ ਘਟਨਾਕ੍ਰਮਾਂ ਦੀ ਗਹਿਰਾਈ ਨੂੰ ਚੰਗੀ ਤਰ੍ਹਾਂ ਸਮਝਦੀ ਲਗਦੀ ਹੈ।

ਵਿਸ਼ਵ ਵਿਚ ਆਪਣੀ ਆਜ਼ਾਦੀ ਲੈਣ ਵਾਲੀਆਂ ਸੰਘਰਸ਼ਸ਼ੀਲ ਕੌਮਾਂ ਦਾ ਇਤਿਹਾਸ ਰਿਹਾ ਹੈ ਕਿ ਉਨ੍ਹਾਂ ਦੀ ਹਰ ਰਾਜਨੀਤਿਕ ਲਹਿਰ ਧਾਰਮਿਕ ਅਤੇ ਵਿਚਾਰਧਾਰਕ ਜਾਗ੍ਰਿਤੀ ਵਿਚੋਂ ਨਿਕਲਦੀਆਂ ਰਹੀਆਂ ਹਨ। 1947 ਤੋਂ ਬਾਅਦ ਪੰਜਾਬੀ ਸੂਬੇ ਦੀ ਪ੍ਰਾਪਤੀ ਦੀ ਲਹਿਰ, 1984 ਤੱਕ ਧਰਮ ਯੁੱਧ ਮੋਰਚੇ ਅਧੀਨ ਸਿਰਜੀ ਗਈ ਰਾਜਨੀਤਿਕ ਲਹਿਰ ਅਤੇ ਬਾਅਦ ਵਿਚ ਸਿੱਖ ਆਜ਼ਾਦੀ ਲਈ ਲੜੇ ਸੰਘਰਸ਼ਾਂ ਪਿੱਛੇ 1978 ਦੇ ਸ਼ਹੀਦਾਂ, ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਅਤੇ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਜੁਝਾਰੂ ਲਹਿਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਦ੍ਰਿਸ਼ਟੀਕੋਣ ਤੋਂ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਸ਼ੁਰੂ ਕੀਤੀ ਸਮੁੱਚੀ ਸੁਧਾਰਵਾਦੀ ਲਹਿਰ ਨੂੰ ਵਿਚਾਰਿਆਂ ਯਕੀਨਨ ਕਿਹਾ ਜਾ ਸਕਦਾ ਹੈ ਕਿ ਇਹ ਧਾਰਮਿਕ ਲਹਿਰ ਵੀ ਅੱਗੇ ਜਾ ਕੇ ਸਿੱਖ ਪੰਥ ਦੀ ਰਾਜਨੀਤਿਕ ਆਜ਼ਾਦੀ ਦੀ ਦਿਸ਼ਾ ਵੱਲ ਅੱਗੇ ਵਧੇਗੀ। ਹਰ ਲਹਿਰ ਦੀ ਸਫ਼ਲਤਾ ਪਿੱਛੇ ਵੱਡੇ ਆਗੂਆਂ, ਵਿਦਵਾਨਾਂ ਅਤੇ ਨੀਤੀ ਘਾੜਿਆਂ ਆਦਿ ਦਾ ਯੋਗਦਾਨ ਵੀ ਮਹੱਤਵਪੂਰਨ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਭਾਈ ਅੰਮ੍ਰਿਤਪਾਲ ਸਿੰਘ ਦੀ ਸ਼ਖ਼ਸੀਅਤ, ਉਨ੍ਹਾਂ ਦੇ ਵਿਚਾਰ, ਵਿਚਾਰਾਂ ਦੀ ਪੇਸ਼ਕਾਰੀ, ਵਿਚਾਰਾਂ ਦਾ ਬੌਧਿਕ ਪੱਧਰ ਅਤੇ ਲੋਕਾਂ ਵੱਲੋਂ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ ਦੀਆਂ ਪ੍ਰਕਿਰਿਆਵਾਂ ਸਿੱਖ ਪੰਥ ਨੂੰ ਕਿਸੇ ਚੰਗੇ ਉੱਜਵਲ ਭਵਿੱਖ ਦੀ ਉਮੀਦ ਬੰਨ੍ਹਾਉਂਦੀਆਂ ਹਨ। ਉਨ੍ਹਾਂ ਦੀ ਸ਼ਖ਼ਸੀਅਤ ਇੱਕੋ ਸਮੇਂ ਧਾਰਮਿਕ ਰੰਗਣ ਵਾਲੀ, ਵਿਚਾਰਵਾਨ ਅਤੇ ਆਪਣੇ ਰਾਜਨੀਤਿਕ ਮਿਸ਼ਨ ਵਿਚ ਸਪਸ਼ਟ ਰਹਿਣ ਵਾਲੀ ਹੈ। ਸਿੱਖ ਪੰਥ ਨੂੰ ਵਰਤਮਾਨ ਵਿਚ ਅਜਿਹੀ ਸ਼ਖ਼ਸੀਅਤ ਦੀ ਲੋੜ ਸੀ, ਜੋ ਬੀਤੀ ਸਦੀ ਦੇ ਅਕਾਲੀ ਧਾਰਮਿਕ ਆਗੂ, ਰਾਜਨੀਤਿਕ ਆਗੂ ਅਤੇ ਵਿਦਵਾਨ ਪੂਰਾ ਨਹੀਂ ਕਰ ਸਕੇ।

ਜਿਨ੍ਹਾਂ ਸਮਿਆਂ ਵਿਚ ਭਾਈ ਅੰਮ੍ਰਿਤਪਾਲ ਸਿੰਘ ਪੰਥ ਵਿਚ ਵਿਚਰ ਰਹੇ ਹਨ, ਉਸ ਸਮੇਂ ਸਿੱਖ ਰਾਜਨੀਤੀ, ਵਿਸ਼ੇਸ਼ ਕਰਕੇ ਅਕਾਲੀ ਰਾਜਨੀਤੀ ਵੱਡੀ ਖੜੋਤ ਅਤੇ ਦ੍ਰਿਸ਼ਟੀ ਹੀਣਤਾ ਦੀ ਸ਼ਿਕਾਰ ਹੈ। ਸ. ਪ੍ਰਕਾਸ਼ ਸਿੰਘ ਬਾਦਲ ਯੁੱਗ ਦੇ 50 ਸਾਲ ਬੀਤ ਜਾਣ ਉਪਰੰਤ ਅੱਜ ਸਿੱਖ ਪੰਥ ਇਸ ਦਰਦ ਵਿਚ ਜੀਅ ਰਿਹਾ ਹੈ ਕਿ ਬਾਦਲ ਪਰਿਵਾਰ ਨੇ ਰਾਜਨੀਤਿਕ ਕਲਾਬਾਜ਼ੀਆਂ ਅਤੇ ਵਿਰੋਧੀਆਂ ਨਾਲ ਜੋੜ ਤੋੜ ਵਾਲੀਆਂ ਨੀਤੀਆਂ ਕਾਰਨ ਸਿੱਖ ਸੰਸਥਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਤੇ ਪੰਜਾਬ ਵਿਚ ਸੰਭਾਵਿਤ ਸਿੱਖ ਸੋਚ ਵਾਲੀ ਸੱਤਾ ਦੇ ਕਲੇਮ ਨੂੰ ਕਿਤਨਾ ਕਮਜ਼ੋਰ ਕਰ ਦਿੱਤਾ ਹੈ।

(ਬਾਕੀ ਸਫ਼ਾ 31 'ਤੇ)

# ਸਰਕਾਰਾਂ ਨੇ ਚੋਣ ਕਮਿਸ਼ਨ ਦੀ ਖ਼ੁਦਮੁਖ਼ਤਿਆਰੀ ਨੂੰ 'ਪੂਰੀ ਤਰ੍ਹਾਂ ਤਬਾਹ' ਕੀਤਾ

## ਸੁਪਰੀਮ ਕੋਰਟ ਨੇ ਮੋਦੀ ਸਰਕਾਰ ਨੂੰ ਪਾਈਆਂ ਝਾੜਾਂ ਕਿ ਸਰਕਾਰ ਨੇ ਕਮਿਸ਼ਨ ਨੂੰ ਖ਼ੁਦਮੁਖ਼ਤਿਆਰੀ ਦੇਣ ਤੋਂ ਮੂੰਹ ਮੋੜਿਆ

ਹੁਣੇ ਜਿਹੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨਰ ਦੀਆਂ ਤਾਕਤਾਂ ਘਟਾਉਣ ਦੇ ਮੁੱਦੇ ਉੱਪਰ 'ਮੋਦੀ ਸਰਕਾਰ ਨੂੰ ਪਾਈਆਂ। ਸੰਵਿਧਾਨਕ ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਕੇਐੱਮ ਜੋਸੇਫ਼ ਦਾ ਕਹਿਣਾ ਸੀ ਕਿ ਚੋਣ ਕਮਿਸ਼ਨਰ ਮਜ਼ਬੂਤ ਕਿਰਦਾਰ ਵਾਲਾ ਅਜਿਹਾ ਵਿਅਕਤੀ ਚਾਹੀਦਾ ਹੈ, ਜਿਹੜਾ ਕਿਸੇ ਨੂੰ ਆਪਣੇ ਆਪ 'ਤੇ ਹਾਵੀ ਨਾ ਹੋਣ ਦੇਵੇ।' ਯਾਦ ਰਹੇ ਕਿ ਇਹ ਬੈਂਚ ਚੋਣ ਕਮਿਸ਼ਨ ਵਿਚ ਕਮਿਸ਼ਨਰਾਂ ਦੀ ਨਿਯੁਕਤੀ ਵਿਚ ਸੁਧਾਰ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਜਸਟਿਸ ਜੋਸੇਫ਼ ਨੇ ਇਹ ਵੀ ਕਿਹਾ, '2007 ਤੋਂ ਲੈ ਕੇ ਹੁਣ ਤਕ ਮੁੱਖ ਚੋਣ ਕਮਿਸ਼ਨਰਾਂ ਦੀ ਆਪਣੇ ਅਹੁਦੇ 'ਤੇ ਰਹਿਣ ਦੀ ਮਿਆਦ ਬਹੁਤ ਘੱਟ ਰਹੀ ਹੈ, ਦੋ ਸਾਲ ਜਾਂ ਉਸ ਤੋਂ ਵੀ ਘੱਟ। 1991 ਵਿਚ ਬਣਾਏ ਕਾਨੂੰਨ ਅਨੁਸਾਰ ਮੁੱਖ ਚੋਣ ਕਮਿਸ਼ਨਰ ਲਈ ਇਹ ਮਿਆਦ 6 ਸਾਲ ਹੈ। ਪਰ ਇਸ ਦੇ ਨਾਲ ਹੀ ਇਹ ਸ਼ਰਤ ਹੈ ਕਿ ਉਹ 65 ਵਰ੍ਹਿਆਂ ਦੀ ਉਮਰ ਵਿਚ ਸੇਵਾਮੁਕਤ ਹੋ ਜਾਵੇਗਾ। ਸਰਕਾਰ ਨੂੰ ਜਨਮ ਤਿਥੀ ਦਾ ਪਤਾ ਹੁੰਦਾ ਹੈ ਅਤੇ ਇਸ ਲਈ ਕੋਈ ਵੀ ਅਜਿਹਾ ਵਿਅਕਤੀ ਨਿਯੁਕਤ ਨਹੀਂ ਕੀਤਾ ਜਾਂਦਾ ਜੋ 6 ਸਾਲ ਲਈ ਇਸ ਅਹੁਦੇ 'ਤੇ ਰਹੇ। ਇਸ ਕਾਰਨ (ਕਮਿਸ਼ਨ ਦੀ) ਖ਼ੁਦਮੁਖ਼ਤਿਆਰੀ ਨੂੰ ਖੋਰਾ ਲੱਗਦਾ ਹੈ। ਇਹ ਰੁਝਾਨ ਕਾਫ਼ੀ ਦੇਰ ਤੋਂ ਹੈ।'

ਸੰਵਿਧਾਨਕ ਬੈਂਚ ਨੇ ਟਿੱਪਣੀ ਕੀਤੀ ਕਿ ਸਰਕਾਰਾਂ ਨੇ ਚੋਣ ਕਮਿਸ਼ਨ ਦੀ ਖ਼ੁਦਮੁਖ਼ਤਿਆਰੀ ਨੂੰ 'ਪੂਰੀ ਤਰ੍ਹਾਂ ਤਬਾਹ' ਕਰ ਦਿੱਤਾ ਹੈ। ਭਾਰਤ ਦਾ ਚੋਣ ਕਮਿਸ਼ਨ ਸੰਵਿਧਾਨ ਦੀ ਧਾਰਾ 324 ਤਹਿਤ ਕਾਇਮ ਕੀਤੀ ਗਈ ਉਹ ਸੰਵਿਧਾਨਕ ਸੰਸਥਾ ਹੈ ਜਿਸ ਨੂੰ ਵੋਟਾਂ ਬਣਾਉਣ ਤੋਂ ਲੈ ਕੇ ਲੋਕ ਸਭਾ, ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਲਈ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਵੀ ਚੋਣ ਕਮਿਸ਼ਨ ਦੀ ਹੈ। ਸੰਵਿਧਾਨ ਨੇ ਚੋਣ ਕਮਿਸ਼ਨਰ ਨਿਯੁਕਤ ਕਰਨ ਦੇ ਅਧਿਕਾਰ ਕੇਂਦਰ ਸਰਕਾਰ ਨੂੰ ਦਿੱਤੇ ਹਨ। 1950 ਵਿਚ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਦੇਸ਼ ਦਾ ਸਿਰਫ਼ ਇਕ ਚੋਣ ਕਮਿਸ਼ਨਰ ਹੁੰਦਾ ਸੀ। 1989-90 ਤੋਂ ਇਸ ਨੂੰ ਤਿੰਨ-ਮੈਂਬਰੀ ਕਮਿਸ਼ਨ ਬਣਾਇਆ ਗਿਆ। 1991 ਵਿਚ ਬਣਾਏ ਗਏ 'ਚੋਣ ਕਮਿਸ਼ਨ (ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੀਆਂ ਸ਼ਰਤਾਂ ਅਤੇ ਕੰਮ-ਕਾਜ) ਕਾਨੂੰਨ' ਤਹਿਤ ਮੁੱਖ ਚੋਣ ਕਮਿਸ਼ਨਰ ਦੀ ਅਹੁਦੇ ਦੀ ਮਿਆਦ 6 ਸਾਲ ਜਾਂ 65 ਸਾਲ ਦੀ ਉਮਰ ਤਕ ਮਿਥੀ ਗਈ। ਮੁੱਖ ਚੋਣ ਕਮਿਸ਼ਨਰ ਨੂੰ ਆਪਣੇ ਅਹੁਦੇ ਤੋਂ ਹਟਾਉਣ ਲਈ ਉਹੀ ਵਿਧੀ ਅਪਣਾਉਣੀ ਪੈਂਦੀ ਹੈ ਜੋ ਸੁਪਰੀਮ ਕੋਰਟ ਦੇ ਜੱਜ ਨੂੰ ਹਟਾਉਣ ਲਈ ਅਪਣਾਈ ਜਾਂਦੀ ਹੈ ਭਾਵ ਅਜਿਹਾ ਕਰਨ ਲਈ ਲੋਕ ਸਭਾ ਅਤੇ ਰਾਜ ਸਭਾ ਦੇ ਦੋ-ਤਿਹਾਈ ਮੈਂਬਰਾਂ ਦੀ ਸਹਿਮਤੀ ਜ਼ਰੂਰੀ ਹੁੰਦੀ ਹੈ। ਇਸ ਤਰ੍ਹਾਂ ਕਾਨੂੰਨ ਦਾ ਮਕਸਦ ਮੁੱਖ ਚੋਣ ਕਮਿਸ਼ਨਰ ਨੂੰ ਖ਼ੁਦਮੁਖ਼ਤਿਆਰੀ ਦੇਣਾ ਹੈ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਸਰਕਾਰ ਖ਼ੁਦਮੁਖ਼ਤਿਆਰੀ ਦੇਣ ਤੋਂ ਮੂੰਹ ਮੋੜ ਰਹੀ ਹੈ।ਸੁਣਵਾਈ ਦੌਰਾਨ ਸਰਬਉੱਚ ਅਦਾਲਤ ਦੀ ਸਭ ਤੋਂ ਮਹੱਤਵਪੂਰਨ ਟਿੱਪਣੀ ਇਹ ਸੀ ਕਿ ਇਸ ਕਾਨੂੰਨ ਰਾਹੀਂ ਕੇਂਦਰ ਸਰਕਾਰ ਨੂੰ ਚੋਣ ਕਮਿਸ਼ਨਰ ਅਤੇ ਮੁੱਖ ਚੋਣ ਕਮਿਸ਼ਨਰ ਨਿਯੁਕਤ ਕਰਨ ਦੇ ਅਧਿਕਾਰ ਤਾਂ ਦਿੱਤੇ ਗਏ ਹਨ ਪਰ ਕਾਨੂੰਨ ਇਹ ਤੈਅ ਨਹੀਂ ਕਰਦਾ ਕਿ ਕਿਹੜੇ ਵਿਅਕਤੀ ਚੋਣ ਕਮਿਸ਼ਨਰ ਨਿਯੁਕਤ ਕੀਤੇ ਜਾ ਸਕਦੇ ਹਨ ਅਤੇ ਇਸ ਦੀ ਪ੍ਰਕਿਰਿਆ ਕੀ ਹੋਵੇਗੀ। ਜਸਟਿਸ ਜੋਸੇਫ਼ ਅਨੁਸਾਰ ਸੰਵਿਧਾਨ ਇਸ ਬਾਰੇ ਚੁੱਪ ਹੈ ਅਤੇ ਸਰਕਾਰ ਇਸ ਸੰਵਿਧਾਨਕ ਚੁੱਪ ਦਾ ਫ਼ਾਇਦਾ ਉਠਾ ਰਹੀ ਹੈ। ਜਸਟਿਸ ਜੋਸੇਫ਼ ਨੇ ਕਿਹਾ, 'ਤੁਸੀਂ (ਭਾਵ ਸਰਕਾਰ) ਕਿਸੇ ਨੂੰ ਚੁਣ ਲੈਂਦੇ (ਭਾਵ ਨਿਯੁਕਤ ਕਰ ਦਿੰਦੇ) ਹੋ; ਉਸ ਨੂੰ ਕੰਮ ਕਰਨ ਲਈ ਬਹੁਤ ਥੋੜ੍ਹੀ ਮਿਆਦ ਦਿੰਦੇ ਹੋ। ਉਹ ਧੰਨਵਾਦੀ ਹੁੰਦਾ ਹੈ, ਤੁਹਾਡੇ ਕਹਿਣ 'ਤੇ ਕੰਮ ਕਰਦਾ ਹੈ ਅਸੀਂ ਨਹੀਂ ਇਹ ਕਹਿ ਰਹੇ ਪਰ ਪ੍ਰਭਾਵ ਇਹੀ ਹੈ।' ਇਹ ਸੁਝਾਅ ਵੀ ਦਿੱਤਾ ਗਿਆ ਕਿ ਮੁੱਖ ਚੋਣ ਕਮਿਸ਼ਨਰ ਨਿਯੁਕਤ ਕਰਨ ਸਮੇਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਸਲਾਹ ਵੀ ਲਈ ਜਾਏ। ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਆਰ. ਵੈਂਕਟਰਮਨੀ ਨੇ ਅਦਾਲਤ ਦੇ ਵਿਚਾਰਾਂ ਅਤੇ ਸੁਝਾਵਾਂ ਦਾ ਵਿਰੋਧ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੰਵਿਧਾਨ ਨੇ ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਵਿਚ ਅਧਿਕਾਰਾਂ ਦੀ ਵੰਡ ਕੀਤੀ ਹੈ ਅਤੇ ਹੁਣ ਇਨ੍ਹਾਂ ਅਧਿਕਾਰਾਂ ਵਿਚ ਕੋਈ ਤਬਦੀਲੀ ਕਰਨੀ ਸਹੀ ਨਹੀਂ ਹੋਵੇਗੀ। ਅਟਾਰਨੀ ਜਨਰਲ ਦੀ ਦਲੀਲ ਦਾ ਮੁੱਖ ਮੁੱਦਾ ਇਹ ਸੀ ਕਿ ਕੇਂਦਰ ਸਰਕਾਰ ਨੂੰ ਮੁੱਖ ਚੋਣ ਕਮਿਸ਼ਨਰ ਲਗਾਉਣ ਦਾ ਪੂਰਾ ਅਧਿਕਾਰ ਹੈ ਅਤੇ ਨਿਆਂਪਾਲਿਕਾ ਇਸ ਵਿਚ ਦਖ਼ਲ ਨਹੀਂ ਦੇ ਸਕਦੀ। ਦੇਸ਼ ਦੇ ਹਾਲਾਤ ਦੱਸਦੇ ਹਨ ਕਿ ਸੁਪਰੀਮ ਕੋਰਟ ਦੀ ਚਿੰਤਾ ਜਾਇਜ਼ ਹੈ ਅਤੇ ਲੋਕਾਂ ਵਿਚ ਪ੍ਰਭਾਵ ਇਹ ਹੈ ਕਿ ਚੋਣ ਕਮਿਸ਼ਨ ਇਕ ਖ਼ੁਦਮੁਖ਼ਤਿਆਰ ਸੰਵਿਧਾਨਕ ਸੰਸਥਾ ਵਜੋਂ ਨਹੀਂ ਸਗੋਂ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰਨ ਵਾਲੀ ਸੰਸਥਾ ਬਣ ਗਿਆ ਹੈ। ਜਮਹੂਰੀਅਤ ਨੂੰ ਮਜ਼ਬੂਤ ਬਣਾਉਣ ਲਈ ਸੰਵਿਧਾਨਕ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਨੂੰ ਖ਼ੁਦਮੁਖ਼ਤਿਆਰੀ ਦੇਣ ਦੀ ਜ਼ਰੂਰਤ ਹੁੰਦੀ ਹੈ।



# ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਕਾਰਨ ਫੈਲਿਆ ਕਾਲਾ ਪੀਲੀਆ

## ਪਿਛਲੇ ਛੇ ਮਹੀਨਿਆਂ ਦੌਰਾਨ ਜੇਲ੍ਹਾਂ ਵਿਚੋਂ ਚਾਰ ਹਜ਼ਾਰ ਮਿੰਨੀ ਮੋਬਾਈਲ ਫ਼ੋਨ ਫੜੇ



ਪੰਜਾਬ ਦੀਆਂ ਜੇਲ੍ਹਾਂ 'ਚ ਕਿਸ ਪੱਧਰ ਤੱਕ ਦੀ ਅਰਾਜਕਤਾ ਦਾ ਮਾਹੌਲ ਹੈ, ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਹੈ। ਨਿੱਤ ਸੂਬੇ ਦੀ ਕਿਸੇ ਨਾ ਕਿਸੇ ਜੇਲ੍ਹ 'ਚੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਸ ਕਾਰਣ ਕਾਲਾ ਪੀਲੀਆ ਵੀ ਫੈਲ ਰਿਹਾ ਹੈ। ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਨਜ਼ਰਬੰਦ ਕੈਦੀਆਂ ਦੀ ਕੀਤੀ ਜਾਵੇ ਤਾਂ ਜੇਲ੍ਹ ਦੇ 800 ਕੈਦੀਆਂ ਦੇ ਬਲੱਡ ਟੈਸਟ ਕੀਤੇ ਗਏ ਤਾਂ ਉਸ ਵਿਚੋਂ 148 ਕੈਦੀ ਹੈਪੇਟਾਈਟਿਸ-ਸੀ (ਕਾਲੇ ਪੀਲੀਏ) ਦੀ ਲਪੇਟ ਵਿੱਚ ਆ ਗਏ ਹਨ।

ਸਰਕਾਰੀ ਹਸਪਤਾਲ ਦੀ ਸਹਾਇਕ ਐੱਸ.ਐੱਮ.ਓ ਪ੍ਰਦੀਪ ਅਰੋੜਾ ਨੇ ਦੱਸਿਆ ਕਿ ਜੋ ਇਹ ਕੈਦੀ ਹੈਪੇਟਾਈਟਿਸ-3 ਨਾਲ 148 ਕੈਦੀ ਪੀੜਤ ਪਾਏ ਗਏ ਹਨ ਇਸ ਦਾ ਮੁੱਖ ਕਾਰਨ ਹੈ ਕਿ ਜੋ ਸਰਿੰਜਾਂ ਹਨ ਉਹ ਆਪਸ ਵਿੱਚ ਵਰਤਦੇ ਹਨ ਜਿਸ ਕਰਕੇ ਹੈਪੇਟਾਈਟਿਸ ਸੀ ਬਿਮਾਰੀ ਦਾ ਮੁੱਖ ਕਾਰਨ ਹੈ। ਇਕ ਨਵੀਂ ਚੁਣੌਤੀ ਮਿੰਨੀ ਮੋਬਾਈਲ ਫ਼ੋਨ ਹੈ ਜਿਸ ਦੀ ਵਰਤੋਂ ਜੇਲ੍ਹਾਂ 'ਚ ਕੈਦੀਆਂ ਵੱਲੋਂ ਨਿਰੰਤਰ ਵਧਦੀ ਜਾ ਰਹੀ ਹੈ। ਸੱਤ ਸੈਂਟੀਮੀਟਰ ਤੋਂ ਵੀ ਘੱਟ ਲੰਬਾਈ, ਤਿੰਨ ਸੈਂਟੀਮੀਟਰ ਚੌੜਾਈ ਤੇ ਇਕ ਹਜ਼ਾਰ ਤੋਂ ਵੀ ਘੱਟ ਕੀਮਤ ਵਿਚ ਉਪਲਬਧ ਇਹ ਫ਼ੋਨ ਕੈਦੀਆਂ ਤੱਕ ਆਸਾਨੀ ਨਾਲ ਪੁੱਜ ਰਿਹਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਸ ਨੂੰ ਲੁਕਾਉਣਾ ਬਹੁਤ ਸੌਖਾ ਹੈ। ਇਸ ਦੇ ਬਾਵਜੂਦ ਪਿਛਲੇ ਛੇ ਮਹੀਨਿਆਂ ਦੌਰਾਨ ਅਜਿਹੇ ਲਗਭਗ ਚਾਰ ਹਜ਼ਾਰ ਮੋਬਾਈਲ ਫ਼ੋਨ ਫੜੇ ਜਾ ਚੁੱਕੇ ਹਨ। ਇਸ ਤੋਂ ਹਾਲਾਤ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਤੱਥ ਤੋਂ ਸਾਰੇ ਜਾਣੂ ਹਨ ਕਿ ਜੇਲ੍ਹ 'ਚ ਬੰਦ ਪਏ ਅਪਰਾਧੀ ਮੋਬਾਈਲ ਫੋਨਾਂ ਰਾਹੀਂ ਸੀਖਾਂ ਪਿੱਛੇ ਬੈਠ ਕੇ ਹੀ ਬਾਹਰ ਆਪਣਾ ਨੈੱਟਵਰਕ ਸੰਚਾਲਤ ਕਰਦੇ ਹਨ। ਪਿਛਲੇ ਦਿਨੀਂ ਕੋਟਕਪੂਰਾ 'ਚ ਡੇਰਾ ਪ੍ਰੇਮੀ ਦੀ ਹੱਤਿਆ ਦੀ ਸਾਜ਼ਿਸ਼ ਵੀ ਜੇਲ੍ਹ 'ਚ ਹੀ ਰਚੀ ਗਈ ਸੀ। ਇਸ ਤੋਂ ਪਹਿਲਾਂ ਵੀ ਕਈ ਵੱਡੀਆਂ ਅਪਰਾਧਕ ਸਾਜ਼ਿਸ਼ਾਂ ਜੇਲ੍ਹ ਅੰਦਰੋਂ ਹੀ ਰਚੀਆਂ ਜਾ ਚੁੱਕੀਆਂ ਹਨ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਦਾਅਵਿਆਂ ਤੋਂ ਅੱਗੇ ਵਧੇ ਅਤੇ ਜੇਲ੍ਹਾਂ ਵਿਚ ਬੇਨਿਯਮੀਆਂ ਰੋਕਣ ਲਈ ਅਜਿਹੇ ਠੋਸ ਕਦਮ ਚੁੱਕੇ ਜੋ ਜ਼ਮੀਨੀ ਪੱਧਰ 'ਤੇ ਵੀ ਵਿਖਾਈ ਦੇਣ। ਅਜਿਹੀਆਂ ਰਿਪੋਰਟਾਂ ਵੀ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਕਿ ਬਹੁਤ ਸਾਰੇ ਗੈਂਗਸਟਰ ਜੇਲ੍ਹਾਂ ਅੰਦਰ ਬੈਠੇ ਹੀ ਆਪਣੇ ਗਿਰੋਹ ਚਲਾਉਂਦੇ ਰਹੇ ਹਨ। ਇਨ੍ਹਾਂ ਸਮਾਜ-ਵਿਰੋਧੀ ਤੱਤਾਂ ਨੂੰ ਮੋਬਾਈਲ ਤੇ ਨਸ਼ੇ ਕੌਣ ਸਪਲਾਈ ਕਰਦਾ ਹੈ, ਇਹ ਵੀ ਇਕ ਵੱਡਾ ਸਵਾਲ ਹੈ। ਕਈ ਵਾਰ ਕੁਝ ਸਰਕਾਰੀ ਸੂਤਰ ਆਪਣੇ ਬਚਾਅ ਵਿਚ ਅਜਿਹੀ ਦਲੀਲ ਵੀ ਦਿੰਦੇ ਹਨ ਕਿ ਜੇਲ੍ਹਾਂ ਵਿਚ ਮੋਬਾਈਲ ਜਾਣ-ਬੁੱਝ ਕੇ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਜੋ ਉਨ੍ਹਾਂ ਨੂੰ ਬਾਅਦ 'ਚ ਟੈਪ ਕਰ ਕੇ ਪਤਾ ਲਾਇਆ ਜਾ ਸਕੇ ਕਿ ਕੈਦੀ ਕਿੱਥੇ ਤੇ ਕਿਨ੍ਹਾਂ ਨਾਲ ਗੱਲਬਾਤ ਕਰਦੇ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਫ਼ਿਰੋਜ਼ਪੁਰ ਦੇ ਇਕ ਡਿਪਟੀ ਜੇਲ੍ਹ ਸੁਪਰਡੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ 'ਤੇ ਕੈਦੀਆਂ ਨੂੰ ਮੋਬਾਈਲ ਫ਼ੋਨ ਤੇ ਨਸ਼ੇ ਸਪਲਾਈ ਕਰਨ ਦੇ ਦੋਸ਼ ਲਾਏ ਗਏ ਸਨ। ਉਸ ਨਾਲ ਤਿੰਨ ਹੋਰ ਜੇਲ੍ਹ ਅਧਿਕਾਰੀਆਂ ਨੂੰ ਵੀ ਹਿਰਾਸਤ 'ਚ ਲਿਆ ਗਿਆ ਸੀ। ਪਿਛਲੇ ਸਮੇਂ ਦੌਰਾਨ ਪੰਜਾਬ ਦੀਆਂ ਜੇਲ੍ਹਾਂ ਦੇ 10 ਹੋਰ ਜੇਲ੍ਹ ਅਧਿਕਾਰੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਮੈਡੀਕਲ ਅਫ਼ਸਰ ਵਜੋਂ ਵਿਚਰ ਰਹੇ ਦੋ ਡਾਕਟਰ ਵੀ ਸ਼ਾਮਲ ਹਨ। ਇਸ ਤੋਂ ਆਮ ਵਿਅਕਤੀ ਤਾਂ ਇਹੋ ਸਿੱਟਾ ਕੱਢੇਗਾ ਕਿ ਉੱਚ ਅਧਿਕਾਰੀ ਹੀ ਮਿਲੀਭੁਗਤ ਨਾਲ ਉਕਤ ਸਭ ਕੁਝ ਜਾਣ-ਬੁੱਝ ਕੇ ਕਰਵਾ ਰਹੇ ਹਨ।

# ਦਿੱਲੀ ਪੁਲਿਸ ਨੇ ਆਸਟ੍ਰੇਲੀਆ 'ਚ ਹੋਏ ਕਤਲ ਦੇ ਮੁਲਜ਼ਮ ਨੂੰ ਕੀਤਾ ਗ੍ਰਿਫ਼ਤਾਰ

## ਆਸਟ੍ਰੇਲੀਆ ਸਰਕਾਰ ਨੇ ਦੋਸ਼ੀ ਉੱਪਰ ਰੱਖਿਆ ਸੀ 5 ਕਰੋੜ ਤੋਂ ਵੱਧ ਦਾ ਇਨਾਮ



ਭਾਰਤੀ ਮੂਲ ਦੇ ਆਸਟ੍ਰੇਲੀਆਈ ਨਾਗਰਿਕ ਰਾਜਵਿੰਦਰ ਸਿੰਘ ਨੂੰ ਦਿੱਲੀ ਪੁਲਿਸ ਨੇ ਬੀਤੇ ਦਿਨੀਂ ਗ੍ਰਿਫ਼ਤਾਰ ਕਰ ਲਿਆ ਸੀ। ਰਾਜਵਿੰਦਰ ਸਿੰਘ 'ਤੇ ਆਸਟ੍ਰੇਲੀਆ ਦੇ ਕਵੀਨਸਲੈਂਡ ਸ਼ਹਿਰ ਵਿਚ ਇਕ ਗੋਰੀ ਦੀ ਹੱਤਿਆ ਕਰਨ ਦਾ ਦੋਸ਼ ਹੈ। ਅਧਿਕਾਰੀਆਂ ਨੇ ਕਿਹਾ ਕਿ ਘਟਨਾ ਦੇ ਬਾਅਦ ਉਹ ਆਸਟ੍ਰੇਲੀਆ ਤੋਂ ਦੌੜ ਗਿਆ ਸੀ। ਸਿੰਘ ਦੀ ਗ੍ਰਿਫ਼ਤਾਰੀ 'ਤੇ 10 ਲੱਖ ਆਸਟ੍ਰੇਲਿਆਈ ਡਾਲਰ ਦਾ ਇਨਾਮ ਸੀ।

ਇੰਟਰਪੋਲ ਨੇ ਰਾਜਵਿੰਦਰ ਸਿੰਘ (38) ਦੇ ਖ਼ਿਲਾਫ਼ ਇਕ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਸੀ, ਜਿਸ ਦੇ ਬਾਅਦ ਪਟਿਆਲਾ ਹਾਊਸ ਅਦਾਲਤ ਨੇ ਉਸ ਦੇ ਖ਼ਿਲਾਫ਼ 21 ਨਵੰਬਰ ਨੂੰ ਹਵਾਲਗੀ ਕਾਨੂੰਨ ਦੇ ਤਹਿਤ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ । ਸੀ. ਬੀ. ਆਈ. ਅਤੇ ਉਨ੍ਹਾਂ ਦੇ ਆਸਟ੍ਰੇਲੀਆਈ ਹਮਰੁਤਬਾ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਨੂੰ ਦਿੱਲੀ ਪੁਲਿਸ ਦੀ ਵਿਸ਼ੇਸ਼ ਸੈਲ ਨੇ ਜੀ. ਟੀ. ਕਰਨਾਲ ਰੋਡ ਤੋਂ ਕਾਬੂ ਕੀਤਾ ਸੀ । ਆਸਟ੍ਰੇਲੀਆਈ ਹਾਈ ਕਮਿਸ਼ਨ ਨੇ 4 ਨਵੰਬਰ ਨੂੰ ਦੱਸਿਆ ਸੀ ਕਿ ਅਕਤੂਬਰ 2018 ਵਿਚ ਤਯੋਹ ਕੋਰਡਿੰਗਲੇ (24) ਆਪਣੇ ਕੁੱਤੇ ਨੂੰ ਕਵੀਨਸਲੈਂਡ ਦੇ ਵਾਂਗੋਟੀ ਬੀਚ ਉੱਪਰ ਟਹਿਲਾਉਣ ਲਈ ਨਿਕਲੀ ਸੀ, ਜਦ ਉਸ ਦੀ ਹੱਤਿਆ ਕਰ ਦਿੱਤੀ ਗਈ। ਕਮਿਸ਼ਨਰ ਕੈਰੋਲ ਨੇ ਕਿਹਾ ਕਿ ਜੇ ਇਹ ਪਤਾ ਚਲਦਾ ਹੈ ਕਿ ਗ੍ਰਿਫ਼ਤਾਰੀ ਦੀ ਅਗਵਾਈ ਕਰਨ ਬਾਰੇ ਜਾਣਕਾਰੀ ਦੇਣ ਵਾਲਾ ਇਨਾਮ ਲਈ ਯੋਗ ਸੀ, ਤਾਂ ਉਹ 'ਖ਼ੁਸ਼ੀ ਨਾਲ ਚੈੱਕ ਆਪਣੇ ਆਪ ਲਿਖ ਦੇਵੇਗੀ।' ਉਸ ਨੇ ਭਾਰਤੀ ਪੁਲਿਸ ਨਾਲ ਸਹਿਯੋਗ ਦੀ ਪ੍ਰਸ਼ੰਸਾ ਕਰਦਿਆਂ ਉਸ ਨੇ ਇਸ ਨੂੰ 'ਬੇਮਿਸਾਲ' ਦੱਸਿਆ।



# ਖਪਤਕਾਰੀ ਸਿਸਟਮ, ਸੰਚਾਰ ਸਾਧਨਾਂ ਦੇ ਬੇਹੂਦੇ ਪ੍ਰਵਚਨ ਬਨਾਮ ਵਹਿਸ਼ੀਪੁਣਾ

ਡਾ. ਸੁਖਦੇਵ ਸਿੰਘ

> *"ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਮੁਤਾਬਿਕ 2021 ਵਿੱਚ 31677 ਬਲਾਤਕਾਰ ਦੇ ਕੇਸ ਵਾਪਰੇ ਜਿਨ੍ਹਾਂ ਵਿੱਚ ਵਧੇਰੇ ਕਰਕੇ ਛੋਟੀਆਂ ਲੜਕੀਆਂ ਦੇ ਸਨ। ਔਸਤਨ ਹਰ ਰੇਪ 86 ਰੇਪ ਕੇਸ ਅਤੇ 49 ਹੋਰ ਤਰ੍ਹਾਂ ਦੇ ਜੁਰਮ ਔਰਤਾਂ ਨਾਲ ਵਾਪਰੇ। ਹੋਰ ਨੇੜਿਉਂ ਦੇਖੀਏ ਤਾਂ ਪਤਾ ਚਲਦਾ ਹੈ ਕਿ ਔਰਤਾਂ ਖ਼ਿਲਾਫ਼ ਜੁਰਮਾਂ ਦੀ ਸਥਿਤੀ ਇਹ ਹੈ ਕਿ ਹਰ ਦੋ ਮਿੰਟ ਵਿੱਚ ਇੱਕ ਅਪਰਾਧ, 11 ਮਿੰਟਾਂ ਵਿੱਚ ਇਕ ਛੇੜਛਾੜ, 20 ਮਿੰਟਾਂ ਵਿੱਚ ਇੱਕ ਰੇਪ ਤੇ 64 ਮਿੰਟਾਂ ਵਿੱਚ ਜਾਨ ਦਾਜ ਦੀ ਬਲੀ ਚੜ੍ਹਦੀ ਹੈ। ਹਜ਼ਾਰਾਂ ਹੀ ਕੇਸ ਐਸੇ ਹੁੰਦੇ ਹਨ ਜੋ ਵੱਖ ਵੱਖ ਕਾਰਨਾਂ ਕਰ ਕੇ ਕਦੇ ਰਿਪੋਰਟ ਹੀ ਨਹੀਂ ਹੁੰਦੇ।"*

ਕਤਲ ਦੇ ਟੈਲੀਵਿਜ਼ਨ ਸੀਰੀਅਲ ਵਿੱਚ ਦਿਖਾਏ ਢੰਗ ਦੀ ਤਰਜ਼ 'ਤੇ ਦਿੱਲੀ ਵਿੱਚ 28 ਸਾਲਾ ਨੌਜੁਆਨ ਵੱਲੋਂ ਆਪਣੀ 26 ਸਾਲਾ ਸਹੇਲੀ ਦੀ ਹੱਤਿਆ ਉਪਰੰਤ ਉਸ ਦੇ ਸਰੀਰ ਨੂੰ 35 ਟੁਕੜਿਆਂ ਵਿੱਚ ਵੱਢ ਕੇ ਫ਼ਰਿਜ ਵਿੱਚ ਲਗਾ ਦੇਣ ਅਤੇ ਹਰ ਰਾਤ ਇੱਕ ਟੁਕੜੇ ਨੂੰ ਮਹਿਰੌਲੀ ਵੱਲ ਜੰਗਲ ਵਿੱਚ ਸੁੱਟੀ ਜਾਣ ਅਤੇ ਪੰਜ ਮਹੀਨੇ ਏਸ ਜੁਰਮ ਦੀ ਭਿਣਕ ਨਾ ਪੈਣ ਦੇਣ ਦੀ ਖ਼ਬਰ ਨੇ ਭਾਰਤ ਵਿੱਚ ਫੈਲ ਰਹੀ ਅਸੰਵੇਦਨਸ਼ੀਲਤਾ ਅਤੇ ਬਰਾਬਰਤਾ ਦੀ ਸਿਖਰ ਦੇ ਸੰਕੇਤ ਵੱਲ ਧਿਆਨ ਖਿੱਚਿਆ ਹੈ। ਦੋਸ਼ੀ ਨੇ ਪੜਤਾਲ ਦੌਰਾਨ ਮੰਨਿਆ ਕਿ ਉਸ ਨੇ ਇਹ ਅੱਤ ਅਸੰਵੇਦਨਸ਼ੀਲ ਕਾਰਾ ਅਮਰੀਕਾ ਦੀ ਜੁਰਮ ਸੀਰੀਜ਼ 'ਡੈਕਸਟਰ' ਨੂੰ ਦੇਖ ਕੇ ਕੀਤਾ ਜਿਸ ਵਿੱਚ ਇਕ ਸੀਰੀਅਲ ਕਿੱਲਰ ਏਸ ਤਰ੍ਹਾਂ ਦੇ ਜੁਰਮ ਕਰਦਾ ਹੈ।

ਨਾਵਲਕਾਰ ਜੈਫ ਲਿੰਡਸੇ ਦੇ ਨਾਵਲ 'ਡਾਰਕਲੀ ਡਰੀਮਿੰਗ ਡੈਕਸਟਰ' ਉੱਤੇ ਅਧਾਰਿਤ ਅਕਤੂਬਰ 2006 ਤੋਂ ਸਤੰਬਰ 2013 ਤੱਕ ਚੱਲੇ ਏਸ ਟੀਵੀ ਲੜੀਵਾਰ ਦੇ ਪ੍ਰਭਾਵ ਹੇਠ ਅਮਰੀਕਾ, ਕੈਨੇਡਾ, ਸਪੇਨ, ਬਰਤਾਨੀਆ, ਨਾਰਵੇ ਦੇਸ਼ਾਂ ਵਿੱਚ ਕਈ ਨੌਜੁਆਨਾਂ ਤੇ ਅੱਲ੍ਹੜ ਲੜਕਿਆਂ ਨੇ ਆਪਣੀਆਂ ਪ੍ਰੇਮਿਕਾਵਾਂ ਨੂੰ ਅਸੱਭਿਅਕ ਢੰਗਾਂ ਨਾਲ ਮਾਰ ਕੇ ਸਰੀਰਕ ਅੰਗਾਂ ਨੂੰ ਪਲਾਸਟਿਕ ਲਿਫ਼ਾਫ਼ੇ ਆਦਿ ਵਿੱਚ ਵਲ੍ਹੇਟ ਕੇ ਰੱਖਿਆ ਜਾਂ ਸੁੱਟਿਆ। ਮਹਿਰੌਲੀ ਕੇਸ ਦੀ ਛਾਣਬੀਣ ਤੋਂ ਪਤਾ ਚਲਦਾ ਹੈ ਕਿ ਮ੍ਰਿਤਕ ਲੜਕੀ ਖ਼ੁਦ ਵੀ ਖੁੱਲ੍ਹਾ ਤੇ ਆਪਣੀ ਮਰਜ਼ੀ ਦਾ ਜੀਵਨ ਜੀਣਾ ਚਾਹੁੰਦੀ ਸੀ। ਉਹ ਅਮਰੀਕਨ ਟੀਵੀ ਸੀਰੀਅਲ 'ਫਰੈਂਡ' ਦੀ ਫੈਨ ਸੀ, ਜਿਸ ਵਿੱਚ ਛੇ ਮਿੱਤਰ ਲੜਕੇ-ਲੜਕੀਆਂ ਖੁੱਲ੍ਹਾ ਜੀਵਨ ਬਤੀਤ ਕਰਦੇ ਦਿਖਾਏ ਗਏ ਸਨ। ਏਸੇ ਕਰਕੇ ਸ਼ਾਇਦ ਪਰਿਵਾਰ ਦੇ ਮਨ੍ਹਾ ਕਰਨ ਨੂੰ ਦਰਕਿਨਾਰ ਕਰ ਕੇ ਆਪਣੇ ਮਿੱਤਰ ਨਾਲ ਲਿਵ-ਈਨ-ਰਿਲੇਸ਼ਨ ਵਜੋਂ ਰਹਿਣ ਲੱਗ ਪਈ। ਟੀਵੀ 'ਤੇ ਹੋਰ ਮਾਡਰਨ ਸੰਚਾਰ ਸਾਧਨਾਂ ਦੇ ਮਨੁੱਖੀ ਜੀਵਨ 'ਤੇ ਪ੍ਰਭਾਵਾਂ ਬਾਰੇ ਖੋਜਾਂ ਤੇ ਸੰਬਧਤ ਲਿਖਤਾਂ ਇਸ਼ਾਰਾ ਕਰਦੀਆਂ ਹਨ ਕਿ ਮਨੁੱਖੀ ਵਰਤਾਰਾ ਸੰਚਾਰ ਦੇ ਅਜੋਕੇ ਸਾਧਨਾਂ ਕਰਕੇ ਵੱਡੀ ਪੱਧਰ 'ਤੇ ਬਦਲਿਆ ਹੈ ਅਤੇ ਬਦਲ ਰਿਹਾ ਹੈ, ਜਿਸਦੇ ਹਾਂਪੱਖੀ ਤੇ ਨਾਂਹਪੱਖੀ ਨਤੀਜੇ ਸਾਹਮਣੇ ਆ ਰਹੇ ਹਨ।

ਸੰਚਾਰ ਅਤੇ ਅੰਤਰਕਾਰਜ ਮਨੁੱਖੀ ਜੀਵਨ ਦਾ ਧੁਰਾ ਹਨ। ਕਬਾਇਲੀ ਤੇ ਅੱਤ-ਸਰਲ ਸਮਾਜਾਂ ਵਿੱਚ ਇਸ਼ਾਰਿਆਂ, ਬੋਲੀਆਂ ਤੇ ਫੇਰ ਲਿਖਤ ਭਾਸ਼ਾਵਾਂ ਵਿੱਚ ਸੰਚਾਰ ਪ੍ਰਿਆਵਾਂ ਦੀ ਸ਼ੁਰੂਆਤ ਹੋਈ ਪਰ ਸੰਚਾਰ ਵਧੇਰੇ ਕਰਕੇ ਸਥਾਨਕ ਪੱਧਰੀ ਸੀ। ਮਨੁੱਖੀ ਵਿਕਾਸ ਤੇ ਕੁਦਰਤ ਨੂੰ ਹੋਰ ਜਾਣਨ ਅਤੇ ਕੰਟਰੋਲ ਕਰਨ ਦੀ ਉਤਸੁਕਤਾ ਨੇ ਸਾਇੰਸ ਤੇ ਤਕਨਾਲੋਜੀ ਨੂੰ ਜਨਮ ਦਿੱਤਾ। ਅਠਾਰ੍ਹਵੀਂ ਸਦੀ ਦੌਰਾਨ ਇੰਗਲੈਂਡ ਵਿੱਚ ਉਪਜੇ ਉਦਯੋਗਿਕ ਇਨਕਲਾਬ ਨੇ ਦੁਨੀਆ ਵਿੱਚ ਮਨੁੱਖੀ ਜੀਵਨ ਨੂੰ ਤੇਜ਼ੀ ਨਾਲ ਬਦਲਣਾ ਸ਼ੁਰੂ ਕੀਤਾ ਅਤੇ ਤਕਨਾਲੋਜੀ ਤੋਂ ਬਿਨਾਂ ਜੀਵਨ ਅਧੂਰਾ ਲੱਗਣ ਲਗਾ। ਟੈਲੀਫ਼ੋਨ, ਰੇਡੀਉ ਤੋਂ ਸ਼ੁਰੂ ਹੋ ਕੇ ਟੈਲੀਵਿਜ਼ਨ, ਇੰਟਰਨੈੱਟ, ਫ਼ਿਲਮਾਂ, ਅਖ਼ਬਾਰਾਂ, ਰਸਾਲੇ ਤੇ ਹੋਰ ਸੋਸ਼ਲ ਮੀਡੀਆ ਦੀ ਆਮਦ ਨੇ ਮਨੁੱਖੀ ਜੀਵਨ ਤੇ ਵਰਤਾਰੇ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਮਿਥਿਹਾਸਕ ਕਥਾਵਾਂ, ਧਾਰਮਿਕ ਲਿਖਤਾਂ, ਕਹਾਣੀਆਂ, ਕਿੱਸੇ ਸੁਣਨ ਅਤੇ ਬਾਤਾਂ, ਬੁਝਾਰਤਾਂ, ਬੋਲੀਆਂ ਆਦਿ ਦੇ ਪਰਿਵਾਰ ਤੇ ਪਿੰਡ ਪੱਧਰੀ ਮਨ ਪ੍ਰਚਾਵੇ ਦੀ ਥਾਂ ਵੱਖ ਵੱਖ ਤਰ੍ਹਾਂ ਮਕਾਨਕੀ ਸੰਚਾਰ ਸਾਧਨਾਂ ਤੇ ਖ਼ਾਸਕਰ ਸਮਾਰਟ ਫੋਨਾਂ ਤੋਂ ਮਨ ਪ੍ਰਚਾਵੇ ਤੇ ਸੂਚਨਾਵਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅੱਜ ਆਲਮ ਇਹ ਹੈ ਕਿ ਮਨੁੱਖ ਸਮੂਹਾਂ ਦੀ ਥਾਂ ਇਕੱਲਾ ਹੋ ਗਿਆ ਹੈ ਅਤੇ ਪਦਾਰਥਵਾਦੀ ਯੁੱਗ ਵਿੱਚ ਹਰ ਤਰ੍ਹਾਂ ਦੀ ਸਹੂਲਤ ਮਾਣਨ ਲਈ ਉਤਸੁਕ ਰਹਿੰਦਾ ਹੈ। ਸੰਚਾਰ ਸਾਧਨਾਂ, ਖ਼ਾਸਕਰ ਇੰਟਰਨੈੱਟ ਅਧਾਰਤ ਕੰਪਿਊਟਰ ਤੇ ਮੋਬਾਈਲ ਨੇ ਜਿੱਥੇ ਸੂਚਨਾਵਾਂ ਦੀ ਪ੍ਰਾਪਤੀ, ਬੈਂਕਾਂ, ਰੇਲਾਂ, ਹਵਾਈ ਸਫ਼ਰਾਂ, ਕਾਰੋਬਾਰਾਂ ਆਦਿ ਵਿੱਚ ਚੰਗੀ ਭੂਮਿਕਾ ਨਿਭਾਈ ਹੈ, ਉੱਥੇ ਲੋਕਾਂ ਨੂੰ ਤੇ ਵਧੇਰੇ ਕਰਕੇ ਬੱਚਿਆਂ ਤੇ ਨੌਜੁਆਨਾਂ ਦੀ ਜ਼ਿੰਦਗੀ, ਪੜ੍ਹਾਈ, ਖੇਡਣ, ਸੌਣ ਤੇ ਮਨੁੱਖੀ ਉਤਪਾਦਕ ਸ਼ਕਤੀ ਦੇ ਮਾੜੇ ਇਸਤੇਮਾਲ ਵਲ ਵਧੇਰੇ ਰੋਲ ਅਦਾ ਕੀਤਾ ਹੈ, ਜੋ ਮੋਬਾਈਲ ਦੇ ਹੱਦੋਂ ਵੱਧ ਇਸਤੇਮਾਲ, ਪੋਰਨੋਗ੍ਰਾਫੀ ਦੇ ਜਾਲ, ਨਸ਼ਾਖੋਰੀ, ਵਿਭਚਾਰੀ ਵਿਵਹਾਰ ਤੇ ਵੱਖ ਵੱਖ ਤਰ੍ਹਾਂ ਦੇ ਜੁਰਮਾਂ ਵਿੱਚ ਦ੍ਰਿਸ਼ਟਮਾਨ ਹੋ ਰਿਹਾ ਹੈ। ਟੀਵੀ ਦੀ ਆਮ ਸਮਗਰੀ ਤੇ ਖ਼ਾਸਕਰ ਸੀਰੀਅਲਾਂ ਵਿੱਚ ਦਿਖਾਈਆਂ ਜਾਂਦੀਆਂ ਰਿਸ਼ਤਿਆਂ ਦੀਆਂ ਬਣਤਰਾਂ ਦੇਖ ਕਈ ਲੋਕਾਂ ਦਾ ਵਰਤਾਰਾ ਚਿੜਚੜਾ, ਹਮਲਾਵਰੀ, ਡਰ ਤੇ ਭੈ ਭਰਿਆ ਹੋ ਜਾਂਦਾ ਹੈ ਅਤੇ ਤਲਿੱਸਮੀ ਜੀਵਨ ਦੀ ਲੋਚਾ ਕਰ ਮਨੋਰੋਗੀ ਹੋ ਜਾਂਦੇ ਹਨ।




ਭਾਰਤ ਤੇ ਸੂਬਾ ਪੰਜਾਬ ਵੀ ਸੰਚਾਰ ਸਾਧਨਾਂ ਦੇ ਭਾਰੀ ਪ੍ਰਭਾਵ ਥੱਲੇ ਹੈ। ਹੋਰ ਮਾਰੂ ਤੱਥਾਂ ਤੋਂ ਇਲਾਵਾ ਅੱਜ ਦੇਸ਼ ਵਿੱਚ ਬਲਾਤਕਾਰ ਤੇ ਹੱਤਿਆਵਾਂ ਦੇ ਕੇਸ ਬਹੁਤ ਵਧ ਰਹੇ ਹਨ। ਪਿਛਲੇ ਕੁਝ ਮਹੀਨਿਆਂ ਜੰਮੂ, ਦਿੱਲੀ, ਯੂਪੀ, ਝਾਰਖੰਡ, ਰਾਜਸਥਾਨ, ਹਰਿਆਣਾ, ਪੰਜਾਬ, ਮਹਾਰਾਸ਼ਟਰ ਆਦਿ ਵਿੱਚ ਸਮੂਹਿਕ ਬਲਾਤਕਾਰਾਂ ਵਿੱਚ ਅੱਤ ਦੀ ਬਰਾਬਰਤਾ ਦਿੱਖੀ, ਜਿੱਥੇ ਛੋਟੀ ਉਮਰ ਦੀਆਂ ਲੜਕੀਆਂ ਨੂੰ ਰੇਪ ਉਪਰੰਤ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਮਹਾਰਾਸ਼ਟਰ ਦੇ ਸ਼ਹਿਰ ਠਾਣੇ ਨੇੜੇ 33 ਲੋਕਾਂ ਵੱਲੋਂ ਲੜਕੀ ਦਾ ਕਈ ਮਹੀਨੇ ਤਕ ਬਲਾਤਕਾਰ ਜੁਰਮ ਦੀ ਇੰਤਹਾ ਸੀ। ਇਸ ਦੇ ਮੁੱਖ ਦੋਸ਼ੀ ਨੇ ਮੋਬਾਈਲ ਰਾਹੀਂ ਲੜਕੀ ਦੀ ਵੀਡੀਉ ਬਣਾ ਕੇ ਮਜਬੂਰ ਕੀਤਾ। ਏਸੇ ਤਰ੍ਹਾਂ ਕਠੂਆ, ਛਾਵਲਾ, ਸੀਲਮਪੁਰ, ਚੈਬਾਸ ਕੇਸ ਆਦਿ ਅਨੇਕਾਂ ਹੀ ਘਿਨਾਉਣੇ ਅਪਰਾਧਾਂ ਵਿੱਚ ਦਰਿੰਦਿਆਂ ਨੇ ਛੋਟੀਆਂ ਲੜਕੀਆਂ ਨੂੰ ਹਵਸ ਪੂਰਤੀ ਉਪਰੰਤ ਬੇਰਹਿਮੀ ਨਾਲ ਮਾਰ ਦਿੱਤਾ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਮੁਤਾਬਿਕ 2021 ਵਿੱਚ 31677 ਬਲਾਤਕਾਰ ਦੇ ਕੇਸ ਵਾਪਰੇ ਜਿਨ੍ਹਾਂ ਵਿੱਚ ਵਧੇਰੇ ਕਰਕੇ ਛੋਟੀਆਂ ਲੜਕੀਆਂ ਦੇ ਸਨ। ਔਸਤਨ ਹਰ ਰੇਪ 86 ਰੇਪ ਕੇਸ ਅਤੇ 49 ਹੋਰ ਤਰ੍ਹਾਂ ਦੇ ਜੁਰਮ ਔਰਤਾਂ ਨਾਲ ਵਾਪਰੇ। ਹੋਰ ਨੇੜਿਉਂ ਦੇਖੀਏ ਤਾਂ ਪਤਾ ਚਲਦਾ ਹੈ ਕਿ ਔਰਤਾਂ ਖ਼ਿਲਾਫ਼ ਜੁਰਮਾਂ ਦੀ ਸਥਿਤੀ ਇਹ ਹੈ ਕਿ ਹਰ ਦੋ ਮਿੰਟ ਵਿੱਚ ਇੱਕ ਅਪਰਾਧ, 11 ਮਿੰਟਾਂ ਵਿੱਚ ਇਕ ਛੇੜਛਾੜ, 20 ਮਿੰਟਾਂ ਵਿੱਚ ਇੱਕ ਰੇਪ ਤੇ 64 ਮਿੰਟਾਂ ਵਿੱਚ ਜਾਨ ਦਾਜ ਦੀ ਬਲੀ ਚੜ੍ਹਦੀ ਹੈ। ਹਜ਼ਾਰਾਂ ਹੀ ਕੇਸ ਐਸੇ ਹੁੰਦੇ ਹਨ ਜੋ ਵੱਖ ਵੱਖ ਕਾਰਨਾਂ ਕਰ ਕੇ ਕਦੇ ਰਿਪੋਰਟ ਹੀ ਨਹੀਂ ਹੁੰਦੇ। ਏਸ ਤੋਂ ਛੁਟ ਸੰਚਾਰ ਸਾਧਨਾਂ ਰਾਹੀਂ ਉਪਜ ਰਹੇ ਤਲਿੱਸਮੀ ਸੈਕਸੁਅਲ ਸੰਬੰਧਾਂ ਕਾਰਨ ਤਲਾਕਾਂ ਵਿੱਚ ਵਾਧਾ ਹੋ ਰਿਹਾ ਹੈ। ਜਸਟਿਸ ਪੂਨਮ ਏ ਬੰਬਾ ਨੇ ਆਪਣੀ ਪੁਸਤਕ 'ਟੈਂਪਲ ਆਫ਼ ਜਸਟਿਸ: ਏ ਸਕੂਲ ਲਾਈਫ਼ ਵਿੱਚ ਆਪਣੇ ਅਦਾਲਤੀ ਤਜਰਬਿਆਂ ਦੇ ਅਧਾਰ 'ਤੇ ਪਰਵਾਰਿਕ ਤੇ ਖ਼ਾਸ ਕਰਕੇ ਵਿਆਹੁਤਾ ਜੀਵਨ ਵਿੱਚ ਉਪਜ ਰਹੀਆਂ ਉਲਝਣਾਂ ਬਾਰੇ ਸਿੱਟਾ ਕੱਢਿਆ ਹੈ ਕਿ ਏਸ ਲਈ ਸੰਚਾਰ ਸਾਧਨ ਤੇ ਤਕਨਾਲੋਜੀ ਦੁਆਰਾ ਉਪਜਾਏ ਜਾ ਰਹੇ ਕਲਪਿਤ ਸੈਕਸ ਸਬੰਧ ਤੇ ਹੋਰ ਅਭਾਸੀ ਸੰਸਾਰ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਇਰਾ ਤ੍ਰਿਵੇਦੀ ਦੀ ਪੁਸਤਕ 'ਇੰਡੀਆ ਇਨ ਲਵ: ਮੈਰਿਜ ਐਂਡ ਸੈਕਸਸੂਐਲਿਟੀ ਇਨ ਟਵੰਟੀ ਫ਼ਸਟ ਸੈਂਚੂਰੀ' ਵਿੱਚ ਵੀ ਲੇਖਿਕਾ ਅਜਿਹੇ ਹੀ ਸਿੱਟਿਆਂ 'ਤੇ ਪੁੱਜੀ ਹੈ। ਗੇਅ ਕਲਚਰ, ਸਮਲਿੰਗੀ ਵਿਆਹ ਅਤੇ ਲਿਵ-ਈਨ-ਰਿਲੇਸ਼ਨਸ਼ਿਪ ਵਰਗੇ ਦਿਖਾਵੇ ਵੀ ਸਾਹਮਣੇ ਆ ਰਹੇ ਹਨ ਜੋ ਮੁੱਖ ਤੌਰ 'ਤੇ ਸੋਸ਼ਲ ਮੀਡੀਆ ਦੀ ਹੀ ਦੇਣ ਹਨ।



ਪੰਜਾਬ ਦੀਆਂ ਵਧੇਰੇ ਸਭਿਆਚਾਰਕ ਕਦਰਾਂ ਕੀਮਤਾਂ ਉਸਾਰੂ, ਉਪਜਾਊ ਅਤੇ ਜੀਵਨ ਨੂੰ ਖੇੜੇ ਵਿੱਚ ਰੱਖਣ ਵਾਲੀਆਂ ਸਨ ਪਰ ਪੰਜਾਬ ਦੀ ਨਿੱਗਰ ਮਨੁੱਖੀ ਸ਼ਕਤੀ ਅੱਜ ਕਈ ਕਾਰਨਾਂ ਕਰਕੇ ਅਨੇਕਾਂ ਅਲਾਮਤਾਂ ਥੱਲੇ ਆ ਰਹੀ ਹੈ। ਨਸ਼ਾਖੋਰੀ, 'ਖਾਉਵਾਦੀ' ਸਭਿਆਚਾਰ, ਗੰਨ ਕਲਚਰ ਆਦਿ ਕਰ ਕੇ ਪੰਜਾਬ ਵੱਖ ਵੱਖ ਪੱਖਾਂ ਤੋਂ ਧਰਾਤਲ ਵਲ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਵਿਚ ਵੱਖ ਵੱਖ ਥਾਈਂ 'ਤੇ ਵਿਆਹ ਸ਼ਾਦੀਆਂ ਜਾਂ ਹੋਰ ਖ਼ੁਸ਼ੀਆਂ ਦੇ ਮੌਕਿਆਂ 'ਤੇ ਚੌੜ ਵਿੱਚ ਆ ਕੇ ਚਲਾਈਆਂ ਗੋਲੀਆਂ ਕਾਰਨ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਡੀਜੇ ਡਾਂਸਰਾਂ ਤੇ ਕੈਮਰਾਮੈਨ ਦੀਆਂ ਹੋਈਆਂ ਮੌਤਾਂ, ਇੱਥੋਂ ਤੱਕ ਕੇ ਲਾੜੇ ਲਾੜੀਆਂ ਦੇ ਜ਼ਖ਼ਮੀ ਜਾਂ ਮੌਤ ਹੋਣਾ, ਭੜਕੀਲੇ ਗਾਣੇ ਗਾਉਣ ਵਾਲਿਆਂ ਨੂੰ ਖ਼ੁਦ ਵੀ ਗੋਲੀਆਂ ਦਾ ਸ਼ਿਕਾਰ ਹੋ ਜਾਣਾ ਆਦਿ ਦੀਆਂ ਖ਼ਬਰਾਂ ਪੜ੍ਹ ਕੇ ਹਰੇਕ ਸੰਵੇਦਨਸ਼ੀਲ ਮਨ ਨੂੰ ਠੇਸ ਪਹੁੰਚਦੀ ਹੈ। ਪੰਜਾਬ ਜੋ ਕਿ ਆਪਣੀ ਮਿਹਨਤ, ਕਰੜੀ ਘਾਲ, ਹਿੰਮਤ ਤੇ ਮਾੜਿਆਂ ਨੂੰ ਆਸਰਾ ਦੇਣ ਕਰਕੇ ਜਾਣਿਆ ਜਾਂਦਾ ਸੀ ਅੱਜ ਨਸ਼ੇ ਦੇ ਫੈਲਾਅ ਅਤੇ ਗੰਨ ਕਲਚਰ ਵਾਲਾ ਬਿਆਨਿਆਂ ਜਾਣ ਲਗਾ ਹੈ। ਇਸ ਦਾ ਇੱਕ ਵੱਡਾ ਕਾਰਨ ਭੜਕੀਲੇ ਕਾਮੁਕ ਗਾਣੇ ਤੇ ਉਸ ਵਿੱਚ ਦਿਖਾਏ ਜਾ ਰਹੇ ਪਿਸਤੌਲਾਂ, ਬੰਦੂਕਾਂ ਕਰਕੇ ਹੈ ਜੋ ਅਜੋਕੇ ਮੀਡੀਆ ਦੀ ਉਪਜ ਹੈ। ਪੰਜਾਬ ਸਰਕਾਰ ਵੱਲੋਂ ਅਜਿਹੇ ਗਾਣਿਆਂ 'ਤੇ ਪਾਬੰਦੀ ਏਸ ਦਾ ਸਬੂਤ ਹੈ। ਨਵੀਂ ਪਨੀਰੀ ਵਿੱਚ ਨੱਚਣ ਗਾਉਣ ਦਾ ਰੁਝਾਨ ਹੋਰ ਵਧਣ ਲਗਾ। ਖੇਤੀ ਕੰਮਾਂ ਤੇ ਜੀਵਨ ਸੰਘਰਸ਼ ਦੇ ਹੋਰ ਪਹਿਲੂਆਂ ਨੂੰ ਛੱਡ ਸੌਖਾ ਰਾਹ ਲੱਭਿਆ ਮਨੋਰੰਜਨ ਵਿੱਚ ਵਧੇਰੇ ਸਮਾਂ ਗੁਜ਼ਾਰਨਾ। ਜਿੱਥੇ 1980 ਤੋਂ ਪਹਿਲਾਂ ਪੋਟਿਆਂ 'ਤੇ ਗਿਣੇ ਜਾਣ ਵਾਲੇ ਕਲਾਕਾਰ ਸਨ ਉੱਥੇ ਅੱਜ ਵੱਖ ਵੱਖ ਤਰ੍ਹਾਂ ਤੇ ਵੱਖ ਵੱਖ ਪੱਧਰਾਂ ਦੇ 10000 ਦੇ ਕਰੀਬ ਕਲਾਕਾਰ ਦੱਸੇ ਜਾਂਦੇ ਹਨ। ਵਧ ਰਹੀ ਅਬਾਦੀ ਤੇ ਰੁਜ਼ਗਾਰ ਦੇ ਸੁੰਗੜ ਰਹੇ ਮੌਕਿਆਂ, ਸੀਰੀਅਲਾਂ ਰਾਹੀਂ ਦਿਖਾਈ ਜਾ ਰਹੀ ਹਥਿਆਰਾਂ ਦੇ ਜ਼ੋਰ ਹਾਸਲ ਕੀਤੀ ਭੋਗ ਵਿਲਾਸੀ ਜ਼ਿੰਦਗੀ, ਧਰਮ, ਕਦਰਾਂ ਕੀਮਤਾਂ, ਪਰਿਵਾਰ, ਵਿੱਦਿਅਕ, ਸਮਾਜਿਕ ਸੰਸਥਾਵਾਂ ਦਾ ਘਟ ਰਿਹਾ ਰੋਲ, ਸਮਾਜ ਪ੍ਰਤੀ ਕੋਈ ਜਵਾਬਦੇਹੀ ਦਾ ਨਾ ਹੋਣਾ, ਬਹੁਤੇ ਕੇਸਾਂ ਵਿੱਚ ਅਪਰਾਧੀਆਂ ਨੂੰ ਢੁਕਵੀਂ ਸਜ਼ਾ ਨਾ ਮਿਲਣਾ ਵੱਡੇ ਕਾਰਨ ਹਨ, ਜਿਨ੍ਹਾਂ ਕਾਰਨ ਨਵੇਂ ਗਾਇਕ ਸਮਾਜ ਵਿੱਚ ਅਜਿਹਾ ਕੁਝ ਪਰੋਸ ਰਹੇ ਹਨ ਜੋ ਅਸਲ ਜੀਵਨ ਨਾਲ ਮੇਲ ਨਹੀਂ ਖਾਂਦਾ। ਲੜਕੀਆਂ ਨੂੰ ਪਾਉਣ ਖ਼ਾਤਰ ਉਨ੍ਹਾਂ ਦੇ ਮਾਤਾ, ਪਿਤਾ ਅਤੇ ਭਰਾਵਾਂ ਬਾਰੇ ਗੀਤਾਂ ਵਿੱਚ ਵਰਤੀ ਜਾਂਦੀ ਸ਼ਬਦਾਵਲੀ ਅਜਿਹੀ ਹੁੰਦੀ ਹੈ ਕਿ ਲੋਕ ਕੁੜੀਆਂ ਜਮੰਣੀਆਂ ਹੀ ਛੱਡ ਦੇਣ। ਤਲਿੱਸਮ ਦੀ ਏਸ ਦੁਨੀਆ ਵਿੱਚ ਕਈ ਨੌਜੁਆਨ ਖ਼ਰਚੇ ਪੂਰਤੀ ਲਈ ਮਾਪਿਆਂ ਦੇ ਨੱਕ ਵਿੱਚ ਦਮ ਕਰੀ ਰੱਖਦੇ ਹਨ।

ਸਮਕਾਲੀ ਯੁੱਗ ਤਕਨਾਲੋਜੀ ਤੇ ਮਾਰਕੀਟ ਸ਼ਕਤੀ ਦਾ ਯੁੱਗ ਹੈ। ਨਾ ਹੀ ਪਿੱਛੇ ਜਾਇਆ ਜਾ ਸਕਦਾ ਅਤੇ ਨਾ ਨਵੀਂ ਤਕਨਾਲੋਜੀ ਤੋਂ ਮੁਨਕਰ ਹੋਇਆ ਜਾ ਸਕਦਾ ਹੈ। ਹੋਰ ਕਾਰਕਾਂ ਤੋਂ ਇਲਾਵਾ ਮਾਰਕੀਟ ਦੀ ਮੁੱਖ ਧਾਰਨਾ ਹੈ ਲੋਕਾਂ ਤੇ ਖ਼ਾਸਕਰ ਨੌਜੁਆਨਾਂ ਨੂੰ 'ਖਾਊਵਾਦੀ' ਤੇ ਖ਼ਪਤਕਾਰੀ ਸਭਿਆਚਾਰ ਦੇ ਚੱਕਰ ਵਿੱਚ ਪਾ ਦੇਣਾ ਅਤੇ ਯਥਾਰਥ ਤੋਂ ਪਰੇ ਰੱਖਣਾ। ਜੇ ਰੋਕ ਦੀ ਗੱਲ ਉੱਠੇ ਤਾਂ ਸਵਾਲ ਅਜ਼ਾਦੀ ਤੇ ਨਿੱਜੀ ਜ਼ਿੰਦਗੀ ਦਾ ਆ ਜਾਂਦਾ ਹੈ। ਏਸ ਗੁੰਝਲਦਾਰ ਪ੍ਰਕਿਰਿਆ ਨੂੰ ਸਮਝ ਕੇ ਚਿੰਤਕਾਂ, ਦੇਸ਼ ਸਮਾਜ ਬਾਰੇ ਸਰੋਕਾਰ ਰੱਖਣ ਵਾਲੇ ਲੋਕ ਤੇ ਯੋਜਨਾਕਾਰਾਂ ਨੂੰ ਮਿਲ ਕੇ ਵਿਚਾਰ ਕਰਨਾ ਪਵੇਗਾ ਕਿ ਕਿਸ ਤਰ੍ਹਾਂ ਸੰਚਾਰ ਸਾਧਨਾਂ ਵਿੱਚ ਦਿਖਾਈ ਜਾਣ ਵਾਲੀ ਸਮਗਰੀ ਨੂੰ ਦਿਸ਼ਾ ਨਿਰਦੇਸ਼ਤ ਕੀਤਾ ਜਾ ਸਕੇ। ਸੁਪਰੀਮ ਕੋਰਟ ਨੇ ਪਿੱਛੇ ਜਿਹੇ ਇੱਕ ਟੀਵੀ ਸੀਰੀਅਲ ਨਿਰਦੇਸ਼ਕਾਂ ਨੂੰ ਤਾੜਨਾ ਵੀ ਕੀਤੀ ਹੈ ਕਿ ਉਹ ਆਪਣੀ ਵੈੱਬ ਸੀਰੀਜ਼ ਰਾਹੀਂ ਨੌਜੁਆਨ ਪੀੜ੍ਹੀ ਦੇ ਦਿਮਾਗਾਂ ਨੂੰ ਪ੍ਰਦੂਸ਼ਿਤ ਕਰ ਰਹੀ ਹੈ। ਸੋ ਲੋੜ ਹੈ ਵਿਚਾਰਨ ਦੀ ਤਾਂ ਜੋ ਸੰਚਾਰ ਸਾਧਨਾਂ ਦੇ ਨਕਾਰਾਤਮਿਕ ਪ੍ਰਭਾਵਾਂ ਨੂੰ ਕਾਬੂ ਵਿੱਚ ਰੱਖਿਆ ਜਾਵੇ।

ਮਹਿੰਦਰ ਸਿੰਘ ਦੁਸਾਂਝ

**ਮੌਜੂਦਾ ਪੰਜਾਬ ਸਰਕਾਰ ਪੈਸੇ ਦੀ ਸਖ਼ਤ ਘਾਟ ਨਾਲ ਜੂਝ ਰਹੀ ਹੈ ਤੇ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਨੂੰ ਖਿੱਚ-ਧੂਹ ਕੇ ਕਿਨਾਰੇ ਲਾਉਣ ਦਾ ਨਾਟਕ ਵੀ ਕਰ ਰਹੀ ਹੈ। ਖਜ਼ਾਨੇ ਵਿਚ ਪੈਸੇ ਨਾ ਹੋਣ ਦੇ ਬਾਵਜੂਦ ਮੌਜੂਦਾ ਪੰਜਾਬ ਸਰਕਾਰ ਚੋਣਾਂ ਸਮੇਂ ਵੋਟਰਾਂ ਨਾਲ ਕੀਤੇ ਇਕਰਾਰ ਅਨੁਸਾਰ ਦੋ ਮਹੀਨੇ 'ਚ 600 ਯੂਨਿਟ ਬਿਜਲੀ ਦੇ ਮੁਫ਼ਤ ਦੇਣ ਦਾ ਐਲਾਨ ਕਰਕੇ ਹੁੱਬ ਹੁੱਬ ਕੇ ਮੁੱਛਾਂ ਮਰੋੜ ਰਹੀ ਹੈ, ਹਾਲਾਂ ਕਿ ਪਿਛਲੀਆਂ ਸਰਕਾਰਾਂ ਵਲੋਂ ਮੁਫ਼ਤ ਦਿੱਤੀ ਬਿਜਲੀ ਦੀ ਸਬਸਿਡੀ ਦੇ 9 ਹਜ਼ਾਰ ਕਰੋੜ ਰੁਪਏ ਬਿਜਲੀ ਦੇ ਪ੍ਰਬੰਧ ਨੂੰ ਜਿਊਂਦਾ ਰੱਖਣ ਲਈ ਪਾਵਰਕਾਮ ਸਰਕਾਰ ਤੋਂ ਲੈਣ ਦੀ ਉਡੀਕ ਕਰ ਰਹੀ ਹੈ।**

# ਪੰਜਾਬ ਦੀ ਤਬਾਹੀ ਦੀ ਜ਼ਿੰਮੇਵਾਰ ਫੁਕਰੇ ਲਾਰਿਆਂ ਵਾਲੀ ਰਾਜਨੀਤੀ



ਕੁਝ ਸਮਾਂ ਪਹਿਲਾਂ ਮੌਜੂਦਾ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਵਲੋਂ ਦਿੱਤੇ ਇਕ ਬਿਆਨ ਵਿਚ ਕਿਹਾ ਗਿਆ ਸੀ ਕਿ 'ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਚਾੜ੍ਹਨ ਵਾਲੀਆਂ ਪਿਛਲੀਆਂ ਸਰਕਾਰਾਂ ਤੇ ਸਰਕਾਰਾਂ ਚਲਾਉਣ ਵਾਲੇ ਨੇਤਾਵਾਂ ਦੀ ਕਾਰਗੁਜ਼ਾਰੀ ਦੀ ਜਾਂਚ ਕਰਕੇ ਜਿੱਥੇ ਇਹ ਸਾਹਮਣੇ ਲਿਆਂਦਾ ਜਾਵੇਗਾ ਕਿ ਇਹ ਪੈਸਾ ਕਿੱਥੇ ਖਰਚ ਕੇ ਘਪਲੇਬਾਜ਼ੀ ਕੀਤੀ ਗਈ, ਉੱਥੇ ਇਸ ਪੈਸੇ ਦੀ ਵਸੂਲੀ ਵੀ ਪਿਛਲੀਆਂ ਸਰਕਾਰਾਂ ਦੇ ਸੰਚਾਲਕਾਂ ਕੋਲੋਂ ਕੀਤੀ ਜਾਵੇਗੀ।'

ਅਜਿਹਾ ਬਿਆਨ ਦੇਣ ਲੱਗਿਆਂ ਮੰਤਰੀ ਜੀ ਸ਼ਾਇਦ ਇਹ ਗੱਲ ਭੁੱਲ ਗਏ ਕਿ ਜਿਵੇਂ ਉਨ੍ਹਾਂ ਦੀ ਅਜੋਕੀ ਸੱਤਾਧਾਰੀ ਪਾਰਟੀ ਨੇ ਚੋਣਾਂ ਜਿੱਤ ਕੇ ਪੰਜਾਬ ਦੀ ਹਰ ਔਰਤ ਦੇ ਖਾਤੇ ਵਿਚ ਹਰ ਮਹੀਨੇ ਇਕ ਹਜ਼ਾਰ ਰੁਪਏ ਪਾਉਣ ਤੇ ਹਰ ਪਰਿਵਾਰ ਲਈ ਹਰ ਮਹੀਨੇ ਬਿਜਲੀ ਦੇ 300 ਯੂਨਿਟ ਮੁਆਫ਼ ਕਰਨ ਅਤੇ ਅਜਿਹੀਆਂ ਹੋਰ ਕਈ ਗਾਰੰਟੀਆਂ ਦੇਣ ਦੇ ਐਲਾਨ ਤੇ ਇਕਰਾਰ ਕੀਤੇ, ਇਸੇ ਤਰ੍ਹਾਂ ਪਿਛਲੀਆਂ ਸਰਕਾਰਾਂ ਚਲਾਉਣ ਵਾਲਿਆਂ ਨੇ ਵੀ ਚੋਣਾਂ ਤੋਂ ਪਹਿਲਾਂ ਐਲਾਨ ਕਰਕੇ ਤੇ ਚੋਣਾਂ ਜਿੱਤ ਕੇ ਕਰਜ਼ੇ ਚੁੱਕ-ਚੁੱਕ ਕੇ ਸਰਕਾਰੀ ਖ਼ਜ਼ਾਨੇ ਵਿਚੋਂ ਮੁਫ਼ਤ ਦੀਆਂ ਸਹੂਲਤਾਂ ਤੇ ਸਬਸਿਡੀਆਂ ਦੇ ਖੁੱਲ੍ਹੇ ਗੱਫੇ ਵੰਡੇ ਤੇ ਵੋਟਾਂ ਦੀ ਖ਼ਾਤਰ ਅੱਡੀਆਂ ਚੁੱਕ ਕੇ ਫਾਹਾ ਲੈਣ ਤੋਂ ਕੋਈ ਪ੍ਰਹੇਜ਼ ਨਾ ਕੀਤਾ, ਇਉਂ ਪੰਜਾਬ ਸਿਰ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਤੇ ਹੁਣ ਹਰ ਸਾਲ ਇਸ ਕਰਜ਼ੇ ਦਾ 20 ਹਜ਼ਾਰ ਕਰੋੜ ਰੁਪਿਆ ਵਿਆਜ ਵੀ ਦੇਣਾ ਪੈ ਰਿਹਾ ਹੈ, ਹੁਣ ਆਉਣ ਵਾਲੇ ਸਮੇਂ ਵਿਚ ਮੰਤਰੀ ਜੀ ਦੀ ਮੌਜੂਦਾ ਸਰਕਾਰ ਵਲੋਂ ਅਜਿਹੀਆਂ ਹੀ ਲੋੜਾਂ ਵਾਸਤੇ ਚੁੱਕਿਆ ਜਾਣ ਵਾਲਾ ਹੋਰ ਕਰਜ਼ਾ ਵੀ ਇਸ ਕਰਜ਼ੇ ਵਿਚ ਅਜੇ ਸ਼ਾਮਿਲ ਹੋਣਾ ਹੈ। ਮੌਜੂਦਾ




ਪੰਜਾਬ ਸਰਕਾਰ ਪੈਸੇ ਦੀ ਸਖ਼ਤ ਘਾਟ ਨਾਲ ਜੂਝ ਰਹੀ ਹੈ ਤੇ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਨੂੰ ਖਿੱਚ-ਧੂਹ ਕੇ ਕਿਨਾਰੇ ਲਾਉਣ ਦਾ ਨਾਟਕ ਵੀ ਕਰ ਰਹੀ ਹੈ। ਖਜ਼ਾਨੇ ਵਿਚ ਪੈਸੇ ਨਾ ਹੋਣ ਦੇ ਬਾਵਜੂਦ ਮੌਜੂਦਾ ਪੰਜਾਬ ਸਰਕਾਰ ਚੋਣਾਂ ਸਮੇਂ ਵੋਟਰਾਂ ਨਾਲ ਕੀਤੇ ਇਕਰਾਰ ਅਨੁਸਾਰ ਦੋ ਮਹੀਨੇ 'ਚ 600 ਯੂਨਿਟ ਬਿਜਲੀ ਦੇ ਮੁਫ਼ਤ ਦੇਣ ਦਾ ਐਲਾਨ ਕਰਕੇ ਹੁੱਬ ਹੁੱਬ ਕੇ ਮੁੱਛਾਂ ਮਰੋੜ ਰਹੀ ਹੈ, ਹਾਲਾਂ ਕਿ ਪਿਛਲੀਆਂ ਸਰਕਾਰਾਂ ਵਲੋਂ ਮੁਫ਼ਤ ਦਿੱਤੀ ਬਿਜਲੀ ਦੀ ਸਬਸਿਡੀ ਦੇ 9 ਹਜ਼ਾਰ ਕਰੋੜ ਰੁਪਏ ਬਿਜਲੀ ਦੇ ਪ੍ਰਬੰਧ ਨੂੰ ਜਿਊਂਦਾ ਰੱਖਣ ਲਈ ਪਾਵਰਕਾਮ ਸਰਕਾਰ ਤੋਂ ਲੈਣ ਦੀ ਉਡੀਕ ਕਰ ਰਹੀ ਹੈ। ਅਜੋਕੀ ਸਰਕਾਰ ਵਲੋਂ ਹੁਣ ਹਰ ਮਹੀਨੇ 300 ਯੂਨਿਟ ਬਿਜਲੀ ਮੁਫ਼ਤ ਕਰਨ ਨਾਲ ਪੈਣ ਵਾਲਾ ਘਾਟਾ ਵਿਚ ਸ਼ਾਮਿਲ ਹੋਣ ਨਾਲ ਪਾਵਰ ਕਾਰਪੋਰੇਸ਼ਨ ਨੂੰ ਲਗਭਗ 1650 ਕਰੋੜ ਦਾ ਘਾਟਾ ਬਰਦਾਸ਼ਤ ਕਰਨਾ ਪਵੇਗਾ।

ਝੋਨੇ ਦੇ ਮੌਸਮ ਵਿਚ ਟਿਊਬਵੈੱਲਾਂ ਅਤੇ ਲਗਾਤਾਰ ਵਧ ਰਹੀ ਗਰਮੀ ਕਰਕੇ ਘਰੇਲੂ ਖਪਤ ਲਈ ਅਗਲੇ ਦਿਨਾਂ ਵਿਚ ਬਿਜਲੀ ਦੀ ਮੰਗ 17 ਹਜ਼ਾਰ ਮੈਗਾਵਾਟ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ ਪਰ ਬਿਜਲੀ ਦੀਆਂ ਲਾਈਨਾਂ ਨੂੰ ਤੁਰੇਤਾਰ ਰੱਖਣ ਲਈ ਜਿੱਥੇ ਲੋੜੀਦੀ ਸਮੱਗਰੀ ਦੀ ਘਾਟ ਹੈ, ਉੱਥੇ ਬਿਜਲੀ ਵਿਭਾਗ ਕੋਲ ਕੇਵਲ ਤਾਰਾਂ ਦੇ ਜੋੜ ਘੁੱਟਣ ਲਈ ਵੀ ਕਾਮਿਆਂ ਦੀ ਕਮੀ ਹੈ। ਇਸ ਦੇ ਨਾਲ-ਨਾਲ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਵੋਟਾਂ ਲੈਣ ਲਈ ਮੌਜੂਦਾ ਸੱਤਾਧਾਰੀ ਪਾਰਟੀ ਵਲੋਂ ਕੀਤਾ ਗਿਆ ਇਕ ਹੋਰ ਵੱਡਾ ਐਲਾਨ ਪੰਜਾਬ ਦੀ ਹਰ ਔਰਤ ਦੇ ਖਾਤੇ ਵਿਚ ਹਰ ਮਹੀਨੇ ਇਕ ਹਜ਼ਾਰ ਰੁਪਿਆ ਪਾਉਣ ਦਾ ਵੀ ਲਾਈਨ ਵਿਚ ਲੱਗਿਆ ਹੋਇਆ ਹੈ, ਅਜਿਹੇ ਇਕਰਾਰਾਂ ਤੇ ਐਲਾਨਾਂ ਦੇ ਦਬਾਅ ਅਧੀਨ ਸਰਕਾਰ ਦੇ ਜ਼ਰੂਰੀ ਕਾਰਜਾਂ ਵਿਚ ਵੀ ਥੁੱਕ ਨਾਲ ਵੜੇ ਪਕਾਉਣ ਦੀ ਮੁਹਿੰਮ ਚੱਲ ਰਹੀ ਹੈ। ਬੀਤੇ ਸਮਿਆਂ ਵਿਚ, ਪੰਜਾਬ ਦੀ ਆਰਥਿਕ ਮਜ਼ਬੂਤੀ, ਵਿਕਾਸ, ਬੁਨਿਆਦੀ ਢਾਂਚੇ ਵਿਚ ਸੁਧਾਰ, ਵੋਟਾਂ ਦੀ ਸੌਦੇਬਾਜ਼ੀ ਤੇ ਮੁਫ਼ਤਖੋਰੀ ਦੇ ਪ੍ਰਚੱਲਿਤ ਸੱਭਿਆਚਾਰ ਅਦਿ ਵਿਸ਼ਿਆਂ 'ਤੇ ਮੇਰੇ ਕਈ ਲੇਖ 'ਅਜੀਤ' ਵਿਚ ਛਪੇ ਸਨ, ਹਰ ਲੇਖ ਛਪਣ ਉਪਰੰਤ ਮੈਨੂੰ ਮੇਰੇ ਪਾਠਕਾਂ ਦੇ ਅਣਗਿਣਤ ਫੋਨ ਆਉਂਦੇ ਰਹੇ ਹਨ, ਜਿਨ੍ਹਾਂ ਤੋਂ ਇਹ ਪਤਾ ਚੱਲਿਆ ਕਿ ਪੰਜਾਬ ਦੇ 99 ਫ਼ੀਸਦੀ ਜਾਗਰੂਕ ਲੋਕ ਮੁਫ਼ਤ ਦੀਆਂ ਰਿਆਇਤਾਂ ਲਈ ਇੱਛਾਵਾਨ ਨਹੀਂ ਹਨ, ਇੱਥੋਂ ਤੱਕ ਕਿ ਖ਼ੁਦ ਅਨੇਕਾਂ ਕਿਸਾਨਾਂ ਨੇ ਮੈਨੂੰ ਫੋਨ ਕਰਕੇ ਕਿਹਾ ਕਿ 'ਟਿਊਬਵੈੱਲਾਂ ਵਾਸਤੇ ਸਾਨੂੰ ਬਿਜਲੀ ਮੁਫ਼ਤ ਨਹੀਂ ਦਿਨ ਦੇ ਸਮੇਂ ਅਤੇ ਲੋੜ ਅਨੁਸਾਰ ਚਾਹੀਦੀ ਹੈ।'




ਪੰਜਾਬ ਅੰਦਰ ਮੌਜੂਦਾ ਸੱਤਾਧਾਰੀ ਪਾਰਟੀ ਨੂੰ ਪਿਛਲੀਆਂ ਰਵਾਇਤੀ ਸਿਆਸੀ ਪਾਰਟੀਆਂ ਨਾਲੋਂ ਵਿਲੱਖਣ ਮਹਿਸੂਸ ਕਰਕੇ ਲੋਕਾਂ ਨੇ ਭਾਰੀ ਗਿਣਤੀ ਵਿਚ ਵੋਟਾਂ ਪਾ ਕੇ ਜਿੱਤ ਬਖਸ਼ੀ ਸੀ, ਪਰ ਮੁਫ਼ਤ ਦੀਆਂ ਨਿਆਮਤਾਂ ਵੰਡਣ ਦੇ ਪਿਛਲੀਆਂ ਸੱਤਾਧਾਰੀ ਪਾਰਟੀਆਂ ਵਰਗੇ ਹੀ ਫੁਕਰੇ ਲਾਰੇ ਲਾ ਕੇ ਅਜੋਕੀ ਸਰਕਾਰ ਦੇ ਸੰਚਾਲਕਾਂ ਨੇ ਵੀ ਆਪਣੀ ਵਿਲੱਖਣਤਾ ਤਾਂ ਚੋਣਾਂ ਤੋਂ ਪਹਿਲਾਂ ਹੀ ਗਵਾ ਲਈ ਸੀ। ਚਾਹੀਦਾ ਤਾਂ ਇਹ ਸੀ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਰਾਜ ਦੇ ਵਿਕਾਸ ਤੇ ਸਮਾਜ ਦੇ ਭਲੇ ਵਾਸਤੇ ਵੋਟਰਾਂ ਲਈ ਨਿੰਮ ਦੇ ਕੌੜੇ ਪੱਤਿਆਂ ਵਰਗੇ ਪਰ ਖੂਨ ਨੂੰ ਸਾਫ਼ ਕਰਨ ਵਾਲੇ ਐਲਾਨ ਕਰਕੇ ਕਿਹਾ ਜਾਂਦਾ ਕਿ 'ਚੋਣਾਂ ਜਿੱਤਣ ਤੋਂ ਪਿੱਛੋਂ ਅਸੀਂ ਗ਼ਰੀਬ ਮਿਹਨਤੀ ਲੋਕਾਂ ਦਾ ਦੁੱਖ-ਸੁੱਖ ਸੁਣ ਕੇ ਜ਼ਰੂਰੀ ਲੋੜਾਂ ਦੀ ਪੂਰਤੀ ਕਰਾਂਗੇ ਤੇ ਕੁਦਰਤੀ ਆਫਤਾਂ ਨਾਲ ਡਿੱਗੇ ਟੁੱਟੇ ਲੋਕਾਂ ਦੀ ਬਾਂਹ ਵੀ ਫੜਾਂਗੇ, ਪਰ ਆਟਾ-ਦਾਲ, ਬਿਜਲੀ-ਪਾਣੀ, ਬੱਸਾਂ ਵਿਚ ਮੁਫ਼ਤ ਸਫ਼ਰ, ਨਕਦ ਪੈਸੇ ਤੇ ਸਬਸਿਡੀਆਂ ਨਹੀਂ ਦੇ ਸਕਾਂਗੇ ਅਤੇ ਨਾ ਹੀ ਕਿਸੇ ਵੀ ਖੇਤਰ 'ਚ ਆਮ ਲੋਕਾਂ ਦੇ ਕਰਜ਼ੇ ਹੀ ਮੁਆਫ਼ ਕਰ ਸਕਾਂਗੇ। ਅਜਿਹਾ ਸਭ ਕੁਝ ਰੋਕ ਕੇ ਨਵੀਂ ਪਾਰਟੀ ਨੂੰ ਵੋਟਰਾਂ ਨਾਲ ਇਕਰਾਰ ਕਰਨਾ ਚਾਹੀਦਾ ਸੀ ਕਿ 'ਸਭ ਤੋਂ ਪਹਿਲਾਂ ਪੰਜਾਬ ਨੂੰ ਅਸੀਂ ਤਿੰਨ ਲੱਖ ਕਰੋੜ ਦੇ ਕਰਜ਼ੇ ਦੇ ਬੋਝ ਹੇਠੋਂ ਕੱਢਾਂਗੇ, ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿਚ ਬੇਰੁਜ਼ਗਾਰ ਮਾਹਰਾਂ, ਅਧਿਆਪਕਾਂ ਤੇ ਕਾਮਿਆਂ ਦੀ ਭਰਤੀ ਕਰਾਂਗੇ ਤੇ ਖੋਜ ਦੇ ਕੰਮਾਂ ਲਈ ਖੁੱਲ੍ਹਾ ਫੰਡ ਰੱਖਾਂਗੇ, ਹਸਪਤਾਲਾਂ ਵਿਚ ਵੀ ਡਾਕਟਰਾਂ ਤੇ ਹੋਰ ਅਮਲੇ ਦੀ ਘਾਟ ਦੂਰ ਕਰਾਂਗੇ, ਦਵਾਈਆਂ ਤੇ ਇਲਾਜ ਲਈ ਲੋੜੀਦੀ ਸਮੱਗਰੀ ਦਾ ਪ੍ਰਬੰਧ ਕਰਾਂਗੇ, ਵਾਤਾਵਰਨ ਤੇ ਕੁਦਰਤੀ ਸੋਮਿਆਂ ਦੀ ਸੁਰੱਖਿਆ ਲਈ ਫੰਡਾਂ ਦੀ ਘਾਟ ਨਹੀਂ ਆਉਣ ਦੇਵਾਂਗੇ, ਬਿਜਲੀ ਤੇ ਸੜਕਾਂ ਸਮੇਤ ਸਮੁੱਚੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਾਂਗੇ।'

ਇਸ ਦੇ ਉਲਟ ਮੁਫ਼ਤ ਦੀਆਂ ਨਿਆਮਤਾਂ ਲਈ ਵੋਟਰਾਂ ਦੇ ਇਕ ਵੱਡੇ ਵਰਗ ਨੂੰ ਭਰਮਾ ਕੇ ਤੇ ਹੁਣ ਤੱਕ ਪੰਜਾਬੀ ਵੋਟਰਾਂ ਨੂੰ ਮੁਫ਼ਤਖੋਰਿਆਂ ਦਾ ਰੂਪ ਦੇ ਕੇ ਤੇ ਵੋਟਾਂ ਵਾਸਤੇ ਨਿਰਾਰਥਕ ਸਹੂਲਤਾਂ ਦੇਣ ਦੇ ਸੌਦੇ ਵਿਚ ਭਾਈਵਾਲ ਬਣਾ ਕੇ ਬਦਨਾਮ ਕੀਤਾ ਗਿਆ ਹੈ ਤੇ ਹੈਰਾਨੀ ਇਸ ਗੱਲ ਦੀ ਵੀ ਹੈ ਕਿ ਖ਼ੁਦ ਮੁਫ਼ਤਖੋਰੇ ਲੋਕਾਂ ਦਾ ਇਕ ਵਰਗ ਮੁਫ਼ਤ ਦੀਆਂ ਸਹੂਲਤਾਂ ਲਈ ਕੀਤੇ ਗਏ ਇਕਰਾਰਾਂ ਤੇ ਲਾਏ ਗਏ ਲਾਰਿਆਂ ਦੇ ਸਰਕਾਰ ਨੂੰ ਚੇਤੇ ਕਰਵਾ ਕੇ ਆਪਣੀ ਬਿਮਾਰ ਮਾਨਸਿਕਤਾ ਦੀ ਖ਼ੁਦ ਹੀ ਪੁਸ਼ਟੀ ਕਰਨ ਤੋਂ ਨਾ ਝਿਜਕ ਰਿਹਾ ਹੈ ਤੇ ਨਾ ਸ਼ਰਮ ਮਹਿਸੂਸ ਕਰ ਰਿਹਾ ਹੈ। ਪੰਜਾਬ ਵਿਚ ਸਿੱਖਿਆ ਦੇ ਉਥਾਨ ਲਈ ਵੱਡੀ ਲੋੜ ਤਾਂ ਪੈਸੇ ਦੀ ਹੈ ਪਰ ਸਾਡੀ ਨਵੀਂ ਸਰਕਾਰ ਨੇ ਸਿੱਖਿਆ ਦੇ ਦਿੱਲੀ ਮਾਡਲ ਦੇ ਆਧਾਰ 'ਤੇ ਪੰਜਾਬ ਦੀ ਸਿੱਖਿਆ ਦਾ ਪ੍ਰਬੰਧ ਉਸਾਰਨ ਲਈ ਨਵਾਂ ਮਾਰਗ ਤਲਾਸ਼ ਕੀਤਾ ਹੈ, ਹਾਲਾਂ ਕਿ ਪੰਜਾਬ ਨਾਲੋਂ ਦਿੱਲੀ ਵਿਚ ਸਕੂਲ ਘੱਟ ਹਨ ਪਰ ਸਰਕਾਰ ਨੂੰ ਟੈਕਸ ਦੇਣ ਵਾਲੇ ਵਪਾਰੀਆਂ, ਉਦਯੋਗਪਤੀਆਂ ਤੇ ਅਮੀਰ

(ਬਾਕੀ ਸਫ਼ਾ 30 'ਤੇ)

ਮਾਮਲਾ ਕੋਟਕਪੂਰਾ ਗੋਲੀਕਾਂਡ ਦਾ

## ਸਿੱਟ ਵੱਲੋਂ ਜ਼ਖ਼ਮੀਆਂ ਦੇ ਬਿਆਨ ਕਲਮਬੰਦ

ਫ਼ਰੀਦਕੋਟ/ਏ.ਟੀ.ਨਿਊਜ਼ :- ਸਾਲ 2015 ਵਿਚ ਵਾਪਰੇ ਕੋਟਕਪੂਰਾ ਗੋਲੀਕਾਂਡ ਸਮੇਂ ਜ਼ਖ਼ਮੀ ਹੋਏ ਵਿਅਕਤੀਆਂ ਦੇ ਬਿਆਨ ਬੀਤੇ ਦਿਨੀਂ ਸਥਾਨਕ ਸਰਕਟ ਹਾਊਸ ਵਿਚ ਸਿੱਟ ਦੇ ਬਣੇ ਦਫ਼ਤਰ ਵਿਚ ਟੀਮ ਦੇ ਮੈਂਬਰ ਗੁਲਨੀਤ ਸਿੰਘ ਖੁਰਾਣਾ ਐਸ.ਐਸ.ਪੀ. ਮੋਗਾ ਦੀ ਅਗਵਾਈ ਹੇਠ ਕਲਮਬੰਦ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਗੋਲੀਕਾਂਡ ਮਾਮਲੇ ਵਿਚ ਪਿਛਲੀ ਕਾਂਗਰਸ ਸਰਕਾਰ ਵੇਲੇ ਵੀ ਏ.ਡੀ.ਜੀ.ਪੀ. ਪ੍ਰਮੋਦ ਕੁਮਾਰ ਬਾਨ ਦੀ ਅਗਵਾਈ ਹੇਠਲੀ ਸਿੱਟ ਵਲੋਂ ਜਾਂਚ ਕੀਤੇ ਜਾਣ ਤੋਂ ਇਲਾਵਾ ਸਿੱਟ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਚਾਰਜਸ਼ੀਟ ਪੇਸ਼ ਕੀਤੀ ਗਈ ਸੀ, ਪ੍ਰੰਤੂ 2021 ਵਿਚ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ 'ਤੇ ਗਠਿਤ ਕੀਤੀ ਨਵੀਂ ਸਿੱਟ ਏ.ਡੀ.ਜੀ.ਪੀ. ਐਲ.ਕੇ.ਯਾਦਵ ਦੀ ਅਗਵਾਈ ਹੇਠਲੀ ਸਿੱਟ ਦੇ ਸੀਨੀਅਰ ਮੈਂਬਰ ਗੁਲਨੀਤ ਸਿੰਘ ਖੁਰਾਣਾ ਨੇ ਗੋਲੀਕਾਂਡ ਵੇਲੇ ਜ਼ਖ਼ਮੀ ਵਿਅਕਤੀ ਜਿਹੜੇ ਉਸ ਵਕਤ ਥਾਣਾ ਸਿਟੀ ਕੋਟਕਪੂਰਾ ਵਿਖੇ ਤਾਇਨਾਤ ਸਨ ਅਤੇ ਜ਼ਖ਼ਮੀ ਹੋ ਗਏ ਸਨ ਦੇ ਵੀ ਬਿਆਨ ਕਲਮਬੰਦ ਕੀਤੇ ਹਨ।

## ਅੰਮ੍ਰਿਤਸਰ ਵਿਚ ਸਰਹੱਦੀ ਪਿੰਡ ਨੇੜੇ ਅਟਾਰੀ ਤੋਂ ਸਾਬਕਾ ਸਰਪੰਚ ਹੈਰੋਇਨ ਸਮੇਤ ਫੜਿਆ, ਮੜ੍ਹੀਆਂ ਵਿਚੋਂ ਬਰਾਮਦ ਕੀਤੀ ਹੈਰੋਇਨ

ਅੰਮ੍ਰਿਤਸਰ/ਏ.ਟੀ.ਨਿਊਜ਼ :- ਜ਼ਿਲ੍ਹਾ ਦਿਹਾਤੀ ਅੰਮ੍ਰਿਤਸਰ ਦੇ ਅਧੀਨ ਆਉਂਦੇ ਪੁਲਿਸ ਥਾਣਾ ਲੋਪੋਕੇ ਦੇ ਐਸਐਚਓ ਹਰਪਾਲ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਨੇ ਅਟਾਰੀ ਰੋਡ ਤੇ ਸਥਿਤ ਪਿੰਡ ਛਿੱਡਣ ਤੇ ਸਾਬਕਾ ਸਰਪੰਚ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਥਾਣਾ ਲੋਪੋਕੇ ਦੇ ਮੁਖੀ ਐਸਐਚਓ ਹਰਪਾਲ ਸਿੰਘ ਨੇ ਦੱਸਿਆ ਕਿ ਪਿੰਡ ਛਿੱਡਣ ਤੋਂ ਆਏ ਟੈਲੀਫ਼ੋਨ ਦੇ ਅਧਾਰ ਤੇ ਉਨ੍ਹਾਂ ਨੇ ਜਲਦੀ ਕਾਰਵਾਈ ਕਰਦਿਆਂ ਪੁਲਿਸ ਨੇ ਪਿੰਡ ਛਿੱਡਣ ਵਿਖੇ ਪੁੱਜ ਕੇ ਸਾਬਕਾ ਸਰਪੰਚ ਅੰਗਰੇਜ਼ ਸਿੰਘ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਕੋਲੋਂ ਪਿੰਡ ਦੀਆਂ ਮੜ੍ਹੀਆਂ ਵਿਚੋਂ 300 ਗ੍ਰਾਮ ਦੇ ਕਰੀਬ ਹੈਰੋਇਨ ਬਰਾਮਦ ਕੀਤੀ ਹੈ।

ਇਸ ਮੌਕੇ ਪਿੰਡ ਵਿਖੇ ਇਕੱਤਰ ਹੋਏ ਲੋਕਾਂ ਨਾਲ ਪੁਲਿਸ ਪਾਰਟੀ ਦੇ ਸਾਹਮਣੇ ਆਈ ਗ੍ਰਿਫ਼ਤਾਰ ਸਾਬਕਾ ਸਰਪੰਚ ਅੰਗਰੇਜ਼ ਸਿੰਘ ਦੀ ਪਤਨੀ ਪਰਮਜੀਤ ਕੌਰ ਵਾਸੀ ਛਿੱਡਣ ਨੇ ਪੁਲਿਸ ਸਾਹਮਣੇ ਦੁੱਖ ਫਰੋਲਦੇ ਅਪੀਲ ਕੀਤੀ ਕਿ ਉਨ੍ਹਾਂ ਦਾ ਪਤੀ ਬਿਲਕੁਲ ਨਿਰਦੋਸ਼ ਹੈ ਤੇ ਜਾਣ-ਬੁਝ ਕੇ ਉਨ੍ਹਾਂ ਨੂੰ ਇਸ ਕੇਸ ਵਿਚ ਫਸਾਉਂਦਿਆਂ ਸਾਜ਼ਿਸ਼ ਤਹਿਤ ਹੈਰੋਇਨ ਪਾਈ ਗਈ ਹੈ।ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਮੜ੍ਹੀਆਂ ਵਿਚੋਂ ਉਨ੍ਹਾਂ ਦੇ ਪਤੀ ਦੇ ਫੜੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ ਜੋ ਸਰਾਸਰ ਗ਼ਲਤ ਹੈ। ਉਨ੍ਹਾਂ ਕਿਹਾ ਕਿ ਪਿੰਡ ਛਿੱਡਣ ਦੇ ਚੌਕ ਵਿੱਚੋਂ ਪੁਲਿਸ ਨੇ ਹੈਰੋਇਨ ਬਰਾਮਦ ਕੀਤੀ ਹੈ, ਨਾ ਕਿ ਪਿੰਡ ਦੀਆਂ ਮੜ੍ਹੀਆਂ ਵਿਚੋਂ। ਬੀਬੀ ਪਰਮਜੀਤ ਕੌਰ ਨੇ ਪੁਲਿਸ ਨੂੰ ਅਪੀਲ ਕੀਤੀ ਕਿ ਅਗਰ ਉਨ੍ਹਾਂ ਨੂੰ ਇਨਸਾਫ਼ ਨਾ ਮਿਲਿਆ ਤਾਂ ਉਹ ਪਿੰਡ ਵਾਸੀਆਂ ਦੀ ਸਹਾਇਤਾ ਨਾਲ ਥਾਣਾ ਲੋਪੋਕੇ ਦੇ ਅੱਗੇ ਧਰਨਾ ਲਾਉਣ ਲਈ ਇਨਸਾਫ਼ ਲੈਣ ਲਈ ਮਜਬੂਰ ਹੋਣਗੇ। ਇੱਥੇ ਦੱਸਣਯੋਗ ਹੈ ਕਿ ਪੁਲਿਸ ਥਾਣਾ ਲੋਪੋਕੇ ਵੱਲੋਂ ਪਿੰਡ ਛਿੱਡਣ ਦੇ ਗ੍ਰਿਫ਼ਤਾਰ ਕੀਤੇ ਸਾਬਕਾ ਸਰਪੰਚ ਅੰਗਰੇਜ਼ ਸਿੰਘ ਇਕ ਭਰਾ ਤੇ ਇੱਕ ਹੋਰ ਰਿਸ਼ਤੇਦਾਰ ਵੀ ਪਿਛਲੇ ਸਮੇਂ ਤੋਂ ਐਨਡੀਪੀਐਸ ਐਕਟ ਦੇ ਪਰਚੇ ਤਹਿਤ ਸਜ਼ਾਵਾਂ ਕੱਟ ਰਹੇ ਹਨ।

# ਦੁਸ਼ਮਣਾਂ ਨਾਲ ਲੋਹਾ ਲੈਂਦੀਆਂ ਨੇ ਯੁਕਰੇਨ ਵਿਚ ਮੋਰਚਿਆਂ ’ਤੇ ਔਰਤਾਂ

## ਫ਼ੌਜ ਵਿਚ 40,000 ਬੀਬੀਆਂ ਅਤੇ ਇਨ੍ਹਾਂ ਵਿੱਚੋਂ 5,000 ਤੋਂ ਵੱਧ ਫ਼ਰੰਟ ਲਾਈਨਾਂ ’ਤੇ ਤਾਇਨਾਤ

## ਫੌਜਣਾਂ ਨੂੰ ਸ਼ਿਕਾਇਤ ਕਿ ਕਈ ਵਾਰ ਕੁਝ ਕਮਾਂਡਰ ਔਰਤਾਂ ਦੀ ਬੇਇੱਜ਼ਤੀ ਵੀ ਕਰਦੇ ਨੇ











ਪਿਛਲੇ ਪੰਜ ਸਾਲਾਂ ਵਿੱਚ ਯੁਕਰੇਨ ਦੀ ਫ਼ੌਜ ਵਿੱਚ ਔਰਤਾਂ ਦੀ ਗਿਣਤੀ ਤਕਰੀਬਨ ਦੁੱਗਣੀ ਹੋ ਗਈ ਹੈ। ਯੁਕਰੇਨ ਦੀ ਫ਼ੌਜ ਵਿੱਚ ਨਿਸ਼ਾਨੇਬਾਜ਼, ਬੰਦੂਕ ਚਲਾਉਣ ਦੀਆਂ ਮਾਹਿਰ ਤੇ ਫ਼ੌਜੀ ਟੈਂਕ ਸਟਾਫ਼ ਵਿੱਚ ਔਰਤਾਂ ਦੀ ਸ਼ਮੂਲੀਅਤ ਹੁਣ ਆਮ ਗੱਲ ਹੈ।

ਮੁਲੋਸ਼ਨਾ ਯੁਕਰੇਨ ਫ਼ੌਜ ਵਿੱਚ ਸੇਵਾਵਾਂ ਨਿਭਾਉਂਦੀ ਹੈ। ਉਸ ਨੇ ਯੁਕਰੇਨ ਦੀ ਰੂਸ ਨਾਲ ਹੋਈ ਜੰਗ ਵਿਚ ਹਿੱਸਾ ਵੀ ਲਿਆ ਹੈ। ਪਰ ਇਹ ਮੌਕਾ ਹਾਸਲ ਕਰਨ ਲਈ ਤੇ ਮਰਦ ਪ੍ਰਧਾਨ ਫ਼ੌਜ ਵਿੱਚ ਆਪਣੀ ਹੋਂਦ ਬਚਾਈ ਰੱਖਣ ਲਈ ਉਨ੍ਹਾਂ ਨੂੰ ਹਰ ਰੋਜ਼ ਜੰਗ ਲੜਨੀ ਪੈਂਦੀ ਹੈ।

ਮੈਰੀਨਾ ਮੁਲੋਸ਼ਨਾ ਕਹਿੰਦੀ ਹੈ ਇੱਕ ਔਰਤ ਨੂੰ ਲਗਾਤਾਰ ਇਹ ਸਾਬਤ ਕਰਨਾ ਪੈਂਦਾ ਹੈ ਕਿ ਉਹ ਕਰ ਸਕਦੀ ਹੈ ਤੇ ਟੀਮ ਦੇ ਮਰਦ ਮੈਂਬਰਾਂ ਦਾ ਸਿਰ ਨੀਵਾਂ ਨਹੀਂ ਕਰੇਗੀ। ਇਹ ਵੀ ਦੱਸਣਾ ਪੈਂਦਾ ਹੈ ਕਿ ਉਹ ਯਕੀਨ ਕਰਨਯੋਗ ਹੈ ਅਤੇ ਉਸ ’ਤੇ ਭਰੋਸਾ ਕੀਤਾ ਜਾ ਸਕਦਾ ਹੈ। ਮੁਲੋਸ਼ਨਾ ਨੇ ਖਾਰਕੀਵ ਇਲਾਕੇ ਦੇ ਜੰਗੀ ਮਿਸ਼ਨ ਵਿੱਚ ਹਿੱਸਾ ਲਿਆ ਸੀ। ਉਹ ਆਪਣੀ ਨਵੀਂ ਭੂਮਿਕਾ ਵਿੱਚ ਆਤਮਵਿਸ਼ਵਾਸ ਮਹਿਸੂਸ ਕਰਦੀ ਹੈ, ਹਾਲਾਂਕਿ ਉਹ ਮੰਨਦੀ ਹੈ ਕਿ ਯੁਕਰੇਨੀ ਫ਼ੌਜ ਵਿੱਚ ਇੱਕ ਔਰਤ ਦਾ ਫ਼ੌਜੀ ਹੋਣਾ ਸੌਖਾ ਕੰਮ ਨਹੀਂ ਹੈ।ਯੁਕਰੇਨ ਦੇ ਮਿਲਟਰੀ ਸੂਤਰਾਂ ਮੁਤਾਬਿਕ, ਪਿਛਲੇ ਪੰਜ ਸਾਲਾਂ ਵਿੱਚ, ਯੁਕਰੇਨ ਦੀ ਫ਼ੌਜ ਵਿੱਚ ਔਰਤਾਂ ਦੀ ਗਿਣਤੀ ਲਗਭਗ ਦੁੱਗਣੀ ਹੋ ਚੁੱਕੀ ਹੈ। ਇਹ ਕਰੀਬ 40,000 ਹੋ ਗਈ ਹੈ ਅਤੇ ਇਨ੍ਹਾਂ ਵਿੱਚੋਂ 5,000 ਤੋਂ ਵੱਧ ਫ਼ਰੰਟ ਲਾਈਨਾਂ ’ਤੇ ਤਾਇਨਾਤ ਹੁੰਦੀਆਂ ਹਨ।

ਲੈਫ਼ਟੀਨੈਂਟ ਜਨਰਲ ਸੈਰੀਏ ਨੀਵ ਕਹਿੰਦੇ ਹਨ, ਹੁਣ ਔਰਤਾਂ ਕਮਾਂਡਰ ਵਜੋਂ ਜੰਗ ਦੇ ਮੈਦਾਨ ਵਿੱਚ ਜਾਂਦੀਆਂ ਹਨ, ਬਿਨਾਂ ਕਿਸੇ ਮਰਦ ਦੀ ਮਦਦ ਤੋਂ ਐਵੀਏਸ਼ਨ ਯੂਨਿਟਾਂ ਵਿੱਚ ਕੰਮ ਕਰਦੀਆਂ ਹਨ।

ਦੇਸ਼ ਦੀ ਪਹਿਲੀ ਔਰਤ ਜਨਰਲ ਤੈਟਿਆਨਾ ਓਸਤਾਸ਼ਚੇਂਕੋ, ਜਿਨ੍ਹਾਂ ਨੇ 2021 ਵਿੱਚ ਅਹੁਦਾ ਸੰਭਾਲਿਆ ਦੱਸਦੀ ਹੈ ਕਿ ਹੁਣ ਔਰਤਾਂ ਫ਼ੌਜ ਦੇ ਮੈਡੀਕਲ ਵਿਭਾਗ ਵਿੱਚ ਹਨ ਪਰ ਨਾਲ ਹੀ ਬ੍ਰਿਗੇਡੀਅਰ ਜਨਰਲ ਤੱਕ ਦੇ ਆਹੁਦਿਆਂ ’ਤੇ ਵੀ ਬਿਰਾਜਮਾਨ ਹਨ।

ਗਰਿਗੋਰੇਵਾ ਇਸ ਗੱਲ ਨੂੰ ਸਹੀ ਠਹਿਰਾਉਂਦੀ ਹੈ ਕਿ, ਫ਼ੌਜ ਵਿੱਚ ਬਹੁਤ ਸਾਰੀਆਂ ਤਾਕਤਵਰ ਔਰਤਾਂ ਹਨ। ਜਿਨ੍ਹਾਂ ਵਿੱਚ ਗੰਨ ਕਮਾਂਡਰ, ਪਲੈਟੂਨ ਕਮਾਂਡਰ ਤੇ ਨਿਸ਼ਾਨੇਬਾਜ਼ ਸ਼ਾਮਿਲ ਹਨ। ਐਨਾ ਹੀ ਨਹੀਂ, ਇੱਕ ਗੋਤਾਖੋਰ ਔਰਤ ਵੀ ਫ਼ੌਜ ਦਾ ਹਿੱਸਾ ਹੈ। ਉਹ ਕਹਿੰਦੀ ਹੈ, ਬਹੁਤ ਸਾਰੀਆਂ ਔਰਤਾਂ ਹਨ ਜੋ ਟੈਂਕ ਸਟਾਫ਼ ਦਾ ਹਿੱਸਾ ਹਨ, ਉਹ ਮਰਦਾਂ ਦੇ ਮੁਕਾਬਲੇ ਕੱਦ ਵਿੱਚ ਛੋਟੀਆਂ ਤੇ ਪਤਲੀਆਂ ਹਨ ਪਰ ਸ਼ਾਇਦ ਕਿਸੇ ਜੰਗੀ ਟੈਂਕ ’ਤੇ ਉਨ੍ਹਾਂ ਦੀ ਮੌਜੂਦਗੀ ਵਧੇਰੇ ਸੁਵਿਧਾਜਨਕ ਹੈ। ਗਰਿਗੋਰੇਵਾ ਮੰਨਦੀ ਹੈ ਕਿ ਜੰਗ ਦੇ ਹਾਲਾਤ ਵਿੱਚ ਔਰਤਾਂ ਆਮ ਤੌਰ ’ਤੇ ਮਾਨਸਿਕ ਤੌਰ ’ਤੇ ਵਧੇਰੇ ਸੰਤੁਲਿਤ ਹਨ।

ਹਾਲਾਂਕਿ ਯੁਕਰੇਨੀ ਫ਼ੌਜ ਵਿੱਚ ਇੱਕ ਔਰਤਾਂ ਦੀ ਸ਼ਮੂਲੀਅਤ ਹੁਣ ਆਮ ਹੈ ਪਰ ਇਸਦਾ ਅਰਥ ਇਹ ਨਹੀਂ ਹੈ ਕਿ ਉਨ੍ਹਾਂ ਨਾਲ ਹਮੇਸ਼ਾ ਬਰਾਬਰ ਦਾ ਸਲੂਕ ਕੀਤਾ ਜਾਂਦਾ ਹੈ। ਮੈਰੀਨਾ ਮੋਲੋਸ਼ਨਾ ਮੰਨਦੀ ਹੈ ਕਿ ਉਹ ਔਰਤਾਂ ਪ੍ਰਤੀ ਆਪਣੀ ਬਟਾਲੀਅਨ ਦਾ ਰਵੱਈਆ ਦੇਖ ਕੇ ਹੈਰਾਨ ਸੀ। ਉਹ ਕਹਿੰਦੀ ਹੈ, ‘ਅਸੀਂ ਕਿਸੇ ਨਾਟੋ ਦੇ ਮਾਪਦੰਡਾਂ ਬਾਰੇ ਗੱਲ ਨਹੀਂ ਕਰ ਰਹੇ ਹਾਂ। ਸਾਨੂੰ ਅਕਸਰ ਲਿੰਗ ਆਧਾਰਿਤ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਕੁਝ ਕਮਾਂਡਰ ਔਰਤਾਂ ਦੀ ਬੇਇੱਜ਼ਤੀ ਵੀ ਕਰਦੇ ਹਨ।’

(ਬਾਕੀ ਸਫ਼ਾ 31 ’ਤੇ)

# ਲਾਤੀਨੀ ਅਮਰੀਕਾ ’ਚ ਖੱਬੇ ਪੱਖੀਆਂ ਦਾ ਜੇਤੂ ਕਾਰਵਾਂ ਲਗਾਤਾਰ ਜਾਰੀ

**ਦਰਬਾਰਾ ਸਿੰਘ ਕਾਹਲੋਂ**



ਵਿਗਿਆਨਿਕ ਲੋਕ ਪੱਖੀ ਵਿਚਾਰਧਾਰਾ ਨਾ ਕਦੇ ਮਰਦੀ ਹੈ ਅਤੇ ਨਾ ਹੀ ਕਦੇ ਹਾਰਦੀ ਹੈ। ਜਨਤਕ ਅਵੇਸਲੇਪਣ ਅਤੇ ਲੀਡਰਸ਼ਿਪ ਕਮਜ਼ੋਰੀਆਂ ਕਰਕੇ ਜ਼ਰੂਰ ਕੁਝ ਸਮਾਂ ਉਤਰਾਅ-ਚੜ੍ਹਾਅ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਲਾਤੀਨੀ ਅਮਰੀਕਾ ਵਿਚ ਕੁਝ ਸਮਾਂ ਸੱਜੇ ਪੱਖੀ ਏਕਾਧਿਕਾਰ ਵਾਦੀ, ਤਾਨਾਸ਼ਾਹ ਫ਼ੌਜੀ ਸ਼ਾਸਕਾਂ ਦੇ ਲੋਕ ਵਿਰੋਧੀ ਸ਼ਾਸਨ ਵੇਖਣ ਨੂੰ ਮਿਲੇ। ਅੱਜ ਵੀ ਕੁਝ ਪਾਕੇਟਾਂ ਵਿਚ ਕਾਬਜ਼ ਵਿਖਾਈ ਦਿੱਤੇ ਜਾ ਸਕਦੇ ਹਨ। ਲੇਕਿਨ ਸੰਨ 2018 ਵਿਚ ਮੈਕਸੀਕੋ ਅੰਦਰ ਖੱਬੇ ਪੱਖੀ ਐਂਡਰਸ ਮੈਨੂਅਲ ਲੋਪੇਜ਼ ਅਬਰਾਡੋਰ ਦੀ ਜਿੱਤ ਬਾਅਦ ਪਿਛਲੇ ਦਿਨੀਂ 30, ਅਕਤੂਬਰ ਨੂੰ ਲਾਤੀਨੀ ਅਮਰੀਕਾ ਦੇ ਸਭ ਤੋਂ ਪ੍ਰਭਾਵਸ਼ਾਲੀ ਦੇਸ਼ ਬ੍ਰਾਜ਼ੀਲ ਵਿਚ ਖੱਬੇ ਪੱਖੀ ਵਰਕਰਜ਼ ਪਾਰਟੀ ਆਗੂ ਲੂਇਜ਼ ਇਨਾਸੀਓ ਲੂਲਾ ਡਾਸਿਲਵਾ ਦੀ ਸੱਜੇ ਪੱਖੀ ਫਾਸ਼ੀਵਾਦੀ ਰਾਸ਼ਟਰਪਤੀ ਜ਼ੈਰ ਬੋਲਸੋਨਾਰੋ ’ਤੇ ਬਹੁਤ ਹੀ ਦਿਲਚਸਪ ਫਸਵੇਂ ਮੁਕਾਬਲੇ ਵਿਚ ਜਿੱਤ ਨਾਲ ਖੱਬੇ ਪੱਖੀ ਜੇਤੂ ਕਾਰਵਾਂ ਲਗਾਤਾਰ ਜਾਰੀ ਹੈ।

ਲਾਤੀਨੀ ਅਮਰੀਕਾ ਅੰਦਰ ਕਿਵੇਂ ਗ਼ੁਰਬਤ, ਸਮਾਜਿਕ-ਆਰਥਿਕ ਅਸਮਾਨਤਾ ਅਤੇ ਬੇਇਨਸਾਫ਼ੀ ਦੇ ਮਾਰੇ ਅਤੇ ਲਤਾੜੇ ਲੋਕ ਆਪਣੇ ਐਸੇ ਵਰਗ ਵਿਚ ਚੁਣ-ਚੁਣ ਕੇ ਆਪਣੇ ਹੀਰੋ ਅੱਗੇ ਲੈ ਕੇ ਆਏ ਹਨ ਇਹ ਸੱਚਮੁੱਚ ਵਿਗਿਆਨਿਕ ਲੋਕਪੱਖੀ ਵਿਚਾਰਧਾਰਾ, ਜਨਤਕ ਸਿਰੜ ਅਤੇ ਦਲੇਰਾਨਾ ਇੱਕਜੁੱਟਤਾ ਦਾ ਕ੍ਰਿਸ਼ਮਾ ਹੈ। ਚਿੱਲੀ ਵਿਚ ਸਾਬਕਾ ਵਿਦਿਆਰਥੀ ਯੂਨੀਅਨਾਂ ਅਤੇ ਸੰਘਰਸ਼ਾਂ ਦੇ ਆਗੂ ਨੌਜਵਾਨ ਗੈਬਰੀਅਲ ਬੋਰਕ ਨੂੰ ਚੰਗੇ ਅਤੇ ਨਰੋਏ ਭਵਿੱਖ ਲਈ ਅੱਗੇ ਲੈ ਕੇ ਆਏ, ਜਿਸ ਨੇ ਖੱਬੇ ਪੱਖੀ ਸੰਨ 1970-73 ਵਿਚ ਸਲਵਾਡੋਰ ਅਲੈਂਡੇ ਸ਼ਾਸਨ ਤੋਂ ਬਾਅਦ ਲਗਾਤਾਰ ਸੱਜੇ ਪੱਖੀ ਫਾਸ਼ੀਵਾਦੀ ਨਿਜ਼ਾਮ ਨੂੰ ਬਦਲਣ, ਜਨਤਕ ਸੁਰੱਖਿਆ ਅਤੇ ਟੈਕਸਾਂ ਦਾ ਬੋਝ ਧਨਾਢ ਲੋਕਾਂ ’ਤੇ ਲੱਦਣ ਦਾ ਵਾਅਦਾ ਕੀਤਾ। ਚਿੱਲੀ ਦੇ ਸਾਬਕਾ ਤਾਨਾਸ਼ਾਹ ਅਗਸਤੋਂ ਪਿਨਾਚੇ ਦੇ ਸੱਜੇ ਪੱਖੀ ਸਥਾਪਿਤ ਨਿਜ਼ਾਮ ਦੇ ਪਾਲਤੂ ਜੋਸੇ ਅੰਟੀਨੀਓ ਕਾਸਟ ਨਾਮਕ ਰਾਜਨੀਤੀਵਾਨ ਨੂੰ ਹਰਾਇਆ ਜਿਸ ਦੀਆਂ ਸੱਜ-ਪਿਛਾਖੜੀ ਆਰਥਿਕ ਨੀਤੀਆਂ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰ ਰੱਖਿਆ ਸੀ।

ਪੇਰੂ ਮੁਲਕ ਦੇ ਵਾਸੀਆਂ ਨੇ ਵੱਡੀ ਭਵਿੱਖੀ ਵਧੀਆ ਜੀਵਨ ਦੀ ਰੀਝ ਦੀ ਪੂਰਤੀ ਲਈ ਗ਼ਰੀਬ ਕਿਸਾਨੀ ਦੇ ਪੁੱਤਰ ਪੈਡਰੋ ਕਾਸਟੀਲੋ ਨੂੰ ਪਿਛਲੇ ਸਾਲ ਆਪਣਾ ਰਾਸ਼ਟਰਪਤੀ ਚੁਣਿਆ। ਜਿਸ ਨੌਜਵਾਨ ਨੂੰ ਸ਼ਾਇਦ ਰਾਜਨੀਤੀ ਵਿਚ ਜਾਣਿਆ ਹੀ ਨਹੀਂ ਜਾਂਦਾ ਸੀ ਉਸ ਨੇ ਸੱਜੇ ਪੱਖੀ ਪਰਿਵਾਰਵਾਦੀ ਰਾਜਨੀਤੀਵਾਨ ਕੀਕੋ ਫੁਜੀਮੋਰੀ ਨੂੰ ਚੋਣਾਂ ਵਿਚ ਧੂੜ ਚਟਾਈ। ਇਹ ਪ੍ਰੋਫੈਸ਼ਨਲ ਰਾਜਨੀਤੀਵਾਨ ਸਾਬਕਾ ਫਾਸ਼ੀਵਾਦੀ ਰਾਸ਼ਟਰਪਤੀ ਅਲਬਰਟੋ ਫੁਜੀਮੋਰੀ ਦਾ ਪੁੱਤਰ ਹੈ ਜਿਸ ਨੇ ਲੋਹੇ ਦੇ ਜਾਬਰ ਹੱਥਾਂ ਨਾਲ ਪੇਰੂ ਦੇ ਲੋਕਾਂ ਨੂੰ ਨਿਊ-ਲਿਬਰਲ ਲੋਕਮਾਰੂ ਕਾਰਪੋਰੇਟਵਾਦੀ ਨੀਤੀਆਂ ਨਾਲ ਦਬਾਅ ਕੇ ਰੱਖਿਆ ਹੋਇਆ ਸੀ। ਪੇਂਡੂ, ਦੂਰ-ਦੁਰੇਡੇ ਰਹਿਣ ਵਾਲੇ ਲੋਕਾਂ, ਕਿਸਾਨ-ਮਜ਼ਦੂਰਾਂ ਅਤੇ ਕਬਾਇਲੀਆਂ ਦਾ ਜਿਊਣਾ ਹਰਾਮ ਕਰ ਰੱਖਿਆ ਸੀ।

ਕੋਲੰਬੀਆ ਅੰਦਰ ਵੱਡੀ ਜੱਦੋ-ਜਹਿਦ ਬਾਅਦ ਦੇਸ਼ ਵਾਸੀਆਂ ਨੇ ਸਾਬਕਾ ਖੱਬੇ ਪੱਖੀ ਵਿਦਰੋਹੀ ਆਗੂ ਗੁਸਤਾਵੋ ਪੈਟਰੋ ਨੂੰ ਪਹਿਲੇ ਖੱਬੇ ਪੱਖੀ ਪ੍ਰਧਾਨ ਵਜੋਂ ਵੱਡੀਆਂ ਆਸਾਂ-ਉਮੀਦਾਂ ਨਾਲ ਚੁਣਿਆ। ਡਰੱਗ ਤਸਕਰੀ, ਗੈਂਗਸਟਰ ਵਾਦ ਅਤੇ ਖੱਬੇ ਪੱਖੀ ਵਿਦਰੋਹ ਨਾਲ ਕੋਲੰਬੀਆ ਲੰਬੇ ਸਮੇਂ ਤੋਂ ਜੂਝਦਾ ਚਲਾ ਆ ਰਿਹਾ ਸੀ। ਗੁਸਤਾਵੋ ਪੈਟਰੋ ਨੇ ਕੋਲੰਬੀਆ ਵਾਸੀਆਂ ਨੂੰ ਇੱਕ ਵਧੀਆ ਭਵਿੱਖ ਦੇਣ, ਸਥਾਨਿਕ ਮੂਲ ਨਿਵਾਸੀਆਂ, ਗ਼ਰੀਬ ਅਤੇ ਪਛੜੇ ਲੋਕਾਂ ਨੂੰ ਇੱਜ਼ਤ ਅਤੇ ਸਵੈਮਾਣ ਭਰਿਆ ਜੀਵਨ ਦੇਣ ਅਤੇ ਸਭ ਨਾਗਰਿਕਾਂ ਦੀ ਭਾਗੀਦਾਰੀ ਵਾਲੀ ਆਰਥਿਕਤਾ ਦੇਣ ਦਾ ਭਰੋਸਾ ਦਿੱਤਾ। ਕੋਲੰਬੀਆ ਦੇ 40 ਪ੍ਰਤੀਸ਼ਤ ਪਰਿਵਾਰ ਅੱਜ ਦੇ 21ਵੀਂ ਸਦੀ ਦੇ ਯੁੱਗ ਵਿਚ 100 ਡਾਲਰ ਮਾਸਿਕ ਕਮਾਈ ਨਾਲ ਅਤਿ ਦਾ ਗ਼ੁਰਬਤ ਅਤੇ ਲਾਚਾਰੀ ਭਰਿਆ ਜੀਵਨ ਬਿਤਾਉਣ ਲਈ ਮਜਬੂਰ ਹਨ। ਕਰੀਬ 11 ਪ੍ਰਤੀਸ਼ਤ ਮਹਿੰਗਾਈ ਦਰ ਨੇ ਗ਼ਰੀਬਾਂ ਦਾ ਜਿਊਣਾ ਹਰਾਮ ਕਰ ਰੱਖਿਆ ਹੋਇਆ ਹੈ।

ਸੰਨ 2019 ਦੇ ਅਖੀਰ ਵਿਚ ਹੋਈਆਂ ਚੋਣਾਂ ਵਿਚ ਖੱਬੇ ਪੱਖੀ ਅਲਬਰਟੋ ਫਰਨੈਂਡਜ਼ ਨੇ ਸੱਜੇ ਪੱਖੀ ਤਾਨਾਸ਼ਾਹ ਰਾਸ਼ਟਰਪਤੀ ਦਾ ਤਖ਼ਤਾ ਪਲਟ ਕੇ ਰੱਖ ਦਿੱਤਾ। ਇਕੁਆਡੋਰ ਵਿਚ ਲੋਕਾਂ ਨੇ ਸੱਜੇ ਪੱਖੀ ਗੁਲੇਸਮੋ ਲਾਸੋ ਨੂੰ ਚੋਣਾਂ ਵਿਚ ਤਰਜੀਹ ਦਿੱਤੀ ਪਰ ਛੇਤੀ ਹੀ ਉਨ੍ਹਾਂ ਦਾ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ। ਮਹਿੰਗਾਈ, ਬੇਰੁਜ਼ਗਾਰੀ, ਗ਼ੁਰਬਤ ਤੋਂ ਰਤਾ ਵੀ ਨਿਜਾਤ ਨਾ ਮਿਲਣ ਤੋਂ ਦੁਖੀ ਲੋਕਾਂ ਨੇ ਗਲੀਆਂ, ਬਜ਼ਾਰਾਂ, ਸ਼ਹਿਰਾਂ, ਕੌਮੀ ਮਾਰਗਾਂ ’ਤੇ ਧਰਨੇ-ਮੁਜ਼ਾਹਰਿਆਂ ਦਾ ਵੱਡਾ ਅੰਦੋਲਨ ਖੜ੍ਹਾ ਕਰ ਦਿੱਤਾ।

ਲਾਤੀਨੀ ਅਮਰੀਕਾ ਅੰਦਰ ਖੱਬੇ ਪੱਖੀ ਸ਼ਕਤੀਆਂ ਦੇ ਉਭਾਰ ਅਤੇ ਵੱਖ-ਵੱਖ ਦੇਸ਼ਾਂ ਵਿਚ ਜਨਸ਼ਕਤੀ ਦੀ ਹਮਾਇਤ ਨਾਲ ਸੱਤਾ ਵਿਚ ਆਉਣ ਨਾਲ ਗ਼ਰੀਬ, ਪਛੜੇ, ਸਥਾਨਿਕ ਮੂਲ ਨਿਵਾਸੀਆਂ, ਕਿਸਾਨਾਂ, ਮਜ਼ਦੂਰਾਂ, ਛੋਟੇ ਕਾਰੋਬਾਰੀਆਂ ਅਤੇ ਕਰਮਚਾਰੀਆਂ ਦੀਆਂ ਦੁਸ਼ਵਾਰੀਆਂ ਦੂਰ ਕਰਨਾ ਵੱਡੀ ਚਣੌਤੀ ਬਣੀ ਪਈ ਹੈ। ਆਰਥਿਕ, ਸਨਅਤੀ ਅਤੇ ਕੁਦਰਤੀ ਸੋਮਿਆਂ ’ਤੇ ਕਾਬਜ਼ ਸੱਜੇ ਪੱਖੀ ਕਾਰਪੋਰੇਟਵਾਦੀ, ਸਰਮਾਏਦਾਰ ਅਤੇ ਵਪਾਰਕ ਘਰਾਣੇ ਅਮਰੀਕੀ ਅਤੇ ਪੱਛਮੀ ਦੇਸ਼ਾਂ ਦੇ ਜੋਟੀਦਾਰਾਂ ਨਾਲ ਰਲ ਕੇ ਨਿੱਤ ਨਵੀਆਂ ਮੁਸ਼ਕਿਲਾਂ ਪੈਦਾ ਕਰ ਰਹੇ ਹਨ।

ਖੱਬੇ ਪੱਖੀ ਰਾਸ਼ਟਰਪਤੀ ਆਪੋ-ਆਪਣੇ ਦੇਸ਼ ਅੰਦਰ ਲਾਤੀਨੀ ਅਮਰੀਕੀਆਂ ਦੀਆਂ ਰਾਜਨੀਤਕ, ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਵਾਤਾਵਰਨ ਵਿਗਾੜ ਸਬੰਧੀ ਸਮੱਸਿਆਵਾਂ ਨੂੰ ਦੂਰ ਕਰਨ ਲਈ ਨਵੇਂ ਪ੍ਰੋਗਰਾਮ ਉਲੀਕ ਰਹੇ ਹਨ। ਬਹੁਤ ਸਾਰੇ ਖੇਤਰਾਂ ਅਤੇ ਸਥਾਨਿਕ ਮੂਲ ਨਿਵਾਸੀਆਂ ਦੇ ਇਲਾਕਿਆਂ ਵਿਚ ਸੱਜੇ ਪੱਖੀ ਫਾਸ਼ੀਵਾਦੀ ਅਤੇ ਏਕਾਧਿਕਾਰ ਵਾਦੀ ਸ਼ਾਸਕਾਂ ਨੇ ਫ਼ੌਜ ਅਤੇ ਨੀਮ-ਫ਼ੌਜੀ ਦਲ ਤਾਇਨਾਤ ਕਰ ਰੱਖੇ ਹਨ।

(ਬਾਕੀ ਸਫ਼ਾ 30 ’ਤੇ)

# ਲੋਕਾਂ ਦੇ ਵੱਡੇ ਸੰਤਾਪ ਦਾ ਕਾਰਨ ਸਿਆਸਤ ਦਾ ਵਪਾਰੀਕਰਨ

**ਰਣਜੀਤ ਸਿੰਘ**

ਪੰਜਾਬ ਵਿਚ ਭ੍ਰਿਸ਼ਟਾਚਾਰ, ਨਸ਼ੇ, ਮਾਫ਼ੀਆ ਰਾਜ ਆਦਿ ਤੋਂ ਲੋਕ ਪਰੇਸ਼ਾਨ ਸਨ ਪਰ ਉਨ੍ਹਾਂ ਹਾਲਾਤ ਨਾਲ ਸਮਝੌਤਾ ਕਰ ਲਿਆ ਹੈ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਹ ਸਾਰਾ ਕੁਝ ਭ੍ਰਿਸ਼ਟ ਰਾਜਨੀਤੀ ਕਰਕੇ ਹੀ ਹੋ ਰਿਹਾ ਹੈ ਤੇ ਉਨ੍ਹਾਂ ਸਰਕਾਰਾਂ ਬਦਲ ਕੇ ਵੇਖ ਲਈਆਂ ਸਨ ਪਰ ਕੋਈ ਫ਼ਰਕ ਨਹੀਂ ਪਿਆ ਸੀ ਪਰ ਕਿਸਾਨ ਅੰਦੋਲਨ ਦੀ ਸਫ਼ਲਤਾ ਨੇ ਲੋਕਾਂ ਨੂੰ ਆਪਣੀ ਸ਼ਕਤੀ ਉੱਤੇ ਮੁੜ ਭਰੋਸਾ ਕਰਵਾਇਆ। ਇਸ ਸਦੀ ਦੌਰਾਨ ਭਾਰਤ ਵਿਚ ਤਾਂ ਕੀ, ਸਾਰੇ ਸੰਸਾਰ ਵਿਚ ਇਸ ਤਰ੍ਹਾਂ ਦਾ ਅੰਦੋਲਨ ਪਹਿਲਾਂ ਨਹੀਂ ਸੀ ਹੋਇਆ। ਇਸੇ ਭਰੋਸੇ ਸਦਕਾ ਲੋਕਾਂ ਨੇ ਇਕ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਤਾਂ ਜੋ ਸੂਬੇ ਵਿਚ ਭ੍ਰਿਸ਼ਟਾਚਾਰ ਤੇ ਨਸ਼ਿਆਂ ਨੂੰ ਨੱਥ ਪਾਈ ਜਾ ਸਕੇ। ਵੋਟਰਾਂ ਨੇ ਇਹ ਨਹੀਂ ਵੇਖਿਆ ਕਿ ਉਮੀਦਵਾਰ ਕਿਹੜਾ, ਉਨ੍ਹਾਂ ਝਾੜੂ ਦੇ ਨਿਸ਼ਾਨ ਉੱਤੇ ਵੋਟਾਂ ਪਾ ਦਿੱਤੀਆਂ।

ਇਹ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਸਰਕਾਰ ਦੇ ਬਣਿਆਂ ਅਜੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਇਕ ਕੈਬਨਿਟ ਮੰਤਰੀ ਆਪ ਸ਼ਰਮਸਾਰ ਕੰਮ ਕਰਦਾ ਫੜਿਆ ਗਿਆ। ਲੋਕਾਂ ਨਾਲ ਇਹ ਵਿਸ਼ਵਾਸਘਾਤ ਹੈ। ਕੀ ਕਦੇ ਮੰਤਰੀ ਸਾਹਿਬ ਨੇ ਸੋਚਿਆ ਕਿ ਉਹ ਵਜ਼ੀਰ ਤਾਂ ਦੂਰ, ਵਿਧਾਇਕ ਵੀ ਬਣ ਸਕਦੇ ਹਨ ? ਲੋਕਾਂ ਨੇ ਉਨ੍ਹਾਂ ਨੂੰ ਕੁਰਸੀ ਦੀ ਬਖਸ਼ਿਸ਼ ਕੀਤੀ। ਲੋਕ ਸੇਵਾ ਦਾ ਇਸ ਤੋਂ ਸੁਨਹਿਰੀ ਮੌਕਾ ਤਾਂ ਕੋਈ ਹੋਰ ਹੋ ਨਹੀਂ ਸਕਦਾ। ਆਪਣੀ ਪੂਰੀ ਸ਼ਕਤੀ ਨਾਲ ਲੋਕ ਸੇਵਾ ਕਰਨ ਦੀ ਥਾਂ ਜੇ ਵਿਧਾਇਕ ਆਪਣੀਆਂ ਹੀ ਜੇਬਾਂ ਭਰਨ ਲੱਗ ਪੈਣ ਤਾਂ ਇਸ ਤੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ।




ਮੰਤਰੀ ਜੀ ਵੱਲ ਵੇਖੋ, ਜਿੱਥੇ ਅੱਗੇ-ਪਿੱਛੇ ਪੁਲਿਸ ਸਲੂਟ ਮਾਰਦੀ ਸੀ, ਲੋਕ ਫੁੱਲਾਂ ਦੇ ਹਾਰ ਲੈ ਕੇ ਉਡੀਕ ਵਿਚ ਖੜ੍ਹੇ ਰਹਿੰਦੇ ਸਨ, ਜੇਲ੍ਹ ਦੀ ਹਵਾ ਖਾਣੀ ਪਈ। ਸੰਸਾਰ ਦਾ ਕੋਈ ਅਜਿਹਾ ਕਰਮ ਨਹੀਂ ਹੈ ਜਿਸ ਦਾ ਪ੍ਰਤੀਕਰਮ ਨਾ ਹੁੰਦਾ ਹੋਵੇ। ਇਸ ਸਿਧਾਂਤ ਨੂੰ ਸਾਰੇ ਧਰਮਾਂ ਅਤੇ ਸਾਰੇ ਵਿਗਿਆਨੀਆਂ ਨੇ ਸਵੀਕਾਰ ਕੀਤਾ ਹੈ। ਰਾਜਨੀਤੀ ਲੋਕ ਸੇਵਾ ਦਾ ਪ੍ਰਾਪਤ ਹੋਇਆ ਸਨਿਹਰੀ ਮੌਕਾ ਹੈ। ਇਸ ਨੂੰ ਗੰਦਾ ਵਪਾਰ ਬਣਾ ਕੇ ਬਦਨਾਮ ਨਾ ਕੀਤਾ ਜਾਵੇ।

ਲੋਕਰਾਜ ਵਿਚ ਲੋਕ ਸਰਕਾਰੀ ਕੰਮਕਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਆਪਣੇ ਨੁਮਾਇੰਦੇ ਚੁਣਦੇ ਹਨ। ਇਨ੍ਹਾਂ ਚੁਣੇ ਹੋਏ ਆਗੂਆਂ ਦੀ ਜ਼ਿੰਮੇਵਾਰੀ ਲੋਕ ਹੱਕਾਂ ਦੀ ਰਾਖੀ ਕਰਨਾ ਹੈ ਅਤੇ ਕਿਸੇ ਵਿਰੁੱਧ ਹੋ ਰਹੀ ਧੱਕੇਸ਼ਾਹੀ ਨੂੰ ਰੋਕਣਾ ਹੈ। ਇਹ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਸਮੇਂ ਦੇ ਬੀਤਣ ਨਾਲ ਇਸ ਵਿਚ ਹੋਰ ਸੁਧਾਰ ਹੋਣ ਦੀ ਥਾਂ ਨਿਘਾਰ ਆਇਆ ਹੈ। ਹੁਣ ਬਹੁਤੇ ਲੋਕ ਨੁਮਾਇੰਦੇ ਲੋਕ ਹਿੱਤਾਂ ਦੀ ਰਾਖੀ ਕਰਨ ਦੀ ਥਾਂ ਆਪਣੇ ਹਿੱਤਾਂ ਦੀ ਰਾਖੀ ਕਰਨ ਲੱਗ ਪਏ ਹਨ। ਉਨ੍ਹਾਂ ਨੇ ਰਾਜਨੀਤੀ ਨੂੰ ਘਟੀਆ ਵਪਾਰ ਬਣਾ ਦਿੱਤਾ ਹੈ ਜਿੱਥੇ ਕਮਾਈ ਕਰਨਾ ਹੀ ਮੁੱਖ ਉਦੇਸ਼ ਬਣ ਗਿਆ ਹੈ। ਇਹ ਦੋ ਨੰਬਰ ਦੀ ਕਮਾਈ ਗ਼ਲਤ ਢੰਗ-ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਜਦੋਂ ਤੋਂ ਰਾਜਨੀਤੀ ਕਮਾਈ ਦਾ ਸਾਧਨ ਬਣੀ ਹੈ ਉਦੋਂ ਤੋਂ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਵਿਚ ਵਾਧਾ ਹੋਇਆ ਹੈ। ਚੋਣਾਂ ਜਿੱਤਣ ਲਈ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ। ਇਸ ਖ਼ਰਚੇ ਦੀ ਪੂਰਤੀ ਲਈ ਬਹੁਤੇ ਲੋਕ ਨੁਮਾਇੰਦੇ ਆਪਣੇ ਹਲਕੇ ਵਿਚ ਆਪਣੀ ਮਰਜ਼ੀ ਦੇ ਸਰਕਾਰੀ ਕਰਿੰਦਿਆਂ ਦੀ ਨਿਯੁਕਤੀ ਕਰਵਾਉਂਦੇ ਹਨ ਤੇ ਉਨ੍ਹਾਂ ਤੋਂ ਆਪਣੇ ਚਹੇਤਿਆਂ ਦੇ ਗ਼ਲਤ ਕੰਮ ਕਰਵਾਉਂਦੇ ਹਨ। ਹਰੇਕ ਲੋਕ ਨੁਮਾਇੰਦੇ ਦੇ ਘਰ ਸਵੇਰ ਵੇਲੇ ਲੋਕਾਂ ਦਾ ਮੇਲਾ ਲੱਗਿਆ ਹੁੰਦਾ ਹੈ। ਇਹ ਲੋਕ ਆਪਣੀ ਫ਼ਰਿਆਦ ਲੈ ਕੇ ਨਹੀਂ ਸਗੋਂ ਆਪਣੇ ਕੰਮ ਕਰਵਾਉਣ ਲਈ ਸਿਫ਼ਾਰਸ਼ ਕਰਵਾਉਣ ਆਉਂਦੇ ਹਨ। ਵਿਧਾਇਕ ਗ਼ਰੀਬਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਥਾਂ ਜ਼ੋਰਾਵਰਾਂ ਦਾ ਪੱਖ ਪੂਰਦੇ ਹਨ ਪਰ ਪੁਲਿਸ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀ ਕਿਉਂਕਿ ਉਨ੍ਹਾਂ ਦੀ ਪਿੱਠ ਪਿੱਛੇ ਕੋਈ ਰਾਜਨੀਤਕ ਆਗੂ ਖੜ੍ਹਾ ਹੁੰਦਾ ਹੈ।

ਪੰਜਾਬ ਸੰਸਾਰ ਦੇ ਉਨ੍ਹਾਂ ਕੁਝ ਕੁ ਖਿੱਤਿਆਂ ਵਿੱਚੋਂ ਇਕ ਹੈ ਜਿੱਥੇ ਮਨੁੱਖੀ ਸੱਭਿਅਤਾ ਦਾ ਵਿਕਾਸ ਹੋਇਆ ਹੈ। ਇਸੇ ਧਰਤੀ ਉੱਤੇ ਦੇਸ਼ ਦੇ ਸਭ ਤੋਂ ਪਵਿੱਤਰ ਮੰਨੇ ਜਾਂਦੇ ਗ੍ਰੰਥਾਂ ਦੀ ਰਚਨਾ ਹੋਈ। ਸੰਸਾਰ ਦੇ ਸਭ ਤੋਂ ਪੁਰਾਣੇ ਗਿਆਨ ਗ੍ਰੰਥ ਵੇਦਾਂ ਦੀ ਰਚਨਾ ਇੱਥੇ ਹੀ ਹੋਈ। ਮਹਾਰਿਸ਼ੀ ਵਾਲਮੀਕ ਜੀ ਨੇ ਰਾਮਾਇਣ ਦੀ ਰਚਨਾ ਵੀ ਇਸੇ ਧਰਤੀ ਉੱਤੇ ਕੀਤੀ ਸੀ। ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਗਿਆਨ ਵੀ ਜੋਤੀਸਰ ਵਿਖੇ ਇਸੇ ਸੂਬੇ ਵਿਚ ਦਿੱਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਸੀ। ਇਸੇ ਧਰਤੀ ਤੋਂ ਸੰਸਾਰ ਨੂੰ ਸੱਚ, ਸੰਤੋਖ ਤੇ ਗਿਆਨ ਦਾ ਸਬਕ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਨੇ 'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ' ਦਾ ਸੰਦੇਸ਼ ਵੀ ਇੱਥੇ ਹੀ ਲੋਕਾਈ ਨੂੰ ਬਖਸ਼ਿਆ। ਪੰਜਾਬੀਆਂ ਨੇ ਆਪਣੇ ਇਸੇ ਹੀ ਸੁਨਹਿਰੇ ਇਤਿਹਾਸ ਦੇ ਸਹਾਰੇ ਸੰਸਾਰ ਵਿਚ ਨਾਮਣਾ ਖੱਟਿਆ ਹੈ। ਇਨ੍ਹਾਂ ਨੂੰ ਸੰਸਾਰ ਦੇ ਵਧੀਆ ਕਿਸਾਨ ਤੇ ਜਵਾਨ ਮੰਨਿਆ ਜਾਂਦਾ ਹੈ। ਇਨ੍ਹਾਂ ਦੀ ਇਮਾਨਦਾਰੀ ਤੇ ਸੇਵਾ ਦੀ ਮਿਸਾਲ ਸਾਰੇ ਸੰਸਾਰ ਵਿਚ ਪ੍ਰਸਿੱਧ ਹੈ ਪਰ ਇਹ ਬੜੇ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਹੁਣ ਪੰਜਾਬ ਵਿਚ ਹੀ ਸਭ ਤੋਂ ਵੱਧ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਹੈ। ਪੈਸਾ ਹੀ ਪ੍ਰਧਾਨ ਹੈ ਜਿਸ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੇ ਗ਼ਲਤ ਕੰਮ ਕੀਤੇ ਜਾਂਦੇ ਹਨ। ਇੱਕੀਵੀਂ ਸਦੀ ਨੂੰ ਸੰਸਾਰ ਵਿਚ ਗਿਆਨ, ਵਿਗਿਆਨ ਤੇ ਸੂਚਨਾ ਤਕਨਾਲੋਜੀ ਦੀ ਸਦੀ ਆਖਿਆ ਜਾਂਦਾ ਹੈ ਪਰ ਪੰਜਾਬ ਵਿਕਾਸ ਦੀਆਂ ਸਿਖ਼ਰਾਂ ਉੱਤੇ ਪਹੁੰਚ ਕੇ ਇਸ ਸਦੀ ਵਿਚ ਹੇਠਾਂ ਵੱਲ ਰੁੜ੍ਹਿਆ ਹੈ। ਪਿਛਲੇ ਦੋ ਦਹਾਕਿਆਂ ਵਿਚ ਪੰਜਾਬ ਦੀ ਰਾਜ ਪ੍ਰਣਾਲੀ ਅਤੇ ਸਰਕਾਰੀ ਤੰਤਰ ਵਿਚ ਰਿਸ਼ਵਤਖੋਰੀ ਆਪਣੇ ਸਿਖਰ ਉੱਤੇ ਪੁੱਜ ਗਈ ਹੈ। ਜਿਹੜਾ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਾਣਾ ਚਾਹੀਦਾ ਸੀ, ਉਹ ਆਗੂਆਂ, ਸਰਕਾਰੀ ਕਰਮਚਾਰੀਆਂ ਤੇ ਵਪਾਰੀਆਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ। ਸੂਬੇ ਦੇ ਵਿਕਾਸ ਕਾਰਜਾਂ ਵਿਚ ਖੜੋਤ ਆ ਗਈ ਹੈ ਕਿਉਂਕਿ ਸਾਰੇ ਖ਼ਜ਼ਾਨਾ ਮੰਤਰੀ ਸਰਕਾਰ ਦੇ ਖ਼ਜ਼ਾਨੇ ਦੇ ਖ਼ਾਲੀ ਹੋਣ ਦਾ ਢੰਡੋਰਾ ਪਿੱਟਦੇ ਹਨ। ਸਰਕਾਰ ਦੀ ਸਾਰੀ ਆਮਦਨ ਕਰਜ਼ੇ ਦਾ ਵਿਆਜ ਮੋੜਨ ਤੇ ਸਰਕਾਰੀ ਖ਼ਰਚੇ ਪੂਰੇ ਕਰਨ ਉੱਤੇ ਹੀ ਖ਼ਰਚ ਹੋ ਜਾਂਦੀ ਹੈ। ਨਵੀਆਂ ਨਿਯੁਕਤੀ ਬੰਦ ਹੀ ਹਨ ਕਿਉਂਕਿ ਤਨਖ਼ਾਹਾਂ ਦੇਣ ਲਈ ਪੈਸੇ ਨਹੀਂ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਕੁਝ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਕੁਝ ਵਿਕਾਸ ਕਾਰਜ (ਬਾਕੀ ਸਫ਼ਾ 31 'ਤੇ)

# ਆਪ ਸਰਕਾਰ ਦੇ ਬੰਦੂਕ ਸਭਿਆਚਾਰ ਬਾਰੇ ਜਥੇਦਾਰ ਅਕਾਲ ਤਖ਼ਤ ਦਾ ਢੁਕਵਾਂ ਸਟੈਂਡ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਐਤਵਾਰ ਨੂੰ ਕਪੂਰਥਲਾ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਵਿੱਚ ਬੰਦੂਕ ਕਲਚਰ ਨੂੰ ਨਿਰਾਸ਼ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਨਫ਼ਰਤ ਭਰੇ ਭਾਸ਼ਣ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਪੰਜਾਬੀਆਂ ਵਿੱਚ ਸ਼ੁਰੂ ਤੋਂ ਹੀ ਹਥਿਆਰ ਰੱਖਣ ਦਾ ਸ਼ੌਕ ਚਲਦਾ ਆ ਰਿਹਾ ਹੈ ਅਤੇ ਇਹ ਸਿੱਖ ਸਭਿਆਚਾਰ ਦਾ ਅੰਗ ਵੀ ਰਿਹਾ ਹੈ। ਪਰ ਪੰਜਾਬ ਸਰਕਾਰ ਲਾਇਸੰਸੀ ਹਥਿਆਰਾਂ ਨੂੰ ਪੰਜਾਬ ਦੇ ਕ੍ਰਾਈਮ ਲਈ ਜ਼ਿੰਮੇਵਾਰ ਮੰਨਕੇ ਸਖ਼ਤੀ ਕਰਕੇ ਲੋਕਾਂ ਦੀ ਸੁਰੱਖਿਆ ਲਈ ਖ਼ਤਰਾ ਬਣ ਰਹੀ ਹੈ। ਇਹ ਜ਼ਿਆਦਾਤਰ ਛਾਪੇਮਾਰੀ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਕੀਤੀ ਗਈ ਹੈ। ਯਾਦ ਰਹੇ ਕਿ ਬਹੁਤੀ ਸਿੱਖ ਵਸੋਂ ਪੇਂਡੂ ਇਲਾਕਿਆਂ ਵਿਚ ਰਹਿੰਦੀ ਹੈ। ਇੱਥੋਂ ਤਕ ਸਿੱਖ ਇਲਾਕਿਆਂ ਵਿਚੋਂ ਰਵਾਇਤੀ ਸ਼ਸਤਰ ਬਰਾਮਦ ਕੀਤੇ ਹਨ, ਜਿਸਦਾ ਅਧਿਕਾਰ ਸੰਵਿਧਾਨ ਵੱਲੋਂ ਸਿੱਖਾਂ ਨੂੰ ਦਿੱਤਾ ਗਿਆ ਹੈ। ਇਸ ਦਾ ਭਾਈ ਅੰਮ੍ਰਿਤਪਾਲ ਸਿੰਘ ਨੇ ਤਿੱਖਾ ਵਿਰੋਧ ਕੀਤਾ ਹੈ। ਉਸਨੇ ਕਿਹਾ ਹੈ ਕਿ ਜੂਨ 84 ਬਾਅਦ ਸਿੱਖਾਂ ਨੂੰ ਹਥਿਆਰਾਂ ਰਹਿਤ ਕਰਕੇ ਨਸਲਕੁਸ਼ੀ ਕੀਤੀ ਗਈ ਸੀ। ਜਰਮਨ ਵਿਚ ਹਿਟਲਰ ਨੇ ਯਹੂਦੀਆਂ ਦੀ ਨਸਲਕੁਸ਼ੀ ਪਹਿਲਾਂ ਯਹੂਦੀਆਂ ਨੂੰ ਹਥਿਆਰਾਂ ਰਹਿਤ ਕੀਤਾ ਸੀ। ਅੰਮ੍ਰਿਤਪਾਲ ਸਿੰਘ ਦਾ



ਸ਼ੱਕ ਠੀਕ ਨਾ ਵੀ ਹੋਵੇ ਤਾਂ ਆਪ ਸਰਕਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਸਰਕਾਰ ਲੋਕਾਂ ਨਾਲ ਅਪਰਾਧੀਆਂ ਵਾਂਗ ਕਿਉਂ ਨਿੱਬੜ ਰਹੀ ਹੈ। ਦਹਿਸ਼ਤ ਕਿਉਂ ਪਾ ਰਹੀ ਹੈ ? ਕੀ ਪੂਰੇ ਭਾਰਤ ਵਿਚ ਕਿਸੇ ਸਟੇਟ ਨੇ ਆਪਣੇ ਲੋਕਾਂ ਉੱਪਰ ਅਜਿਹੀ ਕਾਰਵਾਈ ਕੀਤੀ ਹੈ ?ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਨਸ਼ਾ ਮਾਫ਼ੀਆ, ਨਾਜਾਇਜ਼ ਅਸਲੇ ਦੀ ਬਰਾਮਦਗੀ ਦੇ ਕੇਸਾਂ ਵਿੱਚ ਹੋਇਆ ਵਾਧਾ ਇਹ ਦੱਸਦਾ ਹੈ ਕਿ ਪੁਲਿਸ ਇਸ ਸੰਬੰਧੀ ਕਾਰਵਾਈ ਕਰਨ ਤੋਂ ਅਸਫਲ ਰਹੀ ਹੈ।

ਇਹ ਠੀਕ ਹੈ ਜੋ ਲਾਇਸੰਸੀ ਹਥਿਆਰ ਰਖਕੇ ਕਾਨੂੰਨ ਦੀ ਉਲੰਘਣਾ ਕਰਦੇ ਹਨ ਉਨ੍ਹਾਂ ਉੱਪਰ ਕਾਰਵਾਈ ਹੋਣੀ ਚਾਹੀਦੀ ਹੈ। ਪਰ ਇਸ ਦਾ ਮਤਲਬ ਨਹੀਂ ਕਿ ਸਮੂਹ ਪੰਜਾਬ ਉੱਪਰ ਪੁਲਿਸ ਦੀਆਂ ਧਾੜਾਂ ਚੜ੍ਹਾ ਦਿੱਤੀਆਂ ਜਾਣ।

ਚਾਹੀਦਾ ਤਾਂ ਇਹ ਹੈ ਕਿ ਹਥਿਆਰਾਂ ਦੀ ਹੋੜ ਨੂੰ ਘੱਟ ਕਰਨ ਲਈ ਉਪਰਾਲੇ ਕੀਤੇ ਜਾਣ ਅਤੇ ਲੋਕਾਂ ਅਤੇ ਮੈਰਿਜ ਪੈਲਿਸਾਂ ਵਿੱਚ ਹਥਿਆਰ ਲੈ ਕੇ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉੱਥੇ ਹਥਿਆਰਾਂ ਕਾਰਨ ਕੋਈ ਹਾਦਸਾ ਨਾ ਵਾਪਰ ਸਕੇ।ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਪੰਜਾਬ ਅਤੇ ਸਿੱਖਾਂ ਬਾਰੇ ਝੂਠੇ ਬਿਆਨ ਅਤੇ ਧਾਰਨਾਵਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਆਪ ਸਰਕਾਰ ਦੇ ਹਥਿਆਰ ਸਭਿਆਚਾਰ ਦੇ ਬਿਰਤਾਂਤ ਨੂੰ ਪੇਸ਼ ਕਰਕੇ ਪੰਜਾਬ ਤੇ ਸਮਾਜ ਦੇ ਅਸਲ ਮੁੱਦਿਆਂ ਤੋਂ ਪਾਸੇ ਕਰ ਰਹੀ ਹੈ ਅਤੇ ਆਪਣੇ ਖ਼ਤਰਨਾਕ ਏਜੰਡੇ ਨੂੰ ਅੱਗੇ ਵਧਾਉਣ ਵਲ ਧੱਕ ਰਹੀ ਹੈ। ਜਥੇਦਾਰ ਨੇ ਕਿਹਾ 'ਸਿੱਧੂ ਮੂਸੇ ਵਾਲਾ' '(ਪੰਜਾਬੀ ਗਾਇਕ ਸ਼ੁਭਦੀਪ ਸਿੰਘ) ਨੂੰ ਪੰਜਾਬ ਤੋਂ ਬਾਹਰਲੇ ਗੈਂਗਸਟਰਾਂ ਨੇ ਵਿਦੇਸ਼ੀ ਹਥਿਆਰਾਂ ਨਾਲ ਮਾਰਿਆ ਸੀ, ਪਰ ਸਰਕਾਰ ਵੱਲੋਂ ਪੰਜਾਬ ਦੇ ਬੰਦੂਕ ਸਭਿਆਚਾਰ ਬਾਰੇ ਇੱਕ ਝੂਠਾ ਬਿਰਤਾਂਤ ਸਿਰਜਿਆ ਗਿਆ ਸੀ। ਕਈ ਹੋਰ ਰਾਜਾਂ ਵਿੱਚ ਬੰਦੂਕ ਦੀ ਹਿੰਸਾ ਪੰਜਾਬ ਤੋਂ ਵੱਧ ਹੈ, ਪਰ ਤੁਸੀਂ ਕਦੇ ਨਹੀਂ ਸੁਣਦੇ ਕਿ ਉੱਥੇ ਬੰਦੂਕ ਸਭਿਆਚਾਰ ਹੈ। ਹੋ ਜਿਵੇਂ ਕਿ 'ਪੰਜਾਬ ਦੇ ਹਾਈ-ਪ੍ਰੋਫਾਈਲ ਅਪਰਾਧ ਵਿੱਚ ਹਥਿਆਰਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰ ਵਰਤੇ ਜਾਂਦੇ ਹਨ, ਪਰ ਸਾਨੂੰ ਸਾਡੇ ਲਾਇਸੰਸਸ਼ੁਦਾ ਹਥਿਆਰਾਂ ਨੂੰ ਸੌਂਪਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਜੋ ਸਰਹੱਦੀ ਰਾਜ ਨੂੰ ਆਪਣੀ ਸੁਰੱਖਿਆ ਲਈ ਰੱਖਣੇ ਚਾਹੀਦੇ ਹਨ।'

ਯਾਦ ਰਹੇ ਕਿ ਜਥੇਦਾਰ ਅਕਾਲ ਤਖ਼ਤ ਨੇ ਪਿਛਲੇ ਜੂਨ ਵਿੱਚ ਕਿਹਾ ਸੀ ਸੀ ਕਿ ਗੁਰਦੁਆਰਿਆਂ ਵਿੱਚ ਸ਼ੂਟਿੰਗ ਰੇਂਜਾਂ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੇ ਕਿਹਾ 'ਪਰ ਹੁਣ ਹਥਿਆਰਾਂ ਨਾਲ ਖਿੱਚੀਆਂ ਤਸਵੀਰਾਂ ਅਤੇ ਬੰਦੂਕਾਂ ਬਾਰੇ ਗੀਤਾਂ ਨਾਲ ਰਿਕਾਰਡ ਕੀਤੇ ਵੀਡੀਓ ਪੋਸਟ ਕਰਨ ਲਈ ਵੀ ਸਰਕਾਰ ਵੱਲੋਂ ਲੋਕਾਂ 'ਤੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ।' ਉਨ੍ਹਾਂ ਕਿਹਾ ਕਿ ਗੰਨ ਕਲਚਰ ਦਾ ਲੇਬਲ ਪੰਜਾਬ ਦੀ ਜ਼ਮੀਨੀ ਹਕੀਕਤ ਤੋਂ ਬਹੁਤ ਦੂਰ ਦੀ ਤਸਵੀਰ ਬਣਾਉਂਦਾ ਹੈ। ਉਨ੍ਹਾਂ ਨੇ ਖਿਡੌਣੇ ਵਾਲੀ ਬੰਦੂਕ ਨਾਲ ਤਸਵੀਰ ਪੋਸਟ ਕਰਨ ਲਈ 11 ਸਾਲ ਦੇ ਬੱਚੇ ਦੇ ਖ਼ਿਲਾਫ਼ ਅਸਲਾ ਐਕਟ ਦੇ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਸੀ ਅਤੇ ਕਿਹਾ 'ਇਹ ਸਿੱਖਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੇ ਹਨ। ਫ਼ਿਰਕੂ ਤੌਰ 'ਤੇ ਪੰਜਾਬ ਸਥਿਰ ਹੈ, ਪਰ ਜਾਣ ਬੁਝ ਕੇ ਪੰਜਾਬ ਵਿਚ ਫ਼ਿਰਕੂ ਵਾਦ ਪੈਦਾ ਕੀਤਾ ਜਾ ਰਿਹਾ ਹੈ।ਇਸ ਸਰਕਾਰੀ ਝੂਠੇ ਪ੍ਰਚਾਰ ਨੇ ਸਿੱਖਾਂ ਵਿਰੁੱਧ ਨਫ਼ਰਤ ਭਰੀਆਂ ਟਿੱਪਣੀਆਂ ਨੂੰ ਹਵਾ ਦਿੱਤੀ ਹੈ। ਲੋਕਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਸਾਡੇ ਵਿਰੁੱਧ ਅਜਿਹਾ ਹੀ ਪ੍ਰਚਾਰ ਕੀਤਾ ਗਿਆ ਸੀ ਤਾਂ ਜੋ ਫ਼ੌਜ ਦੀ ਕਾਰਵਾਈ ਲਈ ਜ਼ਮੀਨ ਤਿਆਰ ਕੀਤੀ ਜਾ ਸਕੇ। ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਆਪ ਸਰਕਾਰ ਦੇ ਗੰਨ ਕਲਚਰ ਬਾਰੇ ਸਟੈਂਡ ਪੰਜਾਬ ਦੇ ਹਿਤ ਵਿਚ ਹੈ। ਉਨ੍ਹਾਂ ਦੀ ਅਜਿਹੀ ਅਗਵਾਈ ਦੀ ਸਭ ਨੂੰ ਹਮਾਇਤ ਕਰਨੀ ਚਾਹੀਦੀ ਹੈ। ਪੰਜਾਬ ਨੂੰ ਖ਼ਤਰਾ ਨਸ਼ਾ ਮਾਫ਼ੀਆ ਤੇ ਨਾਜਾਇਜ਼ ਹਥਿਆਰਾਂ ਤੋਂ ਹੈ, ਜਿਸ ਨੂੰ ਸਰਕਾਰ ਕੰਟਰੋਲ ਕਰਨ ਤੋਂ ਅਸਮਰੱਥ ਹੈ।

# ਲੋਕ ਸਾਹਿਤ ਸੰਗਮ ਰਾਜਪੁਰਾ ਪੰਜਾਬ ਦਾ ਸਤਵਾਂ ਅੰਤਰਰਾਸ਼ਟਰੀ ਸਾਹਿਤ ਸਮਾਗਮ ਹੋਇਆ ਸੰਪੰਨ




ਰਾਜਪੁਰਾ (ਪੰਜਾਬ)/ਪ੍ਰਮਿੰਦਰ ਸਿੰਘ ਪ੍ਰਵਾਨਾ : ਲੋਕ ਸਾਹਿਤ ਸੰਗਮ ਰਾਜਪੁਰਾ ਪੰਜਾਬ ਦਾ ਸੱਤਵਾਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਡਾ. ਗੁਰਵਿੰਦਰ ਸਿੰਘ ਅਮਨ ਪ੍ਰਧਾਨ, ਡਾ. ਹਰਜੀਤ ਸਿੰਘ ਸੱਧਰ ਚੇਅਰਮੈਨ, ਸੁਰਿੰਦਰ ਸਿੰਘ ਸੋਹਣਾ ਜਨਰਲ ਸਕੱਤਰ ਦੀ ਅਗਵਾਈ ਹੇਠ ਹੋਇਆ। ਸਮਾਗਮ ਦਾ ਆਰੰਭ ਕਰਦਿਆਂ ਜਨਾਬ ਸੰਜੀਵ ਕੁਮਾਰ ਐਸ.ਡੀ.ਐਮ. ਰਾਜਪੁਰਾ ਨੇ ਕਿਹਾ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਦਾ ਦਿਲੋਂ ਸਤਿਕਾਰ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਵਿਦੇਸ਼ ਵਿਚ ਬੈਠੇ ਪੰਜਾਬੀਆਂ ਨੂੰ ਆਪਣੇ ਬੱਚਿਆਂ ਨਾਲ ਘਰ ਵਿਚ ਪੰਜਾਬੀ ਬੋਲਣ ਅਤੇ ਪੰਜਾਬੀ ਸਿਖਾਉਣ ਦਾ ਉਪਰਾਲਾ ਕਰਦੇ ਰਹਿਣ। ਦੇਸ਼ ਵਿਦੇਸ਼ ਤੋਂ ਪਹੁੰਚੇ ਸਾਹਿਤਕਾਰਾਂ ਵਿਚ ਅਜਾਇਬ ਸਿੰਘ ਚੱਠਾ ਚੇਅਰਮੈਨ ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ, ਡਾ. ਸਰਬਜੀਤ ਸਿੰਘ ਮੁਖੀ ਅਤੇ ਪ੍ਰੋਫੈਸਰ ਪੰਜਾਬੀ ਅਧਿਐਨ ਵਿਭਾਗ, ਯੂਨੀਵਰਸਿਟੀ, ਚੰਡੀਗੜ੍ਹ, ਡਾ. ਗੁਰਮਿੰਦਰ ਸਿੱਧੂ ਵਿਸ਼ਵ ਪ੍ਰਸਿੱਧ ਕਵਿਤਰੀ ਕੈਨੇਡਾ, ਪ੍ਰਮਿੰਦਰ ਸਿੰਘ ਪ੍ਰਵਾਨਾ ਸੰਚਾਲਕ ਸਾਂਝਾ ਸੱਭਿਆਚਾਰਕ ਮੰਚ ਅਮਰੀਕਾ, ਹਰਭਜਨ ਸਿੰਘ ਬਰਾੜ ਪ੍ਰਧਾਨ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ ਕੈਨੇਡਾ, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਅਜੈ ਭਟੇਜਾ ਪ੍ਰਧਾਨ ਰੋਟਰੀ ਕਲੱਬ ਰਾਜਪੁਰਾ। ਪ੍ਰੋਗਰਾਮ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਕਿ 60 ਦੇ ਕਰੀਬ ਸਾਹਿਤਕਾਰਾਂ ਨੇ ਬੜੀ ਸਰਗਰਮੀ ਨਾਲ ਹਿਸਾ ਲਿਆ।

ਸੱਭਿਆਚਾਰ ਦੇ ਖੇਤਰ ਵਿਚੋਂ ਲੋਕ ਗਾਇਕ ਪਾਲੀ ਦੇਤਵਾਲੀਆ ਅਤੇ ਉਘੀ ਗਾਇਕਾ ਗੁਲਸ਼ਨ ਕੋਮਲ ਦਾ ਸਨਮਾਨ ਕੀਤਾ ਗਿਆ। ਦੋਵਾਂ ਨੇ ਆਪਣੇ ਗੀਤਾਂ ਨਾਲ ਸਾਂਝ ਪਾਈ। ਕਵੀਆਂ ਵਿਚ ਸ਼ਾਮਲ ਸਨ, ਸੁਰਿੰਦਰ ਗਿੱਲ ਚੰਡੀਗੜ੍ਹ, ਅਮਰਜੀਤ ਕੋਕੇ, ਗੁਰਦਰਸ਼ਨ ਗੁਸੀਲ, ਡਾ. ਰਤਨ ਸਿੰਘ ਢਿੱਲੋਂ, ਡਾ. ਸੁਰੇਸ਼ ਨਾਇਕ, ਹਰਜਿੰਦਰ ਕੌਰ ਸੱਧਰ, ਹਰਜੀਤ ਸਿੰਘ ਸੱਧਰ, ਦਰਸ਼ਨ ਸਿੰਘ ਅਸ਼ਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਡਾ. ਗੁਰਮਿੰਦਰ ਸਿੱਧੂ, ਸਰਬਜੀਤ ਸਿੰਘ ਵਿਰਦੀ, ਡਾ. ਅਮਨਪ੍ਰੀਤ ਕੌਰ ਕੰਗ, ਸੁਰਿੰਦਰ ਕੌਰ ਬਾੜਾ, ਅਮਰਜੀਤ ਸਿੰਘ ਵੜੈਚ ਸਾਬਕਾ ਡਾਇਰੈਕਟਰ ਆਲ ਇੰਡੀਆ ਰੇਡੀਓ, ਕੀਰਤ ਸਿੰਘ ਤੱਪੀਆਂ, ਸੁਰਿੰਦਰ ਭੋਗਲ, ਸੰਤ ਸਿੰਘ ਸੋਹਲ, ਸੁਰਿੰਦਰ ਸੋਹਣਾ, ਅਮਰਜੀਤ ਸਿੰਘ ਮੋਰਿੰਡਾ, ਡਾ. ਗੁਰਵਿੰਦਰ ਅਮਨ ਆਦਿ।

(ਬਾਕੀ ਸਫ਼ਾ 30 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# 'ਖ਼ਵਾਜਾ ਫ਼ਰਦ ਫ਼ਕੀਰ'

## (1720-1790)

ਫ਼ਰਦ ਫ਼ਕੀਰ ਅਠਾਰਵੀਂ ਸਦੀ ਦਾ ਮਸ਼ਹੂਰ ਸ਼ਰਹੀ ਦਰਵੇਸ਼ ਸੂਫ਼ੀ ਕਵੀ ਹੋਇਆ ਹੈ, ਜਿਸ ਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਅਤੇ ਅਨਿਆਏ ਦੇ ਵਿਰੁਧ ਆਵਾਜ ਉਠਾਈ। ਇਸ ਫ਼ਕੀਰ ਦੇ ਕੋਲ ਸਾਰੇ ਵਰਗਾਂ ਜਾਤਾਂ ਦੇ ਸੇਵਕ ਆਉਂਦੇ ਸਨ। ਉਹ ਜੁਲਾਹਿਆਂ ਅਤੇ ਨਾਈਆਂ ਦਾ ਪੀਰ ਸੀ। ਉਹ ਆਮ ਜਨਸਾਧਾਰਣ ਵਿਚ ਹਰਮਨ ਪਿਆਰਾ ਸੀ। ਮੌਲਾ ਬਖਸ਼ ਕੁਸ਼ਤਾ ਫ਼ਰਦ ਬਾਰੇ ਲਿਖਦੇ ਹਨ ਕਿ ਬੜੇ ਨੇਕ ਅਤੇ ਸਲਾਹ ਬਜ਼ੁਰਗ ਇਨਸਾਨ ਦਰਵੇਸ਼ ਸਨ। ਲੋਕਾਂ ਨੂੰ ਇਲਮ ਪੜ੍ਹਾਉਂਦੇ, ਅਰਬੀ ਫਾਰਸੀ ਫਕਾ, ਹਦੀਸ ਦੇ ਮਾਹਿਰ ਸਨ। ਅਰਬੀ ਫਾਰਸੀ ਤੇ ਮਾਹਰ ਹੋਣ ਕਰਕੇ ਸ਼ੇਅਰਾਂ ਵਿਚ ਫਾਰਸੀ ਦੇ ਲਫ਼ਜ ਤੇ ਅਬੀ ਆਇਤਾਂ ਕਲਾਮ ਵਿਚ ਰਵਾਨਗੀ ਪੁਖਤਗੀ ਉੱਚ ਖਿਆਲ ਤੇ ਸੋਜ਼ ਹੈ। ਉਹ ਝੂਠ ਤੋਂ ਦੂਰ ਇਕ ਨੇਕ ਸਾਦਾ ਅਤੇ ਮੁਹੱਬਤ ਦੀ ਜ਼ਿੰਦਗੀ ਦੇ ਹਾਮੀ ਸਨ। ਕਿੱਸਾ ਸੈਲਫ਼ ਮਲੂਕ ਦੇ ਕਰਤਾ ਮੀਆਂ ਮੁਹੰਮਦ ਬਖਸ਼ ਇਨ੍ਹਾਂ ਬਾਰੇ ਲਿਖਦੇ ਹਨ :

ਫ਼ਰਦ ਫ਼ਕੀਰ ਹੋਇਆ ਕੋਈ ਖਾਸਾ, ਮਰਦ ਸਫ਼ਾਈ ਵਾਲਾ।
ਫਿਕਾਅ ਅੰਦਰ ਵੀ ਚੁਸਤ ਸੁਖਨ ਹੈ, ਇਸ਼ਕ ਅੰਦਰ ਖੁਸ਼ਹਾਲਾ।
ਬਾਬ ਓ ਬਾਬ ਫ਼ਕਰ ਦੇ ਅੰਦਰ ਵੜਿਆ ਨਾਲ ਸੰਭਾਲ।
ਬੈਂਤ ਤਰਾਜੂ ਤੌਲ ਬਣਾਇਆ ਮਸਲੇ ਦਸਿਉਸੁ ਨਾਲੇ।

ਫ਼ਰਦ ਦੇ ਜੀਵਨ ਬਾਰੇ ਲਿਖਤੀ ਜਾਂ ਮੌਖਿਕ ਤੱਥ ਨਹੀਂ ਮਿਲਦੇ। ਉਸ ਦੀਆਂ ਪਰੰਪਰਾਵਾਂ ਗੁਜਰਾਤ ਜ਼ਿਲ੍ਹੇ (ਪਾਕਿਸਤਾਨ) ਨਾਲ ਜੁੜੀਆਂ ਹਨ। ਉਹ ਗੁਜਰਾਤ ਦੇ ਕਿਸੇ ਪਿੰਡ ਦਾ 1720 ਦਾ ਜੰਮਪਲ ਹੈ। ਗੁਜਰਾਤ ਜਿੱਥੇ ਦਫ਼ਤਰੀ ਪ੍ਰਸ਼ਾਸਨਿਕ ਤੌਰ 'ਤੇ ਪ੍ਰਸਿੱਧ ਹੈ, ਉੱਥੇ ਇਸ ਦਾ ਸਿੱਖ ਧਰਮ ਨਾਲ ਨੇੜੇ ਦਾ ਸਬੰਧ ਹੈ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਮੁੜੇ ਤਾਂ ਏਸੇ ਸ਼ਹਿਰ ਵਿਚ ਬਿਰਾਜਮਾਨ ਹੋਏ। ਆਪ ਜੀ ਦੀ ਯਾਦ ਵਿਚ ਕਾਬਲੀ ਦਰਵਾਜੇ ਇਕ ਗੁਰਦੁਆਰਾ ਹੈ। ਸਿੱਖ ਫੌਜ ਅਤੇ ਅੰਗਰੇਜ਼ਾਂ ਦੀ ਆਖਰੀ ਜੰਗ 21 ਫਰਵਰੀ 1849 ਨੂੰ ਗੁਜਰਾਮ ਵਿਖੇ ਹੋਈ। ਫਰਦ ਆਪਣੀਆਂ ਰਚਨਾਵਾਂ ਰਾਹੀਂ ਆਪਣੀ ਜਾਣਕਾਰੀ ਦੇਂਦਾ ਹੈ। ਆਪਣੇ ਕਾਵਿ ਕਾਸਬ-ਨਾਮਾ ਵਿਚ ਲਿਖਦਾ ਹੈ :-

ਯਾਰਾਂ ਸੈ ਤਰ੍ਹੇਸਠ ਬਰਸਾ ਸੰਨ ਨਬੀ ਦਾ ਆਇਆ।
ਇਹ ਰਸਾਲਾ ਕਾਮਿਲ ਹੋਯਾ ਹੁਕਮ ਧੁਰਾਹੋਂ ਪਾਇਆ।

ਭਾਵ ਪੈਗੰਬਰ ਦੇ ਯੁੱਗ ਦੇ ਗਿਆਰਾਂ ਸੌ ਅਤੇ ਸਠਵੇਂ ਸਾਲ ਹੈ ਆਉਣਾ ਅਤੇ ਇਹ ਕਿਤਾਬ ਉਸ ਕ੍ਰਮ ਅਨੁਸਾਰ ਮੁਕੰਮਲ ਹੈ ਜੀ। ਇਸ ਤੋਂ ਪਤਾ ਲਗਦਾ ਹੈ ਕਿ ਜਦੋਂ ਉਸ ਨੇ ਏ.ਐਚ. 1163(1751) ਵਿਚ ਕਿਤਾਬ ਖਤਮ ਕੀਤੀ, ਉਸ ਵੇਲੇ ਉਸ ਦੀ ਉਮਰ 30-40 ਸਾਲ ਦੀ ਹੋਵੇਗੀ, ਕਿਉਂਕਿ ਉਸ ਨੇ ਆਪਣੇ ਜੁਲਾਹੇ ਚੇਲੇ ਦੇ ਕਹਿਣ ਤੇ ਕਾਸਬ-ਨਾਮਾ ਲਿਖਿਆ ਹੈ। ਲੰਮੇ ਅਧਿਐਨ ਤੋਂ ਬਾਅਦ ਉਸ ਉਮਰ ਵਿਚ ਆਪਣੇ ਚੇਲੇ ਬਣਾਉਣ ਦੇ ਯੋਗ ਹੋਇਆ ਹੋਵੇਗਾ। ਇਸ ਲਈ ਉਸ ਨੇ ਫ਼ਕੀਰੀ ਦਾ ਪ੍ਰਚਾਰ ਉਸ ਉਮਰ ਵਿਚ ਕੀਤਾ ਹੈ। ਡਾ. ਲਾਜਵੰਤੀ ਜੀ ਨੇ ਫ਼ਰਦ ਦਾ ਸਮਾਂ 1720-1790 ਮੰਨ ਲਿਆ ਹੈ।

ਉਸ ਦੀਆਂ ਰਚਨਾਵਾਂ ਵਿਚ ਬਾਰਾਂ ਮਾਹ, ਸੀਹਰਫ਼ੀ ਕਸਬ-ਨਾਮਾ, ਬਫ਼ਿੰਦਗਾ ਦਰਿਆ-ਏ-ਪਾਰਵਤੀ ਇਕ ਹੋਰ ਚਰਨਾ, ਰੋਸ਼ਨ ਦਿਲ ਇਸ ਦੀ ਆਖੀ ਜਾਂਦੀ ਹੈ, ਪਰ ਕਈ ਵਿਦਵਾਨ ਇਸ ਨੂੰ ਮੌਲਵੀ ਅਬਦ ਅਲਾ ਦੀ ਰਚਨਾ ਮੰਨਦੇ ਹਨ।

ਉਹ ਆਪਣੀਆਂ ਰਚਨਾਵਾਂ ਵਿਚ ਬੁਰਾਈ ਤੋਂ ਬਚ ਕੇ ਜੀਵਨ ਸੰਵਾਰਨ ਦਾ ਹੋਕਾ ਦਿੰਦਾ ਹੈ ਕਿ ਪਾਪਾਂ ਦਾ ਹਿਸਾਬ ਰੱਬ ਮੰਗੇਗਾ ਤਦ ਮਨੁੱਖ ਪਛਤਾਏਗਾ।

ਆਖਿਰ ਰੋਸ਼ਨ ਜਾਰ ਜਾਰ ਹੋ ਸਨ ਮੰਦੇ ਹਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜਲ ਜਲਾਲ।

ਰੱਬ ਨੂੰ ਰਾਜ਼ੀ ਕਰਨ ਦੀ ਯੁਗਤ ਦਸਦਾ ਹੈ ਕਿ ਪੰਜ ਵਖਤ ਨਮਾਜ ਪੜ੍ਹ, ਰੋਜ਼ੇ ਰੱਖ, ਮੱਕੇ ਦੇ ਹੱਜ ਜਾਂ ਧਰਮ ਵਿਚ ਪੱਕਾ ਹੈ।

ਰੇ ਰਾਜ਼ੀ ਕਰ ਤੂੰ ਰੱਬ ਰੋਜ਼ਾ ਹਜ਼ ਜਕਾਤ,
ਕਲਮਾਂ ਤਈਆਬ ਆਖਣਾ ਪੰਜ ਵਕਤ ਸਲਾਤ,
ਕਰਨੀ ਤਰਕ ਹਰਾਮ ਥੀ ਖਾਵਣ ਢੂੰਡ ਹਲਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਿਰ ਜਲ ਜਲਾਲ।

ਡਾ. ਲਾਜਵੰਤੀ ਫ਼ਰਦ ਫ਼ਕੀਰ ਦੀ ਕਾਵਿ ਪ੍ਰਤਿਭਾ ਬਾਰੇ ਉੱਚ ਵਿਚਾਰ ਨਹੀਂ ਰੱਖਦੇ। ਉਹ ਦੀ ਕੱਟੜਤਾ ਉਸ ਦੇ ਸੂਫ਼ੀ ਹੋਣ ਦੇ ਨਾਮ ਤੇ ਵੱਟਾ ਹੈ, ਜਦ ਉਹ ਹਿੰਦੂਆਂ ਨੂੰ ਨਿੰਦਦਾ ਹੈ।

ਲਾਮ ਲਾਮੋ ਲਾਹਨਤ ਕਾਫ਼ਰਾਂ ਹੋਰ ਕਰਾੜਾ ਦੇਹ।

ਰਾਮ ਕ੍ਰਿਸ਼ਨ ਅਵਤਾਰ ਤੇ ਵਿਅੰਗ ਕਸਦਾ ਹੈ :

ਜਿਹੜੇ ਇਸ਼ਮ ਖੁਦਾਇ ਦੇ ਲਿਖੇ ਅੰਦਰ ਨਸ
ਉਹੇ ਨਾ ਭੁਲਾਵਨਾ ਰਾਮ ਕ੍ਰਿਸਨ ਸਿਰ ਭੱਸ।

ਉਹ ਹਿੰਦੂਆਂ ਨੂੰ ਨਸੀਹਤ ਦੇਂਦਾ ਹੈ ਕਿ ਬਾਕੀ ਸਾਰੇ ਝੂਠੇ ਰਾਹ ਛੱਡ ਕੇ ਇਸਲਾਮ ਕਬੂਲ ਕਰ ਲਵੋ।

ਮਨ ਮੁਹੰਮਦ ਮੁਸਤਫ਼ਾ ਲੰਘੀ ਪਹਿਲੇ ਪੂਰ।
ਚਹੁੰਆਂ ਯਾਰਾਂ ਦੀ ਦੋਸਤੀ ਮੰਨ ਨਬੀ ਦੀ ਆਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜਲ ਜਲਾਲ।

ਜੇਕਰ ਤੂੰ ਭਵਸਾਗਰ ਨੂੰ ਪਾਰ ਕਰਨਾ ਹੈ ਤਾਂ ਮੁਹੰਮਦ ਦੇ ਰਾਹ ਤੇ ਆ ਜਾ ਨਹੀਂ ਤਾਂ ਉਹ ਤੇਰੇ ਪਾਪਾਂ ਦਾ ਹਿਸਾਬ ਕਰੇਗਾ। ਤੈਨੂੰ ਨਰਕ ਵਿਚ ਸੁੱਟ ਦੇਵੇਗਾ।

ਉਹ ਸ਼ਰੀਅਤ ਦੇ ਚਾਰ ਪੜ੍ਹਾਵਾਂ ਨੂੰ ਪਛਾਣਦਾ ਹੈ। 1. ਸ਼ਰੀਅਤ, 2. ਤਰੀਕਤ, 3. ਹਕੀਕਤ, 4. ਮਾਰਫ਼ਤ

ਅਵਲ ਕਾਸਿਬ ਵਿਚ ਸ਼ਰਾ ਦੇ ਖੱਡੀ ਕਦਮ ਟਿਕਾਏ।
ਰਾਹ ਤਰੀਕ ਕਸਬ ਦਾ ਜਾਣੇ, ਤਾਂ ਹੱਥ ਪਾਏ।
ਚਸ਼ਮ ਹਕੀਕਤ ਦੇ ਵਲ ਰੱਖ ਕੇ, ਟੁਰੇ ਨਾ ਉਲਟੀ ਚਾਲ।
ਨਾ ਮਾਰਫ਼ਤ ਦਿਲ ਨੂੰ ਧੋ ਕੇ ਹੋਵੇ ਜਾਨ ਸੁਖਾਲ਼।

ਸਭ ਤੋਂ ਪਹਿਲਾਂ ਤੂੰ ਸ਼ਰਾ ਦੇ ਰਾਹ ਤੇ ਪੱਕੇ ਪੈਰੀਂ ਚੱਲ। ਸੂਫ਼ੀ ਦਾ ਰਾਹ ਚੰਗੀ ਤਰ੍ਹਾਂ ਜਾਣ ਕਿ ਤੀਸਰੇ ਪੜ੍ਹਾਅ ਤੇ ਮਨ ਨੂੰ ਕਾਬੂ ਰੱਖ, ਹੱਕ ਤੇ ਰਹਿ। ਆਪਣਾ ਮਨ ਸਾਫ ਕਰਕੇ ਚੌਥੇ ਪੜ੍ਹਾਅ ਮਾਰਫ਼ਤ ਵੱਲ ਜਾਹ, ਜਿੱਥੇ ਤੈਨੂੰ ਮੁਕਤੀ ਮਿਲੇਗੀ। ਤੇਰੀ ਯੋਗਤਾ ਭਰੋਸੇ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਰੁੱਖੇਪਣ ਦੀ ਹੋਵੇ।

ਲਾਮ ਲੱਖਾਂ ਪੜਦੇ ਆਦਮੀ ਡੰਗਰਾਂ ਵਾਂਗ ਕੁਰਾਨ।
ਪਾਵਣ ਕਿਉਂ ਹਰਾਮ ਨੂੰ ਹੱਕ ਪਰਾਇਆ ਜਾਣ।
ਤਸਬੀਰ ਖਿਰਕਾਂ ਮੁਕਰਰ ਦਾ ਅੱਗੇ ਅੰਦਰ ਜਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਉਹ ਦੁਨਿਆਵੀ ਸੁੱਖਾਂ ਦੀ ਨਿੰਦਾ ਕਰਦਾ ਹੈ। ਅਸਥਿਰ ਅਤੇ ਵਿਅਰਥ ਨੂੰ ਤਿਆਗ ਦੇਣ ਦੀ ਸਲਾਹ ਦੇਂਦਾ ਹੈ। ਸੰਸਾਰ ਵਿਚ ਚੰਗੇ ਕੰਮ ਕਰਨ ਦੀ ਸਲਾਹ ਦਿੰਦਾ ਹੈ।

ਅਫ਼ਲ ਅਲਾ ਬਿਨ ਗਾਫ਼ਲਾ ਫਿਰਿਓਂ ਸਾਰਾ ਜੱਗ।
ਰਾਹ ਭੁਲਾਇ ਉਈ ਹੱਕ ਦਾ ਦੁਨੀਆ ਪਿੱਛੇ ਲੱਗ।
ਦੁਨੀਆ ਕੌਡੀ ਚਾਰ ਦਿਨ ਰਾਹ ਸ਼ਰਾ ਦਾ ਭਾਲ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਤੂੰ ਦੁਲੀਆ ਵਿਚ ਉਦੇਸ਼ ਰਹਿਤ ਭਟਕਦਾ ਹੈ। ਸੰਸਾਰੀ ਲੋਕਾਂ ਦੇ ਪਿੱਛੇ ਲਗ ਕੇ ਰੱਬ ਦਾ ਨਾਮ ਭੁਲ ਗਿਆ ਹੈ। ਸੰਸਾਰ ਦੇ ਸੁੱਖ ਅਸਥਾਈ ਹਨ ਅਤੇ ਭਰਮਪੂਰਨ ਹਨ। ਤੂੰ ਸ਼ਰਾ ਦੇ ਰਾਹ ਚੱਲ, ਤੇਰੇ ਕੰਮਾਂ ਦਾ ਹਿਸਾਬ ਰੱਬ ਲਵੇਗਾ। ਵੈਸ਼ਨਵਾਦ ਅਧੀਨ ਪਤਨੀ ਭਗਤੀ ਦਾ ਪ੍ਰਭਾਵ ਦੱਸਿਆ ਹੈ। ਜੋ ਬਾਰਾਮਾਹ ਵਿਚ ਲਿਖਿਆ ਹੈ। ਪਰ ਚਰਨਾ ਦਰਿਆਈ ਮਾਰਫ਼ਤ ਵਿਚ ਉਲਟ ਲਿਖਿਆ ਹੈ ਕਿ ਉਹ ਇਸ਼ਕ ਮਿਜਾਜੀ ਨੂੰ ਇਕ ਪਾਪ ਸਮਝਦਾ ਹੈ। ਲਿਖਦਾ ਹੈ:

ਕਰ ਤੋਬਾ ਇਸ਼ਕ ਮਿਜਾਜ਼ ਥੀਨ।
ਪੜ੍ਹ ਸਬ ਹਕਾਨੀ ਰਾਜ਼ ਥੀਨ।

ਆਪਣੇ ਪਿਆਰ ਨੂੰ ਤਿਆਗਣ ਲਈ ਸੁਚੇਤ ਹੋ ਕੇ ਸੰਕਲਪ ਕਰੋ। ਸ਼ਾਨਦਾਰ ਸੁੰਦਰਤਾ ਅਤੇ ਆਪਣੇ ਅਤੀਤ ਤੋਂ ਤੋਬਾ ਕਰੋ। ਆਚਰਣ ਸ਼ੁਧ ਕਰਨ ਦੇ ਸੱਚੇ ਭੇਦ ਨੂੰ ਜਾਣੋ।

ਬਾਰਾਮਾਹ ਵਿਚ ਇਸ ਦਾ ਖੰਡਨ ਕਰਦਾ ਹੈ ਅਤੇ ਜੁਲੇਖਾਂ ਨੂੰ ਯੂਸਫ਼ ਨਾਲ ਆਦਰਸ਼ ਪ੍ਰੇਮੀ ਵਜੋਂ ਸਵੀਕਾਰ ਕਰਦਾ ਹੈ।

ਮੈਂ ਵਾਂਗ ਜੁਲੇਖਾਂ ਪੁੱਛਦੀ।
ਗਲ ਯੂਸਫ ਮਿਸਰ ਬਾਜ਼ਾਰ ਦੀ।

ਮੈਂ ਉਸੇ ਪ੍ਰਮਾਤਮਾ ਬਾਰੇ ਪੁੱਛਦਾ ਹਾਂ ਜਿਵੇਂ ਜੁਲੇਖਾਂ ਨੇ ਯੂਸਫ ਬਾਰੇ ਮਿਸਰ ਦੇ ਬਾਜ਼ਾਰ ਵਿਚ ਪੁੱਛਿਆ ਹੈ। ਬਾਰਾਮਾਹ ਵਿਚ ਉਹ ਔਰਤ ਦਾ ਬਰਾਬਰ ਦਾ ਸ਼ੁਧਤਾ ਦਾ ਦਰਜਾ ਦੱਸਦਾ ਹੈ।

ਭਾਵੇਂ ਉਹ ਇਕ ਸੂਫ਼ੀ ਕਿਹਾ ਜਾਂਦਾ ਹੈ ਪਰ ਜਿਹੜੇ ਸੂਫ਼ੀ ਆਪਣੇ ਮਤ ਵਿਚ ਸੱਚੇ ਨਹੀਂ ਹਨ ਦਾ ਪ੍ਰਚਾਰ ਕਰਦਾ ਹੈ ਕਿ :

(ਬਾਕੀ ਸਫ਼ਾ 30 'ਤੇ)



# ਭਾਰਤ ਦੀ ਆਰਥਿਕਤਾ ਨੂੰ ਮਹਾਂਮੰਦੀ ਦੇ ਦੌਰ ਵਿਚੋਂ ਕੱਢਣਾ ਮੋਦੀ ਸਰਕਾਰ ਲਈ ਵੱਡੀ ਚੁਣੌਤੀ

ਖੁਸ਼ਵਿੰਦਰ ਸਿੰਘ ਸੂਰੀਆ

ਦੁਨੀਆ ਭਰ ਵਿਚ ਇਕ ਵਾਰ ਫਿਰ 2008 ਵਰਗੀ ਆਰਥਿਕ ਮਹਾਂਮੰਦੀ ਆਉਣ ਦੀਆਂ ਅਟਕਲਾਂ ਤੇਜ਼ ਹੋ ਰਹੀਆਂ ਹਨ, ਜਿਸ ਦੇ 2023 ਵਿਚ ਸੰਸਾਰ ਭਰ ਨੂੰ ਚੰਗੀ ਤਰ੍ਹਾਂ ਆਪਣੀ ਲਪੇਟ ਵਿਚ ਲੈ ਲੈਣ ਦੇ ਅੰਦਾਜ਼ੇ ਹਨ। ਆਰਥਿਕ ਮਾਹਿਰਾਂ ਤੇ ਅੰਤਰਰਾਸ਼ਟਰੀ ਆਰਥਿਕ ਸੰਸਥਾਵਾਂ ਜੋ ਸੰਸਾਰ ਭਰ ਦੀ ਆਰਥਿਕਤਾ ਦਾ ਵਿਸ਼ਲੇਸ਼ਣ ਕਰਦੀਆਂ ਹਨ, ਇਸ ਮੰਦੀ ਬਾਰੇ ਸਮੇਂ-ਸਮੇਂ 'ਤੇ ਗੰਭੀਰ ਚਿਤਾਵਨੀਆਂ ਜਾਰੀ ਕਰ ਰਹੀਆਂ ਹਨ। ਇਸ ਦੇ ਚੱਲਦਿਆਂ ਪਿਛਲੇ ਦਿਨੀਂ ਚਿਤਾਵਨੀ ਦਿੰਦੇ ਹੋਏ ਆਈ.ਐਮ.ਐਫ. ਨੇ ਭਾਰਤ ਦੀ ਵਿਕਾਸ ਦਰ ਨੂੰ 7.4 ਫ਼ੀਸਦੀ ਤੋਂ ਘਟਾ ਕੇ 6.8 ਫ਼ੀਸਦੀ ਕਰ ਦਿੱਤਾ ਸੀ। ਆਈ.ਐਮ.ਐਫ 'ਤੇ ਵਿਸ਼ਵ ਬੈਂਕ ਦੀ ਇਕ ਇਹ ਵੀ ਦਲੀਲ ਹੈ ਕਿ ਭਾਵੇਂ ਭਾਰਤ ਦੀ ਦਰਜਾਬੰਦੀ ਵਿਚ ਗਿਰਾਵਟ ਆਈ ਹੈ ਪਰ ਫਿਰ ਵੀ ਅੱਜ ਦੇ ਯੁੱਧ ਅਤੇ ਮੰਦੀ ਦੇ ਦੌਰ ਵਿਚ ਜਦੋਂ ਸਮੁੱਚੇ ਸੰਸਾਰ ਦੀ ਵਾਧਾ ਦਰ 3.2 ਪ੍ਰਤੀਸ਼ਤ ਹੈ, ਅਜਿਹੇ ਵਿਚ ਭਾਰਤ ਦੀ 6.8 ਪ੍ਰਤੀਸ਼ਤ ਵਾਧਾ ਦਰ ਸੰਸਾਰ ਨੂੰ ਇਕ ਬਾਜ਼ਾਰ ਦੇ ਤੌਰ ਤੇ ਆਕ੍ਰਸ਼ਿਤ ਕਰੇਗੀ। ਕੇਂਦਰ ਦੀ ਭਾਜਪਾ ਸਰਕਾਰ ਨੇ ਇਸ ਤੱਥ ਦਾ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਵੇਖੋ ਜਦੋਂ ਪੂਰੀ ਦੁਨੀਆ ਵਿਚ ਬੁਰਾ ਹਾਲ ਹੈ ਤਾਂ ਭਾਰਤ ਹਾਲੇ ਵੀ ਅੱਗੇ ਵੱਧ ਰਿਹਾ ਹੈ। ਇੰਝ ਮਹਿਸੂਸ ਕਰਵਾਉਣ ਦੀ ਕੋਸ਼ਿਸ਼ ਹੈ ਕਿ ਵੇਖੋ ਅੱਛੇ ਦਿਨ ਹਾਲੇ ਵੀ ਆਉਣਗੇ। ਅੱਜ ਜਦੋਂ ਦੁਨੀਆ ਭਰ ਦੀਆਂ ਵੱਡੀਆਂ ਆਰਥਿਕਤਾਵਾਂ ਕੋਰੋਨਾ ਦੀ ਮਾਰ ਮਗਰੋਂ ਹੁਣ ਰੂਸ-ਯੂਕਰੇਨ ਯੁੱਧ ਦੇ ਮਾੜੇ ਪ੍ਰਭਾਵਾਂ 'ਤੇ ਅੱਗੇ ਆ ਰਹੀ ਆਰਥਿਕ ਮੰਦੀ ਕਾਰਨ ਆਪਣੀ ਆਰਥਿਕਤਾ ਨੂੰ ਬਚਾਉਣ ਲਈ ਜੱਦੋ-ਜਹਿਦ ਕਰ ਰਹੀਆਂ ਹਨ, ਤਾਂ ਅਜਿਹੇ ਸਮੇਂ ਭਾਰਤ ਵਰਗਾ ਵਿਕਾਸਸ਼ੀਲ ਦੇਸ਼ ਜਿਸ ਦੀ ਬਾਹਰਲੇ ਮੁਲਕਾਂ ਨੂੰ ਬਰਾਮਦ ਲਗਾਤਾਰ ਘਟੀ ਹੈ, 'ਤੇ ਜਿਥੇ ਆਮ ਲੋਕ ਤੇ ਕਿਸਾਨ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਹੀ ਸੰਘਰਸ਼ ਕਰ ਰਹੇ ਹਨ, ਜਿਥੇ ਕਾਰਖ਼ਾਨੇ ਤੇ ਹੋਰ ਉਤਪਾਦਕ ਇਕਾਈਆਂ ਲਗਾਤਾਰ ਬੰਦ ਹੋਈਆਂ ਹਨ ਜਾਂ ਦੀਵਾਲੀਆ ਹੋ ਗਈਆਂ, ਬੈਂਕਾਂ ਦੇ ਕਰੋੜਾਂ ਰੁਪਏ ਕਰਜ਼ਦਾਰਾਂ ਵਲੋਂ ਵਾਪਸ ਨਾ ਕਰਨ ਸਦਕਾ ਡੁੱਬ ਗਏ, ਰੁਪਈਆ ਰਿਕਾਰਡਤੋੜ ਗਿਰਾਵਟ 'ਤੇ ਹੈ ਪਰ ਹੈਰਾਨੀ ਹੁੰਦੀ ਹੈ ਕਿ ਫਿਰ ਭਾਰਤ ਕਿਸ ਗੱਲ ਵਿਚ ਅਜਿਹੀ ਤਰੱਕੀ ਕਰ ਗਿਆ, ਜੋ ਕਿਤੇ ਦਿਖਾਈ ਤਾਂ ਨਹੀ ਦਿੰਦੀ ਬਸ ਕੇਂਦਰ ਸਰਕਾਰ ਦੇ ਦਾਅਵਿਆਂ ਵਿਚ ਹੀ ਸੁਣਾਈ ਦਿੰਦੀ ਹੈ। ਇਕ ਪਾਸੇ ਭਾਰਤ ਵਿਚ ਅੱਤ ਦੀ ਗਰੀਬੀ ਤੇ ਬੇਰੁਜ਼ਗਾਰੀ ਵੱਧ ਰਹੀ ਹੈ ਤੇ ਦੂਜੇ ਪਾਸੇ ਇਹ ਅੰਕੜੇ ਦਿਖਾਏ ਜਾ ਰਹੇ ਹਨ ਕਿ ਭਾਰਤ ਤਾਂ ਸਾਰੇ ਦੇਸ਼ਾਂ ਨਾਲੋਂ ਬਿਹਤਰ ਵਾਧਾ ਦਰ ਵਿਚ ਹੈ, ਅਸਲ ਸੱਚਾਈ ਕੀ ਹੈ ?

ਦਰਅਸਲ ਇਹ ਸਿਰਫ ਅੰਕੜਿਆਂ ਦੀ ਬਾਜ਼ੀਗਰੀ ਦਾ ਕਮਾਲ ਹੈ, ਜੋ ਕੇਂਦਰ ਦੀ ਭਾਜਪਾ ਸਰਕਾਰ ਕਰ ਰਹੀ ਹੈ। ਇਹ ਇਕ ਅਧੂਰਾ ਸੱਚ ਹੈ ਜੋ ਜਨਤਾ ਨੂੰ ਸੁਹਾਵਣੇ ਸੁਪਨੇ ਹਾਲੇ ਵੀ ਵਿਖਾ ਰਿਹਾ ਹੈ, ਜਦੋਂ ਕਿ ਆਰਥਿਕ ਮੰਦਵਾੜਾ ਦੁਨੀਆ ਦੀਆਂ ਅਹਿਮ ਆਰਥਿਕਤਾਵਾਂ ਨੂੰ ਆਪਣੀ ਜਕੜ ਵਿਚ ਲੈਣਾ ਸ਼ੁਰੂ ਕਰ ਚੁੱਕਾ ਹੈ। ਭਾਰਤ ਦੀ ਜੋ ਵਿਕਾਸ ਦਰ ਅੰਤਰਰਾਸ਼ਟਰੀ ਪੱਧਰ 'ਤੇ ਆਕਰਸ਼ਣ ਪੈਦਾ ਕਰਦੀ ਹੈ, ਉਹ ਦਰਅਸਲ ਭਾਰਤ ਦੀ ਅਸਲ ਆਰਥਿਕ ਤਸਵੀਰ ਪੇਸ਼ ਨਹੀਂ ਕਰਦੀ। ਆਈ.ਐਮ.ਐਫ. ਹੋਵੇ ਜਾਂ ਵਿਸ਼ਵ ਬੈਂਕ ਉਨ੍ਹਾਂ ਅੱਗੇ ਸਰਕਾਰ ਜੋ ਅੰਕੜੇ ਰੱਖੇਗੀ, ਚਿੰਤਨ ਮੰਥਨ ਉਸੇ 'ਤੇ ਹੋਵੇਗਾ। ਭਾਰਤ ਦੀ ਅਰਥ-ਵਿਵਸਥਾ ਵਿਚ ਹਰ ਤਿਮਾਹੀ ਵਿਚ ਜੋ ਵਿਕਾਸ ਦਰ ਨਜ਼ਰ ਆਉਂਦੀ ਹੈ ਉਸੇ ਦੇ ਆਧਾਰ 'ਤੇ ਸਮੁੱਚਾ ਆਰਥਿਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਭਾਰਤ ਸਰਕਾਰ ਜੋ ਦੇਸ਼ ਦੇ ਆਰਥਿਕ ਵਿਕਾਸ ਦੇ ਤਿਮਾਹੀ ਅੰਕੜੇ ਪੇਸ਼ ਕਰਦੀ ਹੈ, ਉਸ ਨੂੰ ਕੱਢਣ ਵੇਲੇ ਇਸ ਖਾਂਚੇ ਵਿਚ ਜਿਸ ਉਪਭੋਗਤਾ ਵਰਗ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਉਸ ਵਿਚ ਕਾਰਪੋਰੇਟਸ, ਇੰਡਸਟਰੀਲਿਸਟਸ, ਅਫ਼ਸਰਸ਼ਾਹੀ ਤੇ ਸੰਗਠਿਤ ਖੇਤਰ, ਜਿਸ ਵਿਚ ਕੰਮ ਕਰਨ ਵਾਲਿਆਂ ਨੂੰ ਰੁਜ਼ਗਾਰ, ਆਮਦਨ ਤੇ ਸਿਹਤ ਸੁਰੱਖਿਆ ਦੀ ਗਾਰੰਟੀ ਤੇ ਮਹਿੰਗਾਈ ਭੱਤੇ ਵੀ ਮਿਲਦੇ ਹਨ, ਨੂੰ ਸ਼ਾਮਿਲ ਕਰਦੀ ਹੈ, ਜਿਸ ਦੀ ਦੇਸ਼ ਵਿਚ ਗਿਣਤੀ ਕੇਵਲ 10 ਪ੍ਰਤੀਸ਼ਤ ਹੈ, ਜਦੋਂ ਕਿ ਬਾਕੀ ਦੀ ਵੱਡੀ ਅਬਾਦੀ ਜੋ ਅਸੰਗਠਿਤ ਖੇਤਰ ਨਾਲ ਜੁੜੀ ਹੈ, ਜਿਸ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਨਾ ਰੁਜ਼ਗਾਰ ਦੀ ਗਾਰੰਟੀ ਹੈ, ਨਾ ਬੱਝਵੀ ਆਮਦਨ, ਨਾ ਕੋਈ ਹੋਰ ਸਿਹਤ ਜਾਂ ਸਮਾਜਿਕ ਸੁਰੱਖਿਆ ਹੈ, ਜਿਨ੍ਹਾਂ ਦੀ ਗਿਣਤੀ 85 ਤੋਂ 90 ਫ਼ੀਸਦੀ ਹੈ, ਨੂੰ ਤਾਂ ਇਸ ਖਾਂਚੇ ਤੋਂ ਬਾਹਰ ਹੀ ਰੱਖਿਆ ਜਾਂਦਾ ਹੈ। ਜੇਕਰ ਖੇਤੀ ਸੈਕਟਰ ਨੂੰ ਵੀ ਇਸ ਵਿਚ ਜੋੜ ਦਿੱਤਾ ਜਾਵੇ ਤਾਂ ਇਹ ਅਬਾਦੀ 94 ਫ਼ੀਸਦੀ ਦੇ ਲਗਭਗ ਹੋ ਜਾਵੇਗੀ। ਇਹ ਵਿਕਾਸ ਦੇ ਅੰਕੜੇ ਜਾਰੀ ਕਰਨ ਵੇਲੇ ਇਨ੍ਹਾਂ ਦੀ ਹਾਲਤ ਦਾ ਕਿਤੇ ਜ਼ਿਕਰ ਨਹੀਂ ਕੀਤਾ ਜਾਂਦਾ।

ਇਹ ਭਾਰਤ ਦਾ ਉਹ ਵਰਗ ਹੈ, ਜੋ ਆਰਥਿਕ, ਸਮਾਜਿਕ ਸਮੱਸਿਆਵਾਂ ਤੇ ਮੁਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਹਿੰਗਾਈ ਨਾਲ ਹਰ ਰੋਜ਼ ਸੰਘਰਸ਼ ਕਰਦਾ ਹੈ। ਜਦੋਂ ਐਨੇ ਵੱਡੇ ਵਰਗ ਦੀ ਆਰਥਿਕ ਸਥਿਤੀ ਨੂੰ ਅੰਕੜੇ ਪੇਸ਼ ਕਰਨ ਵੇਲੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਤਾਂ ਆਪੇ ਹੀ ਭਾਰਤ ਦੀ ਵਿਕਾਸ ਦਰ ਦੁਨੀਆ ਨੂੰ ਪ੍ਰਭਾਵਸ਼ਾਲੀ ਦਿਖੇਗੀ। ਸਪੱਸ਼ਟ ਹੈ ਕਿ ਸਰਕਾਰ ਸਹੀ ਅੰਕੜਿਆਂ ਨੂੰ ਛੁਪਾ ਕੇ ਤੇ ਅੰਕੜਿਆਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ, ਤਾਂ ਜੋ ਰਾਜਨੀਤਕ ਮਨੋਰਥ ਪੂਰੇ ਕੀਤੇ ਜਾ ਸਕਣ। ਜੇਕਰ ਦੇਸ਼ ਦੇ ਵਿਕਾਸ ਦਰ ਦੀ ਪਰਿਭਾਸ਼ਾ ਵਿਚ ਅਸੰਗਠਿਤ ਖੇਤਰ ਤੇ ਖੇਤੀ ਸੈਕਟਰ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਵਿਕਾਸ ਦਰ ਝੱਟ 6.8 ਫ਼ੀਸਦੀ ਤੋਂ ਸਿਫਰ ਭਾਵ ਜ਼ੀਰੋ 'ਤੇ ਆ ਡਿੱਗੇਗੀ ਅਤੇ ਸੰਭਵ ਹੈ, ਇਸ ਤੋਂ ਵੀ ਹੇਠਾਂ ਮਨਫੀ ਵਿਚ ਹੀ ਚੱਲੀ ਜਾਵੇ।

ਭਾਰਤ ਦੀ ਤਰੱਕੀ ਦੇ ਜੋ ਦਾਅਵੇ ਮੋਦੀ ਸਰਕਾਰ ਕਰ ਰਹੀ ਹੈ, ਉਹ ਦਰਅਸਲ ਖੋਖਲੇ ਹਨ ਤੇ ਇਕ ਭੁਲੇਖਾ ਪਾਉਣ ਦਾ ਯਤਨ ਹੈ। ਜੋ ਅੰਕੜੇ ਭਾਰਤ ਦਾ ਵਿਕਾਸ ਵਿਖਾਉਂਦੇ ਹਨ, ਦਰਅਸਲ ਉਹ ਵਿਕਾਸ ਪੂਰੇ ਭਾਰਤ ਦਾ ਨਹੀਂ, ਬਲਕਿ ਮੁੱਠੀ ਭਰ ਸਰਮਾਏਦਾਰਾਂ ਦਾ ਹੀ ਹੈ। ਪਿਛਲੇ ਇਕ ਸਾਲ ਵਿਚ ਹੀ ਅਡਾਨੀ ਦੀ ਸੰਪਤੀ 116 ਫ਼ੀਸਦੀ ਵੱਧ ਗਈ ਹੈ ਤੇ ਪਿਛਲੇ ਪੰਜ ਸਾਲਾਂ ਨੂੰ ਵੇਖੀਏ ਤਾਂ ਅਡਾਨੀ ਦੀ ਸੰਪਤੀ 1440 ਫ਼ੀਸਦੀ ਵਧੀ ਹੈ ਪਰ ਜੇਕਰ ਸਮੁੱਚੇ ਭਾਰਤ ਦੀ ਆਰਥਿਕਤਾ 'ਤੇ ਝਾਤ ਮਾਰੀਏ ਤਾਂ ਹਾਲਾਤ ਡਰਾਵਣੇ ਹਨ। ਭਾਰਤ ਪਿੰਡਾਂ ਦਾ ਦੇਸ਼ ਹੈ ਪਰ ਪੇਂਡੂ ਵਿਕਾਸ ਲਈ ਕੇਂਦਰ ਸਰਕਾਰ ਕੋਲ ਕੋਈ ਠੋਸ ਯੋਜਨਾ ਨਹੀਂ। ਕਿਸਾਨ ਇਸ ਗੱਲ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ ਕਿ ਘੱਟੋ-ਘੱਟ ਜੋ ਲਾਗਤ ਉਸ ਦੀ ਫ਼ਸਲ 'ਤੇ ਹੁੰਦੀ ਹੈ ਉਹ ਤਾਂ ਉਸ ਨੂੰ ਮਿਲੇ, ਭਾਵ ਐਮ.ਐਸ.ਪੀ. ਤਾਂ ਮਿਲੇ ਪਰ ਸਰਕਾਰ ਉਹ ਦੇਣ ਦੀ ਹਾਲਤ ਵਿਚ ਵੀ ਨਹੀਂ। ਭਾਰਤ ਭਰ ਵਿਚ ਹੀ ਉਤਪਾਦਨ ਯੂਨਿਟ ਪਿਛਲੇ ਸਮੇਂ ਤੋਂ ਲਗਾਤਾਰ ਬੰਦ ਹੋ ਰਹੇ ਹਨ ਤੇ ਭਾਰਤ ਦੀ ਬਰਾਮਦ ਬਾਹਰਲੇ ਦੇਸ਼ਾਂ ਨੂੰ ਲਗਾਤਾਰ ਘਟੀ ਹੈ ਤੇ ਦਰਾਮਦ ਵੱਧ ਗਈ ਹੈ ਪਰ ਇਸ ਮਸਲੇ ਵਿਚ ਵੀ ਸਰਕਾਰ ਮੂਕ ਦਰਸ਼ਕ ਹੀ ਬਣੀ ਹੋਈ ਹੈ। ਨੋਟਬੰਦੀ ਤੇ ਜੀ.ਐਸ.ਟੀ. ਨੂੰ ਜਿਸ ਤਰੀਕੇ ਨਾਲ ਲਾਗੂ ਕੀਤਾ ਗਿਆ ਉਸ ਨਾਲ ਛੋਟੇ ਕਾਰੋਬਾਰੀ ਤੇ ਦੁਕਾਨਦਾਰ ਵਿਹਲੇ ਹੋ ਗਏ ਤੇ ਗਾਹਕ ਬਾਜ਼ਾਰ ਵਿਚੋਂ ਗਾਇਬ ਹੋ ਗਿਆ ਪਰ ਸਰਕਾਰ, ਉਸ ਦੇ ਮਾਲੀਆ ਵਿਭਾਗ ਦੇ ਅਫ਼ਸਰ ਦਲੀਲ ਦਿੰਦੇ ਹਨ ਕਿ ਟੈਕਸ ਪਹਿਲਾਂ ਨਾਲੋਂ ਕੀਤੇ ਵੱਧ ਇਕੱਠਾ ਹੋ ਰਿਹਾ ਹੈ, ਇਸ ਲਈ ਇਹ ਸਰਕਾਰ ਦੇ ਸਹੀ ਫ਼ੈਸਲੇ ਹਨ, ਇਥੇ ਫਿਰ ਅੰਕੜਿਆਂ ਦੀ ਬਾਜ਼ੀਗਰੀ ਹੈ। ਇਹ ਜੀ.ਐਸ.ਟੀ. ਕੁਲੈਕਸ਼ਨ ਵੀ ਉਨ੍ਹਾਂ ਦਾ ਹੈ, ਜਿਨ੍ਹਾ ਦੇ ਵਿਕਾਸ ਨੂੰ ਭਾਰਤ ਦਾ ਵਿਕਾਸ ਦੱਸਿਆ ਜਾ ਰਿਹਾ ਹੈ, ਨਹੀਂ ਤਾਂ ਆਮ ਲੋਕਾਂ ਦੀ ਖਰੀਦ ਸ਼ਕਤੀ ਤਾਂ ਲਗਾਤਾਰ ਘੱਟ ਰਹੀ ਹੈ ਤੇ ਉਪਰਲਾ ਮੱਧ ਵਰਗ ਹੇਠਲੇ ਮੱਧ ਵਰਗ ਵਿਚ ਤਬਦੀਲ ਹੋਇਆ ਹੈ। ਇਹ ਸਚਾਈ ਸਰਕਾਰ ਦੇ ਅੰਕੜੇ ਨਹੀਂ ਬਲਕਿ ਜਿਊਂਦੇ ਜਾਗਦੇ ਲੋਕਾਂ ਦੀ ਜ਼ੁਬਾਨ ਤੇ ਹਾਲਾਤ ਦੱਸਦੇ ਹਨ। ਮਨਰੇਗਾ ਯੋਜਨਾ ਅਧੀਨ ਸਰਕਾਰਾਂ ਦੇ ਵਾਅਦੇ ਸਨ ਕਿ 100 ਦਿਨ ਕੰਮ ਮਿਲੇਗਾ ਪਰ ਪਿਛਲੇ 8-9 ਸਾਲਾਂ ਦੀ ਇਸ ਦੀ ਔਸਤ 27 ਦਿਨ ਹੀ ਹੈ ਤੇ ਵੱਧ ਤੋਂ ਵੱਧ 35 ਦਿਨ। ਖੇਤੀ ਦੀ ਗੱਲ ਕਰੀਏ ਤਾਂ ਗਰਮੀ ਕਾਰਨ ਕਣਕ ਤੇ ਬਾਰਿਸ਼ ਅਤੇ ਖ਼ਰਾਬ ਮੌਸਮ ਕਾਰਨ ਚੌਲ ਦਾ ਉਤਪਾਦਨ ਵੀ ਪਿਛਲੇ ਸਾਲਾਂ ਵਿਚ ਘਟਿਆ ਹੈ। ਬੇਰੁਜ਼ਗਾਰੀ ਇਸ ਕਦਰ ਵਧੀ ਹੈ, ਜਿਸ ਨੇ ਪ੍ਰਵਾਸ ਨੂੰ ਉਤਸ਼ਾਹਿਤ ਕੀਤਾ ਹੈ। ਅੱਜ ਪੰਜਾਬ ਵਰਗੇ ਰਾਜ ਵਿਚੋਂ ਤਾਂ ਬਹੁਤ ਵੱਡੇ ਪੱਧਰ 'ਤੇ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਹੋ ਰਿਹਾ ਹੈ ਤੇ ਦੇਸ਼



ਦ ੀ ਨੌਜਵਾਨ ਸ਼ਕਤੀ ਤੇ ਪੈਸਾ ਦੋਵੇਂ ਬਾਹਰ ਜਾ ਰਹੇ ਹਨ। ਭੁੱਖਮਰੀ ਵਿਚ ਭਾਰਤ ਇਕ ਸਰਵੇ ਮੁਤਾਬਿਕ 121 ਦੇਸ਼ਾਂ ਵਿਚੋਂ 107ਵੇਂ ਸਥਾਨ 'ਤੇ ਹੈ। ਜਦੋਂ ਕਿਸੇ ਤਰੀਕੇ ਨਾਲ ਆਮ ਲੋਕਾਂ ਦੀ ਜੇਬ ਵਿਚ ਪੈਸਾ ਜਾ ਹੀ ਨਹੀਂ ਰਿਹਾ ਤਾਂ ਫਿਰ ਲੋਕ ਕੁਝ ਖਰੀਦ ਸਕਣ ਦੀ ਸਥਿਤੀ ਵਿਚ ਕਿਵੇਂ ਆਉਣਗੇ ? ਮੋਦੀ ਸਰਕਾਰ ਨੂੰ ਇਹ ਤੱਥ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਦੇਸ਼ ਦੀ ਅਸਲ ਆਰਥਿਕ ਹਾਲਤ ਨੂੰ ਜ਼ਿਆਦਾ ਦੇਰ ਛੁਪਾ ਕੇ ਨਹੀਂ ਰੱਖ ਸਕਦੇ। ਭਾਰਤ ਦੁਨੀਆ ਲਈ ਇਕ ਬਾਜ਼ਾਰ ਹੈ, ਇਸੇ ਲਈ ਬਾਹਰਲੇ ਮੁਲਕ ਭਾਰਤ ਦੀ ਜੋ ਬਿਹਤਰ ਵਿਕਾਸ ਦਰ ਵਿਖਾਈ ਜਾ ਰਹੀ ਹੈ, ਨੂੰ ਵੇਖ ਕੇ ਇਸ ਵੱਡੇ ਬਾਜ਼ਾਰ ਵੱਲ ਆਕਰਸ਼ਿਤ ਹੁੰਦੇ ਹਨ ਪਰ ਜੇਕਰ ਆਮ ਭਾਰਤੀ ਲੋਕਾਂ ਦੀ ਖਰੀਦ ਸ਼ਕਤੀ ਬਹਾਲ ਹੀ ਨਾ ਹੋਈ ਤਾਂ ਇਹ ਡਰਾਮਾ ਕਿੰਨੀ ਦੇਰ ਕੰਮ ਕਰੇਗਾ ? ਭਾਰਤ ਦੀ ਕੁੱਲ ਆਰਥਿਕਤਾ ਹਾਲੇ 2.7 ਟ੍ਰਿਲਿਅਨ ਡਾਲਰ ਭਾਵ 3 ਟ੍ਰਿਲਿਅਨ ਡਾਲਰ ਤੋਂ ਵੀ ਘੱਟ ਹੈ, ਜਦੋਂ ਕਿ ਚੀਨ ਦੀ 17-18 ਟ੍ਰਿਲਿਅਨ ਡਾਲਰ ਤੇ ਅਮਰੀਕਾ ਦੀ 21 ਟ੍ਰਿਲਿਅਨ ਡਾਲਰ ਹੈ। ਅੱਗੇ ਮਹਾਂਮੰਦੀ ਦਾ ਦੌਰ ਆ ਰਿਹਾ ਹੈ, ਜਿਸ ਕਾਰਨ ਆਰਥਿਕਤਾਵਾਂ ਹੋਰ ਸਿਮਟਣਗੀਆਂ। ਅਜਿਹੇ ਵਿਚ ਜੇ ਇਹ ਦੇਸ਼ ਪ੍ਰਤੀਸ਼ਤ ਪੱਖੋਂ ਘੱਟ ਵੀ ਵਧਣ ਤਾਂ ਵੀ ਭਾਰਤ ਨਾਲੋਂ ਵੱਧ ਤਰੱਕੀ ਕਰਨਗੇ, ਕਿਉਂਕਿ ਇਨ੍ਹਾਂ ਦੀ ਆਰਥਿਕਤਾ ਭਾਰਤ ਨਾਲੋਂ ਕਈ ਗੁਣਾ ਵੱਡੀ ਹੈ। ਇਸ ਲਈ ਇਹ ਭੁਲੇਖੇ ਵਾਲਾ ਪ੍ਰਚਾਰ ਹੈ ਕਿ ਭਾਰਤ ਇਨ੍ਹਾਂ ਦੇਸ਼ਾਂ ਤੋਂ ਵੱਧ ਵਿਕਾਸ ਕਰੇਗਾ। ਕੀ ਭਾਰਤ ਕੋਲ ਇਸ ਸਥਿਤੀ ਨਾਲ ਨਿਪਟਣ ਦੀ ਕੋਈ ਠੋਸ ਆਰਥਿਕ ਨੀਤੀ ਹੈ, ਇਕ ਅਹਿਮ ਸਵਾਲ ਹੈ ? ਮੰਦੀ ਨੂੰ ਵੇਖਦੇ ਹੋਏ ਦੁਨੀਆ ਦੇ ਮੁੱਖ ਤੇਲ ਉਤਪਾਦਕ ਦੇਸ਼ਾਂ ਦੇ ਸਮੂਹ ਓਪੇਕ, ਜਿਸ ਵਿਚ ਰੂਸ ਵੀ ਸ਼ਾਮਿਲ ਹੈ, ਨੇ ਪਿਛਲੇ ਦਿਨੀਂ ਤੇਲ ਦੇ ਉਤਪਾਦਨ ਵਿਚ ਕਟੌਤੀ ਕਰਨ ਦਾ ਫ਼ੈਸਲਾ ਲਿਆ, ਤਾਂ ਜੋ ਤੇਲ ਦੀ ਸਪਲਾਈ ਘੱਟ ਜਾਵੇ ਤੇ ਮੁੱਲ ਵੱਧ ਜਾਵੇ। ਇਸ ਤਰ੍ਹਾਂ ਸਭ ਦੇਸ਼ ਆਪੋ-ਆਪਣੇ ਉਤਪਾਦਨ ਦਾ ਮੁੱਲ ਵਧਾ ਕੇ ਹੁਣ ਤੋਂ ਹੀ ਆਪਣੀਆਂ ਆਰਥਿਕਤਾਵਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਭਾਰਤ ਕਿਸ ਚੀਜ਼ ਦੇ ਮੁੱਲ ਵਧਾਵੇਗਾ, ਇਸ ਦੀ ਬਰਾਮਦ ਦਰ ਤਾਂ ਪਹਿਲਾਂ ਹੀ ਬਹੁਤ ਘੱਟ ਚੁੱਕੀ ਹੈ ਤੇ ਦੇਸ਼ ਅੰਦਰ ਉਤਪਾਦਨ ਪੂਰੀ ਤਰ੍ਹਾਂ ਹੇਠਲੇ ਪੱਧਰ 'ਤੇ ਹੈ, ਬਲਕਿ ਉਲਟਾ ਦਰਾਮਦ ਪਹਿਲਾਂ ਤੋਂ ਵੱਧ ਹੈ। ਆਪਣੀ ਜ਼ਰੂਰਤ ਦਾ 85 ਫ਼ੀਸਦੀ ਤੇਲ ਵੀ ਭਾਰਤ ਨੂੰ ਬਾਹਰੋਂ ਹੀ ਮੁੱਲ ਲੈਣਾ ਪੈਂਦਾ ਹੈ। ਰੁਪਈਆ ਵੀ ਰਿਕਾਰਡ ਪੱਧਰ 'ਤੇ ਡਿੱਗਿਆ ਹੈ। ਕਣਕ, ਚੌਲ ਦਾ ਉਤਪਾਦਨ ਵੀ ਘੱਟ ਰਿਹਾ ਹੈ ਤੇ ਅਨਾਜ ਦਾ ਭੰਡਾਰ ਪਿਛਲੇ ਪੰਜ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ, ਜੋ ਅੱਗੇ ਜਾ ਕੇ ਰਾਸ਼ਨ ਦੀ ਸਮੱਸਿਆ ਵੀ ਪੈਦਾ ਕਰ ਸਕਦਾ ਹੈ, ਕਿਉਂਕਿ ਸਰਕਾਰ ਦੀ ਸਾਰੀ ਰਾਜਨੀਤੀ ਤਾਂ ਮੁਫ਼ਤ ਅਨਾਜ ਤੇ ਅੰਕੜਿਆਂ ਦੀ ਬਾਜ਼ੀਗਰੀ ਦੇ ਸਹਾਰੇ ਹੀ ਚੱਲ ਰਹੀ ਹੈ। ਅੰਕੜਿਆਂ ਦੀ ਭੰਨ-ਤੋੜ ਮੋਦੀ ਸਰਕਾਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਫੋਕੀ ਵਾਹ-ਵਾਹੀ ਤਾਂ ਦਿਵਾ ਸਕਦਾ ਹੈ ਤੇ ਦੇਸ਼ ਦੀ ਘਰੇਲੂ ਰਾਜਨੀਤੀ ਵਿਚ ਵੀ ਸੰਭਵ ਹੈ ਕਿ ਭਾਜਪਾ ਗੁੰਮਰਾਹਕੁੰਨ ਪ੍ਰਚਾਰ ਕਰਕੇ ਕੋਈ ਲਾਹਾ ਲੈ ਜਾਵੇ ਪਰ ਇਹ ਨੁਕਤੇ ਦੇਸ਼ ਦੀ ਆਰਥਿਕਤਾ ਨੂੰ ਨਹੀਂ ਸੰਭਾਲ ਸਕਦੇ। ਦੇਸ਼ ਦੀ ਆਰਥਿਕਤਾ ਨੂੰ ਮਹਾਂਮੰਦੀ ਦੇ ਆ ਰਹੇ ਦੌਰ ਵਿਚੋਂ ਬਚਾਅ ਕੇ ਕੱਢਣਾ ਤੇ ਆਰਥਿਕਤਾ ਨੂੰ ਮੁੜ ਪੱਟੜੀ 'ਤੇ ਲੈ ਕੇ ਆਉਣਾ ਮੋਦੀ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਹੈ ਤੇ ਇਸ ਤੋਂ ਵੀ ਅੱਗੇ ਚੁਣੌਤੀ ਹੈ ਭਾਰਤ ਦੇ ਲੋਕਾਂ ਨੂੰ ਗਰੀਬੀ ਵਿਚੋਂ ਕੱਢ ਕੇ ਭਾਰਤ ਦੇ ਵਿਕਾਸ ਵਿਚ ਸ਼ਾਮਿਲ ਕਰਨਾ, ਤਾਂ ਜੋ ਸਰਕਾਰ ਨੂੰ ਅੰਕੜਿਆਂ ਦੀ ਫੇਰਬਦਲ ਨਾ ਕਰਨੀ ਪਵੇ। ਹੁਣ ਇਹ ਮੋਦੀ ਸਰਕਾਰ ਦੀ ਮਰਜ਼ੀ ਹੈ ਕਿ ਉਹ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹਨ ਜਾਂ ਫਿਰ ਲੋਕਾਂ ਨੂੰ ਅੱਛੇ ਦਿਨ ਵਿਖਾਉਣ ਵਾਲਾ ਕੋਈ ਹੋਰ ਨਵਾਂ ਜੁਮਲਾ ਨਵੇਂ ਤਰੀਕੇ ਨਾਲ ਪੇਸ਼ ਕਰਦੇ ਹਨ।




> ਦਰਅਸਲ ਇਹ ਸਿਰਫ ਅੰਕੜਿਆਂ ਦੀ ਬਾਜ਼ੀਗਰੀ ਦਾ ਕਮਾਲ ਹੈ, ਜੋ ਕੇਂਦਰ ਦੀ ਭਾਜਪਾ ਸਰਕਾਰ ਕਰ ਰਹੀ ਹੈ। ਇਹ ਇਕ ਅਧੂਰਾ ਸੱਚ ਹੈ ਜੋ ਜਨਤਾ ਨੂੰ ਸੁਹਾਵਣੇ ਸੁਪਨੇ ਹਾਲੇ ਵੀ ਵਿਖਾ ਰਿਹਾ ਹੈ, ਜਦੋਂ ਕਿ ਆਰਥਿਕ ਮੰਦਵਾੜਾ ਦੁਨੀਆ ਦੀਆਂ ਅਹਿਮ ਆਰਥਿਕਤਾਵਾਂ ਨੂੰ ਆਪਣੀ ਜਕੜ ਵਿਚ ਲੈਣਾ ਸ਼ੁਰੂ ਕਰ ਚੁੱਕਾ ਹੈ। ਭਾਰਤ ਦੀ ਜੋ ਵਿਕਾਸ ਦਰ ਅੰਤਰਰਾਸ਼ਟਰੀ ਪੱਧਰ 'ਤੇ ਆਕਰਸ਼ਣ ਪੈਦਾ ਕਰਦੀ ਹੈ, ਉਹ ਦਰਅਸਲ ਭਾਰਤ ਦੀ ਅਸਲ ਆਰਥਿਕ ਤਸਵੀਰ ਪੇਸ਼ ਨਹੀਂ ਕਰਦੀ। ਆਈ.ਐਮ.ਐਫ. ਹੋਵੇ ਜਾਂ ਵਿਸ਼ਵ ਬੈਂਕ ਉਨ੍ਹਾਂ ਅੱਗੇ ਸਰਕਾਰ ਜੋ ਅੰਕੜੇ ਰੱਖੇਗੀ, ਚਿੰਤਨ ਮੰਥਨ ਉਸੇ 'ਤੇ ਹੋਵੇਗਾ। ਭਾਰਤ ਦੀ ਅਰਥ-ਵਿਵਸਥਾ ਵਿਚ ਹਰ ਤਿਮਾਹੀ ਵਿਚ ਜੋ ਵਿਕਾਸ ਦਰ ਨਜ਼ਰ ਆਉਂਦੀ ਹੈ ਉਸੇ ਦੇ ਆਧਾਰ 'ਤੇ ਸਮੁੱਚਾ ਆਰਥਿਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

# 'ਬੈਲਾਂ ਦੀਆਂ ਜੋੜੀਆਂ, ਰਹਿ ਗਈਆਂ ਥੋੜ੍ਹੀਆਂ'



ਮਾਸਟਰ ਸੰਜੀਵ ਧਰਮਾਣੀ
ਮੋ. 9478561356

ਲਗਭਗ ਤਿੰਨ- ਚਾਰ ਦਹਾਕੇ ਪਹਿਲਾਂ ਸਾਡੇ ਘਰਾਂ ਵਿੱਚ ਖ਼ਾਸ ਤੌਰ 'ਤੇ ਪਿੰਡਾਂ ਦੇ ਘਰਾਂ ਵਿੱਚ ਬਲਦਾਂ/ ਬੈਲਾਂ ਦੀਆਂ ਜੋੜੀਆਂ ਘਰ ਦਾ ਸ਼ਿੰਗਾਰ ਹੁੰਦੀਆਂ ਸਨ। ਲੋਕ ਘਰ-ਪਰਿਵਾਰ ਦੇ ਮੈਂਬਰਾਂ ਵਾਂਗ ਬੈਲਾਂ ਨੂੰ ਵੀ ਅਥਾਹ ਪਿਆਰ ਕਰਦੇ ਹੁੰਦੇ ਸਨ ਅਤੇ ਉਨ੍ਹਾਂ ਦੇ ਰੱਖ-ਰਖਾਓ, ਖਾਣ-ਪੀਣ, ਸਿਹਤ-ਸੰਭਾਲ਼ ਆਦਿ ਦਾ ਪੂਰਾ ਧਿਆਨ ਰੱਖਦੇ ਸਨ। ਗੱਲ ਵੀ ਸੱਚੀ ਸੀ, ਕਿਉਂਕਿ ਬਲਦ ਕਿਸਾਨ ਅਤੇ ਘਰ ਦੀ ਆਰਥਿਕ ਸਥਿਤੀ ਦਾ ਧੁਰਾ ਜੋ ਸਨ। ਸਾਰੀ ਖੇਤੀ ਕਰਨੀ, ਬਹਾਈ ਕਰਨੀ, ਸੁਹਾਗਾ ਫੇਰਨਾ, ਬਿਜਾਈ ਕਰਨੀ, ਖੂਹਾਂ ਤੋਂ ਹਲਟ ਰਾਹੀਂ ਪਾਣੀ ਕੱਢਣਾ, ਗਹਾਈਆਂ ਕਰਨਾ, ਖੂਹ ਚਲਾਉਣ, ਘੁਲ੍ਹਾੜੀ ਚਲਾਉਣ, ਕੋਹਲੂ ਚਲਾਉਣ, ਫ਼ਲ੍ਹੇ ਚਲਾਉਣ, ਗੱਡਾ ਚਲਾਉਣ, ਰੱਥ ਚਲਾਉਣ ਅਤੇ ਹੋਰ ਖੇਤੀ ਦੇ ਸਾਰੇ ਕੰਮ ਕਰਨ, ਭਾੜੇ 'ਤੇ ਦੂਸਰੇ ਕਿਸਾਨਾਂ ਦੇ ਖੇਤਾਂ ਵਿੱਚ ਵਹਾਈ ਜਾਂ ਬਿਜਾਈ ਦਾ ਸਾਰਾ ਕੰਮ ਬਲਦਾਂ ਦੇ ਸਿਰ 'ਤੇ ਹੀ ਸੀ। ਪਹਿਲੇ ਸਮਿਆਂ ਵਿੱਚ ਨਵੀਂ ਵਿਆਹੀ ਵਹੁਟੀ ਨੂੰ ਉਸ ਦਾ ਪਤੀ ਰੱਥ/ਬੈਲਗੱਡੀ ਵਿੱਚ ਹੀ ਲੈ ਕੇ ਜਾਂਦਾ ਹੁੰਦਾ ਸੀ। ਲੋਕ ਬੱਗੇ ਤੇ ਲਾਖੇ ਬੈਲ ਰੱਖਣ ਦੇ ਸ਼ੌਕੀਨ ਸਨ। ਬਲ਼ਦਾਂ ਨੂੰ ਹੋਰ ਖ਼ੁਰਾਕ ਦੇ ਨਾਲ਼ -ਨਾਲ਼ ਦੇਸੀ ਘਿਓ ਵੀ ਦਿੱਤਾ ਜਾਂਦਾ ਸੀ। ਉਨ੍ਹਾਂ ਦੇ ਸਿੰਗਾਂ ਨੂੰ ਦੇਸੀ ਤੇਲ (ਸਰੋਂ ਦੇ ਤੇਲ) ਨਾਲ਼ ਚੰਗੀ ਤਰ੍ਹਾਂ ਲਿਸ਼ਕਾਇਆ ਜਾਂਦਾ ਸੀ ਅਤੇ ਗਲ਼ ਵਿੱਚ ਹਾਰ ਪਾ ਕੇ ਉਨ੍ਹਾਂ ਨੂੰ ਸਜਾਇਆ ਜਾਂਦਾ ਸੀ। ਬਲਦਾਂ ਦੇ ਗਲ਼ਾਂ ਵਿੱਚ ਘੰਟੀ-ਘੁੰਗਰੂ ਆਦਿ ਵੀ ਨਵੇਂ-ਨਰੋਏ ਸ਼ੌਂਕ ਨਾਲ ਬੰਨ੍ਹੇ ਜਾਂਦੇ ਸਨ ਅਤੇ ਬਿਜਾਈ ਜਾਂ ਵਹਾਈ ਸਮੇਂ ਪੱਕਾ, ਮਜ਼ਬੂਤ ਤੇ ਸਜਿਆ-ਧਜਿਆ ਸ਼ਿਕਲ਼ਾ ਬੰਨ੍ਹਿਆ ਜਾਂਦਾ ਸੀ, ਤਾਂ ਜੋ ਕੰਮ ਸਮੇਂ ਬਾਲਦ ਇੱਧਰ-ਉੱਧਰ ਘਾਹ-ਕੱਖ ਨੂੰ ਮੂੰਹ ਨਾ ਮਾਰਨ ਲੱਗ ਪੈਣ। ਬਲਦਾਂ ਦੇ ਪੰਜਾਲੀ ਪਾ ਕੇ ਹਲ ਜੋੜ ਕੇ ਖੇਤ ਵਾਹ/ਜੋਤ ਲੈ ਜਾਂਦੇ ਸਨ ਅਤੇ ਬਿਜਾਈ ਤੋਂ ਬਾਅਦ ਪੰਜਾਲੀ ਨਾਲ ਰੱਸਾ/ਰੱਸੇ ਦਾ ਆਸਰਾ ਜੋੜ ਕੇ ਸੁਹਾਗਾ ਬੰਨ੍ਹ ਦਿੱਤਾ ਜਾਂਦਾ ਹੁੰਦਾ ਸੀ। ਬੱਚੇ ਵੀ ਬਲਦਾਂ ਦੇ ਸੁਹਾਗੇ ਆਰਾਮ ਨਾਲ ਝੂਟ ਕੇ ਅਨੰਦ ਮਹਿਸੂਸ ਕਰਦੇ ਹੁੰਦੇ ਸਨ ਅਤੇ ਇਹ ਹੁੰਦਾ ਵੀ ਸੁਰੱਖਿਅਤ ਸੀ। ਪਿਤਾ, ਚਾਚਾ, ਤਾਇਆ ਜਾਂ ਖਾਸ ਤੌਰ 'ਤੇ ਮਾਮੇ ਨਾਲ ਖੇਤ ਵਿੱਚ ਸੁਹਾਗਾ ਝੂਟਣ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਸੀ। ਪਹਿਲੇ ਸਮੇਂ ਵਿੱਚ ਲੋਕ ਬਲਦਾਂ ਦਾ ਵਪਾਰ ਵੀ ਕਰਦੇ ਸਨ। ਮੰਡੀਆਂ ਵਿੱਚੋਂ ਚੰਗੇ ਬਲਦ ਖ਼ਰੀਦ ਲਿਆਉਂਦੇ ਸਨ। ਫਿਰ ਹੌਲੀ-ਹੌਲੀ ਨਫ਼ੇ 'ਤੇ ਵੇਚ ਕੇ ਚੰਗੀ ਕਮਾਈ ਕਰਦੇ ਸਨ। ਬਲਦਾਂ ਨੂੰ ਵੇਚਣ ਜਾਂ ਖਰੀਦਣ ਲਈ ਪੰਜਾਹ-ਸੱਠ ਕਿਲੋਮੀਟਰ ਦੂਰ-ਦੁਰਾਡੇ ਬੈਲਾਂ ਦੀਆਂ ਮੰਡੀਆਂ ਲੱਗਦੀਆਂ ਹੁੰਦੀਆਂ ਸਨ, ਜਿਥੇ ਵੱਖ-ਵੱਖ ਰਾਜਾਂ ਤੋਂ ਆਏ ਵੱਖ-ਵੱਖ ਰੰਗ ਤੇ ਨਸਲ ਦੇ ਬਲ਼ਦ ਲੈਣ ਜਾਂ ਦੇਣ ਲਈ ਕਿਸਾਨ ਦੂਰੋਂ-ਦੂਰੋਂ ਪੈਦਲ ਚੱਲ ਕੇ ਜਾਂ ਕਦੇ ਕਦਾਈਂ ਟਰੱਕਾਂ ਆਦਿ ਵਿੱਚ ਜੁਗਾੜ ਬਣਾ ਕੇ ਬੈਲ-ਮੰਡੀਆਂ ਤੱਕ ਪਹੁੰਚਦੇ ਹੁੰਦੇ ਸਨ ਅਤੇ ਚਾਈਂ-ਚਾਈਂ ਮੁੱਲ-ਭਾਅ ਕਰਕੇ ਵਧੀਆ ਬੈਲ ਖਰੀਦਦੇ ਹੁੰਦੇ ਸਨ। ਕਿਸਾਨ ਖੇਤਾਂ ਅਤੇ ਘਰ ਦੇ ਕੰਮ ਲਈ ਬੈਲਗੱਡੀਆਂ ਦੀ ਵਰਤੋਂ ਆਮ ਹੀ ਕਰ ਲੈਂਦੇ ਸਨ। ਬੈਲ ਗੱਡੀਆਂ ਢੋਆ-ਢੁਆਈ, ਆਵਾਜਾਈ ਅਤੇ ਖੇਤੀਬਾੜੀ ਦਾ ਸਸਤਾ, ਪ੍ਰਦੂਸ਼ਣ ਮੁਕਤ ਅਤੇ ਸਭ ਤੋਂ ਵਧੀਆ ਤੇ ਸ਼ਾਂਤ ਸਾਧਨ ਹੋਇਆ ਕਰਦੀਆਂ ਸਨ। ਕਈ ਥਾਵਾਂ 'ਤੇ ਬੈਲ ਗੱਡੀਆਂ ਦੀਆਂ ਦੌੜਾਂ ਵੀ ਬੜੇ ਉਤਸ਼ਾਹ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹੁੰਦੀਆਂ ਸਨ। ਕਿਲ੍ਹਾ ਰਾਏਪੁਰ ਦੀਆਂ ਬੈਲਗੱਡੀਆਂ ਦੀਆਂ ਦੌੜਾਂ ਸੰਸਾਰ ਭਰ ਵਿੱਚ ਮਸ਼ਹੂਰ ਹੋਈਆਂ ਹਨ। ਇਸ ਤਰ੍ਹਾਂ ਬੈਲ ਅਤੇ ਬਲਦਾਂ ਦੀਆਂ ਜੋੜੀਆਂ ਕਿਸਾਨ, ਕਿਸਾਨੀ, ਖੇਤੀ, ਪੰਜਾਬ ਦੇ ਪੇਂਡੂ ਖਿੱਤੇ ਅਤੇ ਸਾਡੇ ਅਮੀਰ ਤੇ ਨਰੋਏ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਰਹੇ ਹਨ। ਭਾਵੇਂ ਅੱਜ ਤਰੱਕੀ ਦੇ ਅਤੇ ਤੇਜ਼ੀ ਦੇ ਦੌਰ ਵਿੱਚ ਟਰੈਕਟਰਾਂ ਨੇ ਬੈਲਾਂ ਦੀ ਥਾਂ ਲੈ ਲਈ ਹੈ, ਹੁਣ ਸਾਰੀ ਖੇਤੀ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ, ਬਲਦਾਂ ਨਾਲ ਖੇਤੀ ਕਰਨਾ ਹੁਣ ਲਾਹੇਵੰਦ ਧੰਦਾ ਨਹੀਂ ਰਿਹਾ ਅਤੇ ਬਲਦ ਹੁਣ ਸਾਡੀ ਖੇਤੀ ਵਿੱਚੋਂ ਅਲੋਪ ਹੋ ਰਹੇ ਹਨ, ਪਰ ਬੈਲ ਅਤੇ ਬੈਲਾਂ ਦੀਆਂ ਜੋੜੀਆਂ ਦੀ ਕੋਈ ਰੀਸ ਨਹੀਂ ਅਤੇ ਇਨ੍ਹਾਂ ਤੋਂ ਬਿਨਾਂ ਸਾਡਾ ਸੱਭਿਆਚਾਰ ਤੇ ਵਿਰਸਾ ਹੀ ਅਧੂਰਾ ਹੈ। ਕਈ ਵਾਰ ਅੱਡ/ਵੱਖ ਹੋਣ 'ਤੇ ਜੇਕਰ

(ਬਾਕੀ ਸਫ਼ਾ 31 'ਤੇ)

# ਔਨਲਾਈਨ ਪੜ੍ਹਾਈ

ਸਰਬਜੀਤ ਲੌਂਗੀਆਂ

ਪਿਛਲੇ ਮਹੀਨੇ ਪੰਜਾਬ ਰਹਿੰਦੇ ਮੇਰੇ ਰਵਿੰਦਰ ਵੀਰੇ ਨਾਲ਼ ਮੇਰੀ ਗੱਲ ਹੋਈ। ਵੀਰੇ ਦਾ ਸਵੇਰੇ ਸੱਤ ਵਜੇ ਹੀ ਫ਼ੋਨ ਆ ਗਿਆ। ਬਹੁਤ ਜਿਆਦਾ ਬੁਲੰਦ ਹੌਸਲੇ ਵਾਲੀ ਅਤੇ ਖ਼ੁਸ਼ੀ ਦੇ ਅੰਦਾਜ਼ ਵਾਲੀ ਆਵਾਜ਼ ਵਿੱਚ ਬੋਲ ਰਹੇ ਸੀ।ਵੀਰੇ ਨੇ ਆਖਿਆ ਵੱਡੀ ਭੂਆ ਨੂੰ ਬਹੁਤ ਬਹੁਤ ਵਧਾਈਆਂ ਹੋਵਣ। ਮੈਂ ਪੁੱਛਿਆ ਵੀਰੇ ਕਾਹਦੀ ਵਧਾਈ ਦੇ ਰਹੇ ਤੁਸੀਂ ? ਕੀ ਮੇਰੀ ਭਤੀਜੀ ਸਿੰਮੀ ਦਾ ਰਿਸ਼ਤਾ ਹੋ ਗਿਆ ? ਵੀਰਾ ਕਹਿੰਦਾ ਸਿੰਮੀ ਦਾ ਰਿਸ਼ਤਾ ਨਹੀਂ, ਤੇਰਾ ਭਤੀਜਾ ਬੀ ਏ ਪਾਸ ਕਰ ਗਿਆ, ਉਹ ਵੀ 96% ਨੰਬਰ ਲੈ ਕੇ। ਮੈਂ ਕਿਹਾ ਫ਼ੇਰ ਤਾਂ ਰਿਸ਼ਤਾ ਹੋਣ ਤੋਂ ਵੀ ਵੱਡੀ ਵਧਾਈ ਵਾਲੀ ਗੱਲ ਹੈ ਵੀਰ ਜੀ। ਸਾਰੇ ਪਰਿਵਾਰ ਨੂੰ ਵੱਡੀ ਭੂਆ ਵਲੋਂ ਬਹੁਤ ਬਹੁਤ ਮੁਬਾਰਕਾਂ ਹੋਵਣ ਜੀ। ਮੈਂ ਆਪਣੇ ਪਤੀ ਅਤੇ ਬੱਚਿਆਂ ਨੂੰ ਦੱਸਿਆ ਕੀ ਤੁਹਾਡੇ ਮਾਮੇ ਦਾ ਬੇਟਾ ਤੁਹਾਡਾ ਪ੍ਰੀਤ ਵੀਰ ਬੀ ਏ ਪਾਸ ਕਰ ਗਿਆ ਉਹ ਵੀ 96% ਨੰਬਰ ਲੈ ਕੇ। ਤਿੰਨ ਚਾਰ ਦਿਨ ਘਰ ਵਿੱਚ ਬਹੁਤ ਖ਼ੁਸ਼ੀ ਦਾ ਮਾਹੌਲ ਸੀ।

ਤਿੰਨ ਦਿਨ ਪਹਿਲਾ ਮੇਰਾ ਭਤੀਜਾ ਕੋਰਟ ਵਿੱਚ ਨੌਕਰੀ ਲਈ ਇੰਟਰਵਿਊ ਦੇਣ ਗਿਆ। ਉਥੇ ਅੰਗਰੇਜ਼ੀ ਵਿੱਚ ਇੱਕ ਫ਼ਾਰਮ ਭਰਨਾ ਸੀ ਤੇ ਪੰਜਾਬੀ ਵਿੱਚ ਇੱਕ ਪੇਪਰ ਤੇ ਦਿੱਤੇ ਗਏ ਸਵਾਲਾਂ ਵਿੱਚੋਂ ਸਹੀ ਗਲਤ ਜਵਾਬਾਂ ਵਿੱਚੋਂ ਸਹੀ ਜਵਾਬ ਦੀ ਚੋਣ ਕਰਨੀ ਸੀ। ਮੁਸ਼ਕਿਲ ਕੁਝ ਵੀ ਨਹੀਂ ਸੀ, ਬਹੁਤ ਹੀ ਸਰਲ ਸਵਾਲ ਸਨ। ਮੇਰਾ ਭਤੀਜਾ ਪੰਜਾਬੀ ਵਿੱਚ ਵੀ ਇਨ੍ਹਾਂ ਸਵਾਲਾਂ ਦੇ ਸਹੀ ਜਵਾਬ ਦੀ ਚੋਣ ਨਾ ਕਰ ਸਕਿਆ। ਅੱਜ ਵੀਰੇ ਦਾ ਫ਼ੋਨ ਆਇਆ ਤਾਂ ਵੀਰਾ ਗੁੱਸੇ ਤੇ ਉਦਾਸੀ ਭਰੇ ਮਨ ਨਾਲ਼ ਫ਼ਤਹਿ ਬੁਲਾਉਣ ਮਗਰੋਂ ਰੋਣ ਹੀ ਲੱਗ ਪਿਆ ਤੇ ਕਹਿੰਦਾ ਨੌਕਰੀ ਮਿਲੀ ਨਹੀਂ ਤੇਰੇ ਭਤੀਜੇ ਨੂੰ। ਬਹੁਤ ਅਨਰਥ ਹੋ ਗਿਆ। ਮੈਂ ਘਬਰਾ ਗਈ, ਮੈਂ ਕਿਹਾ ਕੀਤੇ ਨੌਕਰੀ ਲਈ ਚੋਣ ਨਾ ਹੋਣ ਕਰਕੇ ਭਤੀਜੇ ਨੇ ਕੁਝ ਕਰ ਹੀ ਨਾ ਲਿਆ ਹੋਵੇ। ਮੈਂ ਵੀਰੇ ਨੂੰ ਕਿਹਾ ਵੀਰੇ ਜਲਦੀ ਦੱਸੋ ਹੋਇਆ ਕੀ ਹੈ ? ਮੇਰੇ ਦਿਲ ਨੂੰ ਕੁਝ ਹੋ ਰਿਹਾ ਹੈ ਦੱਸੋ ਵੀ ਹੁਣ ਜਲ਼ਦੀ। ਵੀਰਾ ਕਹਿੰਦਾ ਦੋਸ਼ ਮੇਰਾ ਹੀ ਹੈ, ਮੈਂ ਆਪਣੀ ਸਰਕਾਰੀ ਨੌਕਰੀ ਦਾ ਗਲਤ ਫ਼ਾਇਦਾ ਚੁੱਕਦਾ ਰਿਹਾ। ਹਰ ਵਾਰ ਜਦੋਂ ਵੀ ਬੋਰਡ ਦੇ ਪੇਪਰ ਹੋਏ, ਮੈਂ ਮੁੰਡੇ ਨੂੰ ਸ਼ਪਾਰਿਸ਼ ਪਾ-ਪਾ ਕੇ ਪਾਸ ਕਰਵਾਉਂਦਾ ਰਿਹਾ। ਤੇ ਆ ਹੁਣ ਔਨਲਾਈਨ ਇਮਤਿਹਾਨਾਂ ਨੇ ਹੋਰ ਵੀ ਭੱਠਾ ਬਿਠਾ ਦਿੱਤਾ। ਭੈਣੇ ਮੈਂ ਤੈਨੂੰ ਸੱਚ ਦੱਸਾਂ ਅਸਲ ਵਿੱਚ ਹਰ ਪੇਪਰ ਵਾਲੇ ਦਿਨ ਪ੍ਰੀਤ ਦੇ ਸਾਰੇ ਮਿੱਤਰ ਰਲ਼ਕੇ ਮੋਟਰ ਤੇ ਕਿਤਾਬ ਖੋਲ੍ਹ ਲੈਂਦੇ ਸਨ, ਜੋ ਪੇਪਰ ਵਿੱਚ ਆਇਆ ਹੁੰਦਾ ਸੀ ਸਾਰੇ ਦਾ ਸਾਰਾ ਕਿਤਾਬ ਵਿੱਚੋਂ ਦੇਖ ਕੇ ਲਿਖ ਦਿੰਦੇ ਸਨ। ਨੰਬਰ ਤਾਂ 96% ਆ ਗਏ, ਪਰ ਆਉਂਦਾ ਜਾਂਦਾ ਕੁਝ ਵੀ ਨਹੀਂ, ਮੇਰੇ ਮੁੰਡੇ ਨੂੰ। ਹੁਣ ਮੈਨੂੰ ਤੂੰ ਦੱਸ ਨਿਕੀਏ ਭੈਣੇ, ਮੈਂ ਦੋਸ਼ ਕਿਸ ਨੂੰ ਦੇਵਾਂ ? ਸਰਕਾਰ ਨੂੰ ? ਅਧਿਆਪਕਾ ਨੂੰ ? ਆਪਣੇ ਆਪ ਨੂੰ ? ਜਾਂ ਆਪਣੇ ਬੱਚੇ ਨੂੰ ?

ਮੈਂ ਆਖਿਆ ਵੀਰੇ ਮੇਰਾ ਜਵਾਬ ਥੋੜਾ ਕੜਵਾ ਲੱਗਣਾ। ਵੀਰੇ ਮੇਰੀ ਨਜ਼ਰ ਵਿੱਚ ਸਭ ਤੋਂ ਵੱਡੇ ਦੋਸ਼ੀ ਤੁਸੀਂ ਆਪ ਹੀ ਹੋ। ਪਹਿਲਾਂ ਤੁਸੀਂ ਇਸਨੂੰ ਗ਼ਲਤ ਤੇ ਸਰਲ ਰਸਤਾ ਦਿਖਾਇਆ। ਸਹੀ ਰਸਤਾ ਕਠਿਨ ਤਾਂ ਬਹੁਤ ਹੁੰਦਾ ਹੈ ਪਰ ਜੇ ਬੱਚਾ ਚੱਲਣਾ ਸਿੱਖ ਜਾਵੇ ਤਾਂ ਇਹ ਬਹੁਤ ਸਕੂਨ ਭਰਿਆ ਤੇ ਡੂੰਘਾਈ ਵਾਲ਼ੀਆਂ ਜੜ੍ਹਾਂ ਵਾਲਾ ਵੀ ਹੁੰਦਾ ਹੈ। ਉਸਨੇ ਸਹੀ ਰਸਤੇ ਦੀ ਚੋਣ ਕਰਨੀ ਸੀ ਪਰ ਤੁਸੀਂ ਉਸ ਅੱਗੇ ਚੋਣ ਹੀ ਗ਼ਲਤ ਰਸਤੇ ਵਾਲੀ ਰੱਖੀ ਸੀ। ਹੁਣ ਉਹ ਉਥੇ ਖੜਾ ਹੈ ਜਿੱਥੋਂ ਉਹ ਪਿੱਛੇ ਨਹੀਂ ਮੁੜ ਸਕਦਾ ਕਿਉਂਕਿ ਉਸਦੇ ਬਿਲਕੁਲ ਪਿੱਛੇ ਅਜਿਹਾ ਖਾਲੀ ਖੂਹ ਹੈ ਜਿਸ ਵਿੱਚ ਡਿੱਗ ਜਾਣ ਦਾ ਡਰ ਹੈ ਤੇ ਡਿੱਗ ਕੇ ਕਦੇ ਵੀ ਬਾਹਰ ਨਾ ਨਿਕਲਣ ਦਾ ਵਿਸ਼ਵਾਸ ਵੀ ਹੈ। ਵੀਰ ਜੀ ਚੰਗਾ ਹੋਵੇਗਾ ਜੇ ਤੁਸੀਂ ਹੁਣ ਆਪਣੇ ਪੁੱਤਰ ਦੇ ਇਸ ਬੁਰੇ ਵਕਤ ਵਿੱਚ ਉਸ ਦਾ ਪਿਆਰ ਨਾਲ ਸਾਥ ਦਿਉ। ਪ੍ਰੀਤ ਨੂੰ ਪੜ੍ਹਾਈ ਦੇ ਬਲ ਪਰ ਹੁਣ ਨੌਕਰੀ ਦੀ ਭਾਲ ਨਾ ਕਰਕੇ ਕੋਈ ਅਜਿਹਾ ਕੰਮ ਸਿਖਾਓ ਜੋ ਚੰਗੀ ਜ਼ਿੰਦਗੀ ਪ੍ਰਵਾਹ ਕਰਨ ਵਿੱਚ ਸਹਾਈ ਹੋਵੇ।

ਹੁਣ ਤੁਸੀਂ ਆਪਣੇ ਵਿਚਾਰ ਜ਼ਰੂਰ ਦਿਓ ਕੀ ਅਸਲੀ ਦੋਸ਼ ਕਿਸ ਦਾ ਸੀ ? ਜਾਂ ਫ਼ੇਰ ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਗ਼ਲਤ ਰਸਤੇ ਤੇ ਪਾਉਣ ਵਿੱਚ ਅਸਲੀ ਦੋਸ਼ੀ ਕੌਣ ਹੁੰਦਾ ਹੈ ?
ਅਧਿਆਪਕ ?
ਮਾਤਾ ਪਿਤਾ ?
ਸਰਕਾਰ ?
ਜਾਂ ਬੱਚਾ ਆਪ ?
ਔਨਲਾਈਨ ਪੜ੍ਹਨਾ,

(ਬਾਕੀ ਸਫ਼ਾ 31 'ਤੇ)



# ਸੁਰਾਂਗਲਾ ਸੱਜਣ : ਡਾ. ਸਤਿੰਦਰ ਸਰਤਾਜ

ਹਰਮੇਲ ਪਰੀਤ

ਸਾਲ ਕੁ ਪਹਿਲਾਂ ਕਿਸੇ ਮੁੰਡੇ ਨੇ ਇਕ ਗਾਇਕ ਬਾਰੇ ਦੱਸ ਪਾਈ ਸੀ ਉਹ ਬੇਹੱਦ ਸੁਰੀਲਾ ਗਾਉਂਦੈ, ਗੀਤ ਵੀ ਸੁਚੱਜੇ ਹੁੰਦੇ ਨੇ, ਪਰ ਦੱਸਣ ਵਾਲੇ ਗਾਇਕ ਦਾ ਨਾਂ ਚੇਤੇ ਨਹੀਂ ਸੀ ਰਿਹਾ ਜਿਸ ਕਰਕੇ ਗੱਲ ਆਈ ਗਈ ਹੋ ਗਈ। ਥੋੜ੍ਹੇ ਚਿਰ ਬਾਅਦ ਮੇਰੇ ਮਿੱਤਰ ਰਾਜਦੀਪ ਦਬੜ੍ਹੀਖ਼ਾਨਾ ਨੇ ਮੈਨੂੰ ਬੜੀ ਖੁਸ਼ੀ ਨਾਲ ਇੱਕ ਗਾਇਕ ਦੇ ਕੁੱਝ ਗੀਤ ਸੁਣਨ ਲਈ ਆਖਿਆ, ਗਾਇਕ ਦਾ ਨਾਂ ਦੱਸਿਆ ਸੀ ਸਤਿੰਦਰ ਸਰਤਾਜ। ਸਤਿੰਦਰ ਦੀ ਆਵਾਜ਼ ਵਿਚ ਸਾਈਂ, ਇਬਾਦਤ, ਹੀਰੀਏ ਤੇ ਉਸਤਾਦ ਸ਼ਾਇਰ ਦੀਪਕ ਜੈਤੋਈ ਦਾ ਇੱਕ ਕਲਾਮ ਸੁਣਕੇ ਰੂਹ ਦੀ ਤ੍ਰਿਪਤੀ ਹੋਈ। ਮਗਰੋਂ ਪਤਾ ਲੱਗਾ ਕਿ ਉਹ ਪੜ੍ਹਿਆ ਲਿਖਿਆ ਹੀ ਨਹੀਂ ਪੜ੍ਹਿਆ/ਗੁੜ੍ਹਿਆ ਗਾਇਕ ਹੈ। 'ਸੂਫੀ ਗਾਇਨ ਪਰੰਪਰਾ ਦਾ ਸਾਹਿਤਕ ਅਤੇ ਸੰਗੀਤਆਤਮਕ ਅਧਿਐਨ' ਵਿਸ਼ੇ 'ਤੇ ਪੀ.ਐਚ. ਡੀ. ਕਰਨ ਵਾਲਾ ਸਾਡਾ ਇਹ ਡਾਕਟਰ ਗਾਇਕ ਜੋ ਪੰਜਾਬ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿਚ ਪੜ੍ਹਾ ਰਿਹੈ, ਸੱਚਮੁੱਚ ਸਰਤਾਜੀ ਗੁਣਾਂ ਦਾ ਮਾਲਕ ਹੈ। ਉਹ ਮੰਚ 'ਤੇ ਪ੍ਰਵੇਸ਼ ਕਰਦੈ ਤਾਂ ਉਹਦੇ ਸੁਹੱਪਣ ਦੇ ਨੂਰ ਨਾਲ ਚੁਫੇਰਾ ਰੁਸ਼ਨਾ ਜਾਂਦੈ। ਫੇਰ ਜਦ ਉਹ ਆਪਣੀ ਗਾਇਕੀ ਦਾ ਆਗ਼ਾਜ਼ 'ਸਾਈਂ' ਅੱਗੇ ਅਰਜ਼ੋਈ ਨਾਲ ਕਰਦੈ ਤਾਂ ਸੁਣਨ ਵਾਲਾ (ਚਾਹੇ ਉਹ ਕਿਸੇ ਵੀ ਉਮਰ ਦਾ ਹੋਵੇ) ਵਜ਼ਦ ਵਿਚ ਆ ਜਾਂਦੈ। ਉਹ ਸੱਚੀ ਆਪਣੇ ਇਸ ਅਰਾਧਨਾਮਈ ਕਲਾਮ ਰਾਹੀਂ ਸਰੋਤਿਆਂ ਨੂੰ ਕਿਸੇ ਹੋਰ ਲੋਕ ਵਿਚ ਲੈ ਜਾਂਦੈ। ਆਵਾਜ਼ ਵਿਚ ਕਸ਼ਿਸ਼ ਏਨੀ ਕਿ ਸਾਈਂ ਨੂੰ ਸੱਚੀ ਮੁੱਚੀ ਉਹਦੀ ਮਹਿਫ਼ਲ ਵਿਚ ਹਾਜ਼ਰ ਨਾਜ਼ਰ ਹੋਣਾ ਪੈਂਦੈ, ਅੰਤ ਤੱਕ ਸੁਰ, ਤਾਲ, ਅਦਾਵਾਂ, ਸ਼ਾਇਰੀ ਨੂੰ ਸਤਿੰਦਰ ਜਿਸ ਖ਼ੂਬਸੂਰਤੀ ਨਾਲ ਅਦਾ ਕਰਦੈ, ਉਸ ਨੂੰ ਦੇਖ/ਸੁਣਕੇ ਲੱਗਦੈ ਸਾਈਂ ਦਾ ਵੱਸ ਨਹੀਂ ਚਲਦਾ ਕਿ ਵਾਰਿਸ ਸ਼ਾਹ ਦੇ ਅਵਤਾਰ ਦਾ ਝਾਉਲਾ ਪੌਣ ਵਾਲੇ



ਇਸ ਨੌਜਵਾਨ 'ਤੇ ਆਪਣੀਆਂ ਮਿਹਰਾਂ, ਆਪਣੀਆਂ ਬਖ਼ਸ਼ਿਸ਼ਾਂ ਦਾ ਮੀਂਹ ਨਾ ਵਰ੍ਹਾਵੇ। ਪਿਛਲੇ ਦਿਨੀਂ ਕੋਟਕਪੂਰੇ ਇਸ ਹੋਣਹਾਰ ਗਾਇਕ ਦੀ ਮਜ਼ਲਿਸ ਵਿਚ ਸ਼ਾਮਲ ਹੋਕੇ, ਲੁਤਫਅੰਦੋਜ਼ ਹੋਣ ਦਾ ਸਬੱਬ ਬਣਿਆਂ। ਸਤਿੰਦਰ ਨੂੰ ਉਹਦੇ ਸਾਹਮਣੇ ਬਹਿ ਕੇ ਸੁਣਨ ਤੇ ਮਾਣਨ ਦਾ ਇਹ ਪਹਿਲਾ ਮੌਕਾ ਸੀ। ਸੂਫੀ ਅੰਦਾਜ਼ ਵਿਚ ਵਾਰਿਸ ਸ਼ਾਹ ਵਾਲੀ ਵੇਸ਼ਭੂਸ਼ਾ ਵਿਚ ਸਜਿਆ ਸਤਿੰਦਰ ਸੱਚੀ ਮੁੱਚੀ ਵਾਰਿਸ ਦਾ 'ਵਾਰਿਸ' ਲੱਗਿਆ। ਉਸ ਕੋਲ ਗੁਰਦਾਸ ਮਾਨ ਵਾਂਗ ਸ਼ਾਇਰੀ ਨਾਲ, ਗੱਲਾਂ ਵਿਚੋਂ ਗੱਲ ਫੜ੍ਹਨ ਦੀ ਜੁਗਤ ਵੀ ਹੈ, ਤੇ ਹੰਸ ਰਾਜ ਹੰਸ ਵਾਂਗ ਸੂਫੀਆਨਾ ਪ੍ਰਭਾਵ ਸਿਰਜਣ ਦੀ ਸਲਾਹੀਅਤ ਵੀ। ਸਗੋਂ ਕਈ ਵਾਰ ਤਾਂ ਉਹ ਇਨ੍ਹਾਂ ਦੋਹਾਂ ਤੋਂ ਅਗਾਂਹ ਲੰਘਦਾ ਨਜ਼ਰ ਆਉਂਦੈ। ਸਾਈਂ ਤੋਂ ਸ਼ੁਰੂ ਹੋ ਕੇ ਉਹ ਜਦ ਲਗਾਤਾਰ ਦਰਸ਼ਕਾਂ ਨੂੰ ਆਪਣੀ ਸ਼ਾਇਰੀ ਤੇ ਸੁਰੀਲੀ ਗਾਇਕੀ ਦੇ ਵਹਿਣ ਵਿਚ ਵਹਾਈ ਜਾਂਦੈ ਤਾਂ ਉਹ ਖ਼ੁਦਾ ਦਾ ਭੇਜਿਆ ਕੋਈ ਖ਼ਾਸ ਬੰਦਾ ਲਗਦੈ। ਆਪ ਬੈਠ ਕੇ ਗਾਉਣ ਵਾਲਾ ਸਤਿੰਦਰ, ਦਰਸ਼ਕਾਂ ਦੇ ਸਿਰਾਂ, ਹੱਥਾਂ ਤੇ ਪੈਰਾਂ ਨੂੰ ਹਰਕਤ ਵਿਚ ਰੱਖਦੈ। ਬੱਚਿਆਂ ਨਾਲ ਬੱਚਾ, ਜਵਾਨਾਂ ਨਾਲ ਜਵਾਨ ਤੇ ਬਜ਼ੁਰਗਾਂ ਨਾਲ ਬਜ਼ੁਰਗਾਂ ਵਾਲਾ ਰੰਗ ਸਾਂਝਾ ਕਰਦਾ

ਸਤਿੰਦਰ ਆਪਣੀ ਕਾਬਲੀਅਤ ਦਾ ਐਸਾ ਜਾਦੂ ਬਿਖੇਰਦੈ, ਕਿ ਮੂੰਹੋਂ ਆਪ ਮੁਹਾਰੇ ਨਿੱਕਲਦੈ, 'ਬਈ ਵਾਹ, ਜਿਉਂਦਾ ਰਹਿ ਸੱਜਣਾ।' ਉਹਦੇ ਕਲਾਮ ਵਿਚ ਕਿਤੇ ਕਿਤੇ ਹੱਦ ਦਰਜੇ ਦੀ ਚੋਹਲ-ਮੋਹਲ ਹੁੰਦੀ ਏ ਤੇ ਕਿਤੇ ਉਹ ਐਸੀ ਗੱਲ ਆਖ਼ਦੈ ਕਿ ਦੰਦਾਂ ਥੱਲੇ ਜੀਭ ਆ ਜਾਵੇ। ਗੱਲ ਨੂੰ ਫਰਸ਼ ਤੋਂ ਸ਼ੁਰੂ ਕਰਕੇ ਅਰਸ਼ ਤੱਕ ਲੈ ਜਾਣ ਦਾ ਬਾਕਮਾਲ ਹੁਨਰ ਹੈ ਸਤਿੰਦਰ ਕੋਲ। ਲਫ਼ਜ਼ ਉਹਦੀ ਜ਼ੁਬਾਨੋਂ ਨਿਕਲ ਕੇ ਸਿਧੇ ਸਰੋਤਿਆਂ ਦੇ ਦਿਲ/ਜਿਹਨ ਤੱਕ ਪਰਵਾਜ਼ ਭਰਦੇ ਨੇ। ਅੰਦਰ ਤੱਕ ਹਲੂਣਦੇ ਨੇ।

ਸਤਿੰਦਰ, ਜਿਸ ਦੇ ਪਰਵਾਰ ਵਿਚ ਪਹਿਲਾਂ ਕੋਈ ਗਾਇਕ ਨਹੀਂ ਸੀ, ਸੱਚ ਮੁੱਚ ਸਰਤਾਜ ਹੈ ਅਜੋਕੀ ਗਾਇਕੀ ਦਾ। ਪਰ ਇਸ ਦਾ ਉਸ ਨੂੰ ਗੁਮਾਨ ਨਹੀਂ, ਹੈਂਕੜ ਨਹੀਂ। ਉਹ ਤਾਂ ਇਸ ਗੱਲ ਦਾ ਪੱਲ੍ਹਾ ਫੜ੍ਹ ਕੇ ਵਿਚਰ ਰਿਹੈ ਕਿ ਸ਼ਾਇਰੀ ਦੇ ਘਰ ਦੂਰ ਨੇ ਤੇ ਗਾਇਕੀ ਦੇ ਉਸਤੋਂ ਵੀ ਦੂਰ। ਉਹਨੂੰ ਇਹ ਵੀ ਅਹਿਸਾਸ ਏ ਕਿ ਅਜੇ ਉਹਦੀ ਸ਼ੁਰੂਆਤ ਏ, ਸਫਰ ਤਾਂ ਅਜੇ ਬਹੁਤ ਲੰਮੈਂ।

ਹਾਲੇ ਤਾਂ ਸ਼ੁਰੂਆਤਾਂ ਨੇ
ਰੱਬ ਦੇ ਬਖ਼ਸ਼ੇ ਕਾਜ ਦੀਆਂ।
ਬੜੀਆਂ ਲੰਮੀਆਂ ਰਾਹਵਾਂ ਨੇ,
ਸਤਿੰਦਰ ਤੋਂ ਸਰਤਾਜ ਦੀਆਂ।

ਪਰ ਜੇਕਰ ਨਜ਼ਰ ਮੰਜ਼ਿਲ ਵੱਲ ਸੇਧਤ ਰਹੇ ਤਾਂ ਸਫਰ ਸਫਲ ਹੁੰਦੈ। ਸਤਿੰਦਰ ਦੀਆਂ ਮਜ਼ਲਿਸਾਂ ਵਿਚ ਉਂਝ ਤਾਂ ਭਾਵੇਂ ਹਰ ਉਮਰ ਦੇ ਦਰਸ਼ਕ ਹੁੰਦੇ ਹਨ, ਪਰ ਨੌਜਵਾਨ ਖਾਸ ਖਿੱਚ ਨਾਲ ਆਉਂਦੇ ਹਨ। ਕੋਟਕਪੂਰੇ ਦੀ ਮਹਿਫਲ ਵਿਚ ਚੰਡੀਗੜ੍ਹ ਤੱਕ ਦੇ ਨੌਜਵਾਨ ਮੌਜੂਦ ਸਨ। ਨੌਜਵਾਨ ਉਹਦੀ ਸਾਫ ਸੁਥਰੀ, ਪਤਾ ਨੀ ਕਦੋਂ ਸੰਜੀਦਾ ਹੋ ਜਾਣ ਵਾਲੀ ਗਾਇਕੀ ਦਾ ਪੂਰਾ ਲੁਤਫ ਲੈਂਦੇ ਨੇ। ਸਰਾਬੋਰ ਹੁੰਦੇ ਨੇ। ਝੂਮਦੇ ਨੇ, ਨੱਚਦੇ ਨੇ, ਉਹਦੇ ਨਾਲ ਗਾਉਂਦੇ ਨੇ। ਇਸ ਤਰ੍ਹਾਂ ਜਿਹੜੇ ਲੋਕ ਆਪਣੀ ਗੰਦੀ ਗਾਇਕੀ ਦਾ ਠੀਕਰਾ ਨੌਜਵਾਨ ਪੀੜ੍ਹੀ ਸਿਰ ਭੰਨਦੇ ਨੇ, ਉਨ੍ਹਾਂ ਨੂੰ ਸਤਿੰਦਰ ਦੀਆਂ ਮਹਿਫਲਾਂ ਵਿਚ ਹਾਜ਼ਰੀ ਭਰ ਕੇ ਅਸਲੀਅਤ ਦਾ ਮੰਜ਼ਰ ਤੱਕਣਾ ਚਾਹੀਦੈ। ਸਤਿੰਦਰ ਦੀ



ਸ਼ਾਇਰੀ ਤੇ ਗਾਇਕੀ ਦੱਸਣ ਵਾਲੀ ਨਹੀ, ਮਾਣਨ ਵਾਲੀ ਏ। ਸਤਿੰਦਰ ਦੇ ਗੀਤਾਂ ਦੇ ਵਿਸ਼ਿਆਂ ਵਿਚ ਇਸ਼ਕ ਦੇ ਚਰਚੇ ਸ਼ੁਮਾਰ ਤਾਂ ਨੇ ਪਰ ਉਹ ਨਾ ਤਾਂ ਉਸਦੀ ਸਮੁੱਚਤਾ 'ਤੇ ਹਾਵੀ ਨੇ ਤੇ ਨਾ ਹੀ ਉਨ੍ਹਾਂ ਵਿਚ ਸਿਰਫ ਜਿਸਮ ਭੋਗਣ ਦੀ ਲਾਲਸਾ। ਸਗੋਂ ਉਹ ਰੂਹਾਨੀ ਇਸ਼ਕ ਦੀ ਬਾਤ ਪਾਉਂਦੈ। ਇਹਦੇ ਨਾਲ ਨਾਲ ਉਹਦੇ ਗੀਤਾਂ ਵਿਚ ਸਮਾਜਕ ਸਰੋਕਾਰ ਤੇ ਸਮੇਂ ਦੀ ਮੰਗ ਮੁਤਾਬਿਕ ਸੁਨੇਹੇਂ ਥਾਂ ਥਾਂ ਪਰੋਏ ਹੁੰਦੇ ਨੇ। ਨਾਰੀ ਚੇਤਨਾ ਦੀ ਗੱਲ ਕਰਦਿਆਂ ਸਤਿੰਦਰ ਕਹਿ ਉਠਦੈ :

ਕੁੜੀਓ ਰੋਇਆ ਨਾ ਕਰੋ ਡੁੱਬ ਜਾਣੀਓਂ
ਅੱਥਰੂ ਪਿਰੋਇਆ ਨਾ ਕਰੋ ਡੁੱਬ ਜਾਣੀਓਂ
ਪੂਰਾ ਪੂਰਾ ਹੱਕ ਤੁਹਾਡਾ ਖੁਸ਼ੀ ਦੇ ਖ਼ਜ਼ਾਨਿਆਂ 'ਤੇ,
ਆਖੇ ਸਰਤਾਜ ਰੱਖ ਖ਼ੁਦ ਨੂੰ ਨਿਸ਼ਾਨਿਆਂ 'ਤੇ,
ਅੜੀਓ ਮੋਇਆ ਨਾ ਕਰੋ ਡੁੱਬ ਜਾਣੀਓਂ।

ਮਾਂ ਬੋਲੀ ਪੰਜਾਬੀ ਤੋਂ ਬੇਮੁੱਖ ਹੁੰਦੇ ਪੰਜਾਬੀਆਂ ਨੂੰ ਸਤਿੰਦਰ ਧੁਰ ਅੰਦਰ ਤੱਕ ਬੜੇ ਸਾਦੇ ਸ਼ਬਦਾਂ ਵਿਚ ਝੰਜੋੜਾ ਹੋਇਆ ਆਖਦੈ :

ਮੈਨੂੰ ਜਾਪਦੈ ਜ਼ੁਬਾਨਾਂ ਹੋਰਾਂ ਥੱਲੇ ਦੱਬੀ ਗਈ,
ਰਹਿਗੀ ਫਿੱਕੀ ਫਿੱਕੀ ਭਾਸ਼ਾ ਠੇਠ ਸਾਡੀ ਦੱਬੀ ਗਈ,
ਬੜਾ ਹੋ ਗਿਆ ਪੰਜਾਬੀ ਦਾ ਵੀ ਘਾਣ ਦੋਸਤੋ।
ਮਾਂ ਬੋਲੀ ਨੂੰ ਲੋੜੀਂਦਾ ਦੇਵੋ ਮਾਣ ਦੋਸਤੋ,
ਛੇਤੀ ਸਾਂਭ ਲਓ ਨਾ ਛੱਡਜੇ ਪ੍ਰਾਣ ਦੋਸਤੋ।

ਵਾਤਾਵਰਣ ਵਿਚ ਪੈਦਾ ਹੋ ਰਿਹਾ ਵਿਗਾੜ ਤੇ ਵਿਗਾੜ ਨੂੰ ਅਣਡਿੱਠ ਕਰਕੇ ਮਨੁੱਖਾਂ ਵੱਲੋਂ ਆਪਣੀਆਂ (ਬਾਕੀ ਸਫ਼ਾ 30 'ਤੇ)

## ਹਰਫ਼ਾਂ ਦੇ ਨੂਰ

# ਸ਼ਰਾਰਤੀ ਅਨਸਰਾਂ ਤੋਂ ਸੁਚੇਤ ਰਹਿਣ ਦੀ ਲੋੜ

ਗੁਰਦੀਸ਼ ਕੌਰ ਗਰੇਵਾਲ
ਕੈਲਗਰੀ
ਵਟਸਐਪ: +91 98728 60488

ਅਜੋਕੇ ਯੁੱਗ ਵਿੱਚ, ਹਰ ਖੇਤਰ ਵਿੱਚ ਸ਼ਰਾਰਤੀ ਅਨਸਰ ਦੇਖਣ ਨੂੰ ਮਿਲਦੇ ਹਨ- ਚਾਹੇ ਉਹ ਧਾਰਮਿਕ ਹੈ, ਸਮਾਜਿਕ ਹੈ ਜਾਂ ਕੋਈ ਹੋਰ ਖੇਤਰ। ਇਹ ਲੋਕ ਹਮੇਸ਼ਾ ਭੋਲੇ ਪੰਛੀਆਂ ਦੀ ਤਲਾਸ਼ ਵਿੱਚ ਰਹਿੰਦੇ ਹਨ। ਇਹ ਲੋਕ ਪਹਿਲਾਂ ਮਿੱਠੇ ਪਿਆਰੇ ਹੋ ਕੇ ਤੁਹਾਡੇ ਨਾਲ ਨੇੜਤਾ ਵਧਾਉਂਦੇ ਹਨ, ਫਿਰ ਤੁਹਾਡੀ ਨਿੱਜੀ ਜ਼ਿੰਦਗੀ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਨ ਅਤੇ ਫਿਰ ਤੁਹਾਡੀ ਕਮਜ਼ੋਰੀ ਜਾਂ ਜ਼ਰੂਰਤ ਲੱਭ ਕੇ- ਉਸ ਦੇ ਸਹਾਰੇ ਆਪਣਾ ਉੱਲੂ ਸਿੱਧਾ ਕਰਦੇ ਹਨ। ਕਿਤੇ ਕਿਤੇ ਇਹ ਲੋਕ ਆਪਣੇ ਮਨਸੂਬੇ ਨੂੰ ਪੂਰਾ ਕਰਨ ਲਈ, ਕੁੱਝ ਔਰਤਾਂ ਦਾ ਸਹਾਰਾ ਵੀ ਲੈ ਲੈਂਦੇ ਹਨ- ਜੋ ਇਨ੍ਹਾਂ ਲੋਕਾਂ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹ ਦਿੰਦੀਆਂ ਹਨ। ਮੇਰੀਆਂ ਭੈਣਾਂ (ਸਾਰੀਆਂ ਨਹੀਂ) ਇਨ੍ਹਾਂ ਦੇ ਵਿਛਾਏ ਜਾਲ ਵਿੱਚ ਛੇਤੀ ਫਸ ਜਾਂਦੀਆਂ ਹਨ- ਕਿਉਂਕਿ ਉਹ ਜਲਦੀ ਭਰੋਸਾ ਕਰ ਲੈਂਦੀਆਂ ਹਨ, ਜਦ ਕਿ ਮਰਦ ਲੋਕ ਛੇਤੀ ਕੀਤੇ ਕਿਸੇ ਤੇ ਵਿਸ਼ਵਾਸ ਨਹੀਂ ਕਰਦੇ। ਸਾਨੂੰ ਇਨ੍ਹਾਂ ਲੋਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਕਿਸੇ ਵੀ ਖੇਤਰ ਵਿੱਚ ਜਦੋਂ ਅਸੀਂ ਨਵੇਂ ਨਵੇਂ ਵਿਚਰਦੇ ਹਾਂ ਤਾਂ ਸਾਨੂੰ ਬਹੁਤ ਜ਼ਿਆਦਾ ਚਾਪਲੂਸੀ ਕਰਨ ਵਾਲਿਆਂ ਤੇ ਅਸਲੀ ਹਮਦਰਦ ਹੋਣ ਵਾਲਿਆਂ ਦੀ ਸਹੀ ਪਛਾਣ ਕਰਨੀ ਆਉਣੀ ਚਾਹੀਦੀ ਹੈ- ਤਾਂ ਹੀ ਅਸੀਂ ਇਹਨਾਂ ਤੋਂ ਬਚ ਸਕਦੇ ਹਾਂ। ਹੁਣ ਇਨ੍ਹਾਂ ਲੋਕਾਂ ਨੇ ਸਾਹਿਤ ਦੇ ਖੇਤਰ ਵਿੱਚ ਵੀ ਘੁਸਪੈਠ ਕਰ ਲਈ ਹੈ- ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ। ਇਹ ਨਵੇਂ ਲੇਖਕ/ਲੇਖਕਾਵਾਂ ਦੀ ਤਲਾਸ਼ ਵਿੱਚ ਰਹਿੰਦੇ ਹਨ। ਇਹ ਉਨ੍ਹਾਂ ਦੀ ਰਚਨਾ ਅਖ਼ਬਾਰ ਵਿੱਚ ਛਪਾਉਣ, ਪੁਸਤਕ ਛਪਾਉਣ, ਮੁੱਖ ਬੰਦ ਲਿਖਣ ਜਾਂ ਲਿਖਵਾਉਣ, ਪੁਸਤਕ ਦਾ ਰੀਵਿਊ ਲਿਖਣ ਜਾਂ ਕਿਸੇ ਨਾਮਵਰ ਲੇਖਕ ਤੋਂ ਲਿਖਵਾਉਣ ਦੇ ਬਹਾਨੇ, ਉਨ੍ਹਾਂ ਨਾਲ ਹਮਦਰਦੀ ਜਤਾ ਕੇ ਜਾਂ ਕਹਿ ਲਵੋ ਝਾਂਸਾ ਦੇ ਕੇ, ਉਨ੍ਹਾਂ ਤੋਂ ਜਾਇਜ਼ ਨਜਾਇਜ਼ ਫ਼ਾਇਦਾ ਲੈਂਦੇ ਹਨ। ਗੁੰਮਰਾਹ ਕਰਦੇ ਹਨ। ਮੈਂ ਆਪਣੇ ਨਿੱਜੀ ਤਜਰਬੇ ਤੋਂ ਦੱਸ ਰਹੀ ਹਾਂ- ਕਿ ਕੋਈ ਵੀ ਅਖ਼ਬਾਰ ਜਾਂ ਮੈਗਜ਼ੀਨ ਕਿਸੇ ਲੇਖਕ ਦੀ ਰਚਨਾ ਛਾਪਣ ਲਈ ਕੋਈ ਫ਼ੀਸ ਨਹੀਂ ਲੈਂਦਾ- ਸਗੋਂ ਕੁੱਝ ਨਾਮਵਰ ਅਖ਼ਬਾਰ (ਸਾਰੇ ਨਹੀਂ) ਤਾਂ ਲੇਖਕ ਨੂੰ ਲਿਖਿਤ ਦਾ ਇਵਜ਼ਾਨਾ ਵੀ ਦਿੰਦੇ ਹਨ। ਅਖ਼ਬਾਰਾਂ ਵਾਲਿਆਂ ਨੂੰ ਵੀ ਚੰਗੀਆਂ ਲਿਖਤਾਂ ਦੀ ਜ਼ਰੂਰਤ ਹੁੰਦੀ ਹੈ। ਮੈਂ ਪਿਛਲੇ 15-20 ਸਾਲਾਂ ਤੋਂ ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਵਿੱਚ ਛਪਦੀ ਆ ਰਹੀ ਹਾਂ- ਕਦੇ ਕਿਸੇ ਨੇ ਕੁੱਝ ਨਹੀਂ ਦਿੱਤਾ। ਰਚਨਾ ਭੇਜ ਕੇ ਭੁੱਲ ਜਾਓ- ਜੇ ਸੰਪਾਦਕ ਨੂੰ ਠੀਕ ਲੱਗੀ ਤਾਂ ਦੇਰ ਸਵੇਰ ਛਪ ਜਾਏਗੀ ਨਹੀਂ ਤਾਂ ਨਾ ਵੀ ਛਪੀ ਤਾਂ ਢੇਰੀ ਢਾਉਣ ਦੀ ਲੋੜ ਨਹੀਂ। ਕਲਮ ਨੂੰ ਹੋਰ ਨਿਖਾਰੋ, ਕਿਸੇ ਨਵੇਂ ਵਿਸ਼ੇ 'ਤੇ ਲਿਖੋ, ਸਮਾਜ ਦੀਆਂ ਸਮੱਸਿਆਵਾਂ ਤੇ ਸੇਧ ਦੇਣ ਵਾਲੀਆਂ ਰਚਨਾਵਾਂ ਲਿਖੋ।

ਕਹਿੰਦੇ ਹਨ ਕਿ ਸੌ ਸਫ਼ਾ ਪੜ੍ਹਨ ਬਾਅਦ ਇੱਕ ਸਫ਼ਾ ਲਿਖੋ। ਸੋ, ਲਿਖਣ ਲਈ ਚੰਗੀਆਂ ਲਿਖਤਾਂ- ਅਖ਼ਬਾਰਾਂ, ਮੈਗਜ਼ੀਨ, ਵਟਸਐਪ, ਫੇਸ ਬੁੱਕ..ਜਿੱਥੇ ਵੀ ਮਿਲਣ- ਸਮਾਂ ਕੱਢ ਕੇ ਪੜ੍ਹਨ ਦਾ ਯਤਨ ਕਰੋ। ਕਾਹਲੇ ਪੈਣ ਜਾਂ ਕਿਸੇ ਦੀ ਮਿੰਨਤ ਕਰਨ ਦੀ ਲੋੜ ਨਹੀਂ, ਨਾਲੇ ਹੁਣ ਤਾਂ ਔਨਲਾਈਨ ਅਖ਼ਬਾਰਾਂ ਮੈਗਜ਼ੀਨ ਐਨੇ ਹਨ- ਜੋ ਛਾਪਣ ਲਈ ਇੱਕ ਮਿੰਟ ਲਾਉਂਦੇ ਹਨ। ਬਾਕੀ ਰਹੀ ਕਿਤਾਬ ਛਪਵਾਉਣ ਦੀ ਗੱਲ! ਉਸ ਲਈ ਪਹਿਲਾਂ ਆਪਣੀਆਂ ਰਚਨਾਵਾਂ ਦੀ ਉਸਤਾਦਾਂ ਕੋਲੋਂ ਸੁਧਾਈ ਕਰਾ ਲੈਣੀ ਚਾਹੀਦੀ ਹੈ ਚਾਹੇ ਕੁੱਝ ਸਮਾਂ ਵੱਧ ਲੱਗ ਜਾਵੇ। ਹਾਂ- ਪਰ ਦੇਖਣਾ ਇਸ ਕੰਮ ਲਈ ਵੀ ਕਿਸੇ ਸ਼ਰਾਰਤੀ ਅਨਸਰ ਦੇ ਹੱਥੀਂ ਨਾ ਚੜ੍ਹ ਜਾਣਾ। ਅਜਿਹੇ ਲੋਕਾਂ ਦੀ ਗੱਲ ਬਾਤ ਤੋਂ, ਹਰਕਤਾਂ ਤੋਂ ਜਾਂ ਉਨ੍ਹਾਂ ਦੀ ਤੱਕਣੀ ਤੋਂ- ਅੰਦਾਜ਼ਾ ਲੱਗ ਜਾਂਦਾ ਹੈ ਕਿ- ਉਨ੍ਹਾਂ ਦੀ ਚਾਹਤ ਕੀ ਹੈ? ਆਪਣਾ ਨਾਮ ਬਣਾਉਣ ਲਈ, ਆਪਣੇ ਕੈਰੀਅਰ ਲਈ- ਕਦੇ ਵੀ ਕਿਸੇ ਨਾਲ ਕੋਈ ਸਮਝੌਤਾ ਕਰਨ ਦੀ ਜ਼ਰੂਰਤ ਨਹੀਂ। ਸਮਾਂ ਪਾ ਕੇ, ਤੁਹਾਡੇ ਗੁਣ, ਤੁਹਾਡੀ ਮਿਹਨਤ ਜ਼ਰੂਰ ਰੰਗ ਲਿਆਏਗੀ..ਰੱਬ ਤੇ ਭਰੋਸਾ ਰੱਖੋ। ਉਸ ਤੋਂ ਬਾਅਦ ਪ੍ਰਕਾਸ਼ਕ ਨਾਲ ਸਿੱਧੀ ਗੱਲ ਕਰੋ-ਕੋਈ ਲੋੜ ਨਹੀਂ ਵਿਚੋਲਿਆਂ ਦੀ। ਬਾਕੀ ਮੁੱਖ ਬੰਦ ਲਿਖਣ ਲਿਖਾਉਣ ਲਈ ਮੈਂ ਤਾਂ ਅੱਜ ਤੱਕ ਕਿਸੇ ਨੂੰ ਕੁੱਝ ਨਹੀਂ ਦਿੱਤਾ ਤੇ ਨਾ ਹੀ ਕਿਸੇ ਨੇ ਮੰਗਿਆ, ਹਾਂ- ਪੁਸਤਕ ਛਪਣ ਤੇ ਜ਼ਰੂਰ ਸਤਿਕਾਰ ਸਹਿਤ ਭੇਟ ਕਰ ਦੇਈਦੀ ਹੈ।

ਅੰਤ ਵਿੱਚ ਮੈਂ ਆਪਣੇ ਤੋਂ ਛੋਟੀਆਂ ਭੈਣਾਂ, ਬੱਚੇ, ਬੱਚੀਆਂ ਨੂੰ ਇਨ੍ਹਾਂ ਲੋਕਾਂ ਤੋਂ ਚੌਕੰਨੇ ਕਰਦੀ ਹੋਈ, ਅਰਦਾਸ ਕਰਦੀ ਹਾਂ ਕਿ- ਪ੍ਰਮਾਤਮਾ ਉਨ੍ਹਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ- ਇਨ੍ਹਾਂ ਸ਼ਰਾਰਤੀ ਅਨਸਰਾਂ ਤੋਂ ਬਚਾ ਕੇ ਰੱਖੇ ਤੇ ਇਹ ਬੱਚੇ ਆਪਣੀ ਮਿਹਨਤ, ਲਗਨ ਤੇ ਲਿਆਕਤ ਦੇ ਬਲਬੂਤੇ ਆਪਣੀਆਂ ਮੰਜ਼ਿਲਾਂ ਸਰ ਕਰਨ ਵਿੱਚ ਕਾਮਯਾਬ ਹੋਣ।

## ਹੈਲਥ ਨਿਊਜ਼

# ਸਮਾਰਟ ਫ਼ੋਨ ਦੀ ਆਦਤ ਕਾਰਨ ਵਧ ਰਹੇ ਹਨ ਇਹ 6 ਤਰ੍ਹਾਂ ਦੇ ਦਰਦ

ਰੋਜ਼ਾਨਾ ਅਤੇ ਲਗਾਤਾਰ ਫ਼ੋਨ ਦੀ ਵਰਤੋਂ ਕਰਨ ਨਾਲ ਸਾਡਾ ਸਰੀਰ ਤਣਾਅ ਵਿਚ ਰਹਿੰਦਾ ਹੈ, ਇਸ ਨੂੰ ਸਹੀ ਆਰਾਮ ਨਹੀਂ ਮਿਲਦਾ ਅਤੇ ਇਸ ਥਕਾਵਟ ਦਾ ਅਸਰ ਸਰੀਰ ਦੇ ਕਈ ਹਿੱਸਿਆਂ ਵਿਚ ਦੇਖਿਆ ਜਾਂਦਾ ਹੈ।

ਅੱਜ ਕੱਲ੍ਹ ਆਉਣ ਵਾਲੇ ਸਮਾਰਟਫ਼ੋਨਸ ਦਾ ਆਕਾਰ ਕਾਫ਼ੀ ਵੱਡਾ ਹੈ। ਦਿਨ ਭਰ ਸੋਸ਼ਲ ਮੀਡੀਆ 'ਤੇ ਐਕਟਿਵ ਰਹਿਣ ਕਾਰਨ ਸਾਡੇ ਹੱਥ ਦੀ ਛੋਟੀ ਉਂਗਲੀ ਬਹੁਤ ਜ਼ਿਆਦਾ ਝੁਕ ਜਾਂਦੀ ਹੈ, ਜਿਸ ਕਾਰਨ ਕੁਝ ਸਮੇਂ ਲਈ ਉਸ 'ਚ ਦਰਦ ਸ਼ੁਰੂ ਹੋ ਜਾਂਦਾ ਹੈ। ਇਹ ਦਰਦ ਆਉਂਦਾ ਅਤੇ ਜਾਂਦਾ ਹੈ, ਪਰ ਡਾਕਟਰ ਇਸ ਬਾਰੇ ਚੇਤਾਵਨੀ ਦਿੰਦੇ ਹਨ, ਕਿ ਲੰਬੇ ਸਮੇਂ ਵਿੱਚ ਇਸ ਨਾਲ ਉਂਗਲੀ ਵਿੱਚ ਅਕੜਾਅ ਵੀ ਆ ਸਕਦਾ ਹੈ। ਭਵਿੱਖ ਵਿੱਚ ਉਂਗਲਾਂ ਦੇ ਅਕੜਾਅ ਤੋਂ ਬਚਣ ਲਈ ਫ਼ੋਨ ਦੀ ਵਰਤੋਂ ਨੂੰ ਸੀਮਤ ਕਰੋ।

ਜਿਵੇਂ ਕਿ ਨਾਮ ਤੋਂ ਪਤਾ ਲੱਗਦਾ ਹੈ, ਲਗਾਤਾਰ ਫ਼ੋਨ ਨੂੰ ਦੇਖਣ ਨਾਲ ਗਰਦਨ ਨੂੰ ਲਗਾਤਾਰ ਝੁਕਿਆ ਰਹਿੰਦਾ ਹੈ, ਜੋ ਕਿ ਇਸਦੀ ਸਹੀ ਸਥਿਤੀ ਨਹੀਂ ਹੈ। ਇਸ ਨਾਲ ਗਰਦਨ 'ਤੇ ਬਹੁਤ ਦਬਾਅ ਪੈਂਦਾ ਹੈ ਅਤੇ ਤੁਹਾਨੂੰ



ਅਕਸਰ ਗਰਦਨ ਦੇ ਮੋਢਿਆਂ 'ਤੇ ਦਰਦ ਰਹਿੰਦਾ ਹੈ। ਇਸ ਤਰ੍ਹਾਂ ਦੇ ਦਰਦ ਤੋਂ ਬਚਣ ਲਈ ਫ਼ੋਨ ਨੂੰ ਅੱਖਾਂ ਦੇ ਪੱਧਰ 'ਤੇ ਰੱਖਣ ਦੀ ਕੋਸ਼ਿਸ਼ ਕਰੋ।

ਕੁਝ ਸਮਾਂ ਪਹਿਲਾਂ ਕੀਤੇ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ 18 ਤੋਂ 24 ਸਾਲ ਦੀ ਉਮਰ ਦੇ 84 ਪ੍ਰਤੀਸ਼ਤ ਨੌਜਵਾਨ ਪਿੱਠ ਦਰਦ ਤੋਂ ਪੀੜਤ ਹਨ। ਇਹ ਉਹ ਉਮਰ ਹੈ ਜਿਸ ਦੌਰਾਨ ਤੁਸੀਂ ਸਿਹਤ ਦੇ ਸਿਖਰ 'ਤੇ ਹੁੰਦੇ ਹੋ, ਇਸ ਲਈ ਸਰੀਰ ਵਿੱਚ ਲਗਾਤਾਰ ਦਰਦ ਹੋਣਾ ਠੀਕ ਨਹੀਂ ਹੈ। ਮੋਬਾਈਲ ਅਤੇ ਨਵੀਂ ਤਕਨੀਕ ਦੇ ਇਸ ਯੁੱਗ ਵਿੱਚ ਅਸੀਂ ਲਗਾਤਾਰ ਸਿਰ ਝੁਕਾਉਂਦੇ ਜਾ ਰਹੇ ਹਾਂ।

ਅਸੀਂ ਸਾਰਾ ਦਿਨ ਮੋਬਾਈਲ 'ਤੇ ਸੋਸ਼ਲ ਮੀਡੀਆ ਰਾਹੀਂ ਸਕ੍ਰੋਲ ਕਰਨ ਤੋਂ (ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਬੱਚਿਆਂ ਲਈ ਸਰੀਰਕ ਖੇਡਾਂ ਸਮੇਂ ਦੀ ਲੋੜ

**ਪ੍ਰਿੰ. ਸਰਵਣ ਸਿੰਘ**



ਇੱਕੀਵੀਂ ਸਦੀ ਨੂੰ ਕੰਪਿਊਟਰ, ਮੋਬਾਈਲ ਤੇ ਇੰਟਰਨੈੱਟ ਦਾ ਯੁਗ ਕਿਹਾ ਜਾ ਰਿਹੈ। ਇਸ ਦੌਰ ਦੀਆਂ ਖੇਡਾਂ ਵੀ ਕੰਪਿਊਟਰੀ ਹੋ ਰਹੀਐਂ। ਬੱਚੇ ਬੈਠੇ ਬਿਠਾਏ ਕੰਪਿਊਟਰੀ ਖੇਡਾਂ ਵਿਚ ਮਸਤ ਹੋ ਰਹੇ ਨੇ। ਬਹੁਤ ਸਾਰੇ ਮਾਪੇ ਵੀ ਆਪਣੇ ਬੱਚਿਆਂ ਨੂੰ ਅਜਿਹੀਆਂ ਖੇਡਾਂ ਵਿਚ ਮਸਤ ਵੇਖ ਕੇ ਮਸਤ ਨੇ। ਅਖੇ ਸਾਡਾ ਬੱਚਾ ਸਮੇਂ ਦੇ ਹਾਣ ਦਾ ਹੋ ਰਿਹੈ! ਇਨਫਰਮੇਸ਼ਨ ਟੈਕਨਾਲੋਜੀ ਦੇ ਲੜ ਲੱਗ ਰਿਹੈ। ਇਹਦੇ ਵਿਚ ਈ ਇਹਦਾ 'ਕੈਰੀਅਰ' ਏ। ਕੀ ਲੈਣੈ ਇਹਨੇ ਸਰੀਰਕ ਖੇਡਾਂ ਤੋਂ? ਕਿਉਂ ਸਮਾਂ ਜ਼ਾਇਆ ਕਰੇ ਜ਼ੋਰ ਲਾਉਣ ਵਾਲੀਆਂ ਖੇਡਾਂ 'ਤੇ? ਕਿਉਂ ਹੋਵੇ ਮੁੜ੍ਹਕੋ-ਮੁੜ੍ਹਕੀ? ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਸਰੀਰ ਨਾਲ ਹੀ ਦਿਮਾ.ਗ ਹੈ। ਸਿਆਣਿਆਂ ਨੇ ਬਹੁਤ ਪਹਿਲਾਂ ਕਿਹਾ ਸੀ ਕਿ ਤੇਜ਼ ਦਿਮਾ.ਗ ਦਾ ਵਾਸ ਤਕੜੇ ਸਰੀਰ ਵਿਚ ਹੀ ਹੋ ਸਕਦੈ। ਸਿਹਤ ਨਹੀਂ ਤਾਂ ਕੁਝ ਵੀ ਨਹੀਂ। ਸਰੀਰੋਂ ਮਾੜੇ ਬਿਮਾਰ ਬੰਦੇ ਲਈ ਧਨ ਦੌਲਤ, ਹੁਸਨ, ਜੁਆਨੀ, ਇਸ਼ਕ, ਖ਼ੁਸ਼ੀ ਖੇੜੇ ਤੇ ਪ੍ਰਸੰਨ ਲੰਮੀ ਉਮਰ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਜਾਨ ਨਾਲ ਈ ਜਹਾਨ ਐ। ਜਾਨਦਾਰ ਬੰਦੇ ਨੂੰ ਹੀ ਦੁਨੀਆ ਸੋਹਣੀ ਲੱਗਦੀ ਐ।

ਹਰ ਬੱਚੇ ਅੰਦਰ ਹਾਕੀ ਦਾ 'ਗੋਲ ਕਿੰਗ' ਬਲਬੀਰ ਸਿੰਘ ਮੌਜੂਦ ਹੁੰਦੈ ਤੇ ਹਰੇਕ ਅੰਦਰ 'ਫਲਾਈਂਗ ਸਿੱਖ' ਮਿਲਖਾ ਸਿੰਘ। ਕਿਸੇ ਅੰਦਰੋਂ ਜਾਗ ਪੈਂਦੈ, ਕਿਸੇ ਅੰਦਰ ਸੁੱਤਾ ਰਹਿੰਦੈ। ਕੋਈ ਜਗਾਉਂਦਾ ਈ ਨਹੀਂ। ਊਧਮ ਸਿੰਘ, ਬਿਸ਼ਨ ਸਿੰਘ ਬੇਦੀ, ਜਰਨੈਲ ਸਿੰਘ, ਪ੍ਰਿਥੀਪਾਲ ਸਿੰਘ, ਕਰਤਾਰ ਸਿੰਘ, ਪਰਗਟ ਸਿੰਘ ਤੇ ਅਭਿਨਵ ਬਿੰਦਰਾ ਵਰਗੇ ਖਿਡਾਰੀ ਬੱਚਿਆਂ ਅੰਦਰੋਂ ਜਾਗ ਕੇ ਹੀ ਵੱਡੇ ਹੁੰਦੇ ਰਹੇ। ਉਨ੍ਹਾਂ ਦੀ ਮਹਿਮਾਂ ਦੂਰ ਦੂਰ ਤਕ ਪਹੁੰਚੀ। ਹਰ ਬੱਚਾ ਗੁਣਾਂ ਦੀ ਖਾਣ ਹੁੰਦੈ। ਉਸ ਨੂੰ ਯੋਗ ਹਾਲਾਤ ਮਿਲ ਜਾਣ ਤਾਂ ਉਹ ਕੁਝ ਵੀ ਕਰ ਸਕਦੈ। ਉਹ ਖੇਡਾਂ ਦਾ ਕੌਮੀ/ਕੌਮਾਂਤਰੀ ਚੈਂਪੀਅਨ ਬਣ ਸਕਦੈ, ਨਾਮੀ ਕਲਾਕਾਰ, ਡਾਕਟਰ, ਵਕੀਲ, ਇੰਜਨੀਅਰ, ਸਿਆਸਤਦਾਨ ਤੇ ਵੱਡਾ ਵਿਦਵਾਨ ਯਾਨੀ ਕੁਝ ਵੀ ਬਣ ਕੇ ਵਿਖਾ ਸਕਦੈ। ਨਾ ਧਿਆਨ ਦੇਈਏ ਤਾਂ ਬਦਮਾਸ਼, ਚੋਰ, ਡਾਕੂ ਵੀ ਬਣ ਸਕਦੈ। ਬੱਚੇ ਅੰਦਰ ਕੁਝ ਵੀ ਬਣਨ ਦੀਆਂ ਅਥਾਹ ਸੰਭਾਵਨਾਵਾਂ ਹੁੰਦੀਆਂ ਹਨ। ਪਹਿਲੀ ਲੋੜ ਉਨ੍ਹਾਂ ਨੂੰ ਪਛਾਣਨ ਦੀ ਹੈ ਤੇ ਦੂਜੀ ਉਨ੍ਹਾਂ ਨੂੰ ਸਾਣ ਚਾੜ੍ਹਨ ਦੀ।

ਅਜੋਕੇ ਦੌਰ 'ਚ ਆਮ ਮਾਪਿਆਂ ਦੇ ਸਿਰਾਂ ਉਤੇ ਆਪਣੇ ਬੱਚਿਆਂ ਦਾ ਵਧੀਆ 'ਕੈਰੀਅਰ' ਬਣਾਉਣ ਦਾ ਭੂਤ ਸਵਾਰ ਹੈ। 'ਵਧੀਆ' ਕੈਰੀਅਰ ਬਣਾਉਂਦਿਆਂ ਉਨ੍ਹਾਂ ਨੇ ਬੱਚਿਆਂ ਦਾ ਬਚਪਨ ਖੋਹ ਲਿਆ ਹੈ ਤੇ ਜੁਆਨਾਂ ਦੀ ਜੁਆਨੀ। ਖੇਡਣ ਮੱਲ੍ਹਣ ਵਾਲੇ ਬਾਦਸ਼ਾਹੀ ਬਚਪਨ ਨੂੰ ਪੜ੍ਹਾਈ ਲਿਖਾਈ ਦੇ ਬਸਤਿਆਂ ਵਿਚ ਦੱਬ ਦਿੱਤਾ ਹੈ ਤੇ ਵਿਆਹ ਸ਼ਾਦੀ ਵਾਲੀ ਜੁਆਨੀ ਕੈਰੀਅਰ ਦੀਆਂ ਮੰਜ਼ਿਲਾਂ ਮਾਰਨ ਦੇ ਲੇਖੇ ਲਾ ਦਿੱਤੀ ਹੈ। ਵਿਆਹ ਸ਼ਾਦੀਆਂ ਹੁਣ ਢਲਦੀ ਜੁਆਨੀ 'ਚ ਹੋਣ ਲੱਗੀਆਂ ਹਨ ਤੇ ਬੁਢੇਪਾ ਜੁਆਨੀ ਦੇ ਝੋਰੇ ਝੁਰਦਿਆਂ ਲੰਘਦਾ ਹੈ। ਜਿਸ ਜੀਵਨ ਵਿਚ ਨਾ ਬਚਪਨ ਮਾਣਿਆਂ ਜਾ ਸਕੇ, ਨਾ ਜੁਆਨੀ, ਉਹ ਕਾਹਦਾ ਜੀਵਨ! ਕੁਦਰਤੀ ਵਹਾਅ ਦੇ ਉਲਟ



ਵਹਿਣ ਦਾ ਨਤੀਜਾ ਵੀ ਉਲਟ ਈ ਨਿਕਲਦੈ। ਅਨੇਕਾਂ ਬੱਚਿਆਂ ਨੂੰ ਪੜ੍ਹਾਈ ਲਿਖਾਈ ਦੇ ਬੋਝ ਥੱਲੇ ਏਨਾ ਦੱਬ ਦਿੱਤਾ ਜਾਂਦੈ ਕਿ ਸਰੀਰਕ ਖੇਡਾਂ ਖੇਡਣ ਦਾ ਕੋਈ ਵਕਤ ਈ ਨਹੀਂ ਬਚਦਾ। ਕੋਈ ਕਸਰਤ ਨਹੀਂ ਹੁੰਦੀ, ਕੋਈ ਜ਼ੋਰ ਨਹੀਂ ਲੱਗਦਾ, ਜਿਸ ਕਰਕੇ ਸਰੀਰ ਨਾ ਜ਼ੋਰਾਵਰ ਬਣਦੈ ਨਾ ਹੰਢਣਸਾਰ। ਅਜਿਹੇ ਬੱਚੇ ਪੜ੍ਹਾਈ ਲਿਖਾਈ ਵਿਚ ਤਾਂ ਚੰਗੇ ਨੰਬਰ ਲੈ ਜਾਂਦੇ ਨੇ ਪਰ ਸਿਹਤ ਪੱਖੋਂ ਨਿੱਘਰ ਜਾਂਦੇ ਨੇ।

ਜੇਕਰ ਕੈਰੀਅਰ ਬਣਾਉਣ ਦੀ ਗੱਲ ਹੀ ਕਰਨੀ ਹੋਵੇ ਤਾਂ ਪੜ੍ਹਾਈ ਲਿਖਾਈ ਦੇ ਨਾਲ ਜ਼ੋਰ ਲੁਆਉਣ ਵਾਲੀਆਂ ਖੇਡਾਂ ਖੇਡ ਕੇ ਕੈਰੀਅਰ ਹੋਰ ਵੀ ਚੰਗਾ ਬਣ ਸਕਦੈ। ਅਜਿਹੇ ਸੁਆਲ ਅਕਸਰ ਪੁੱਛੇ ਜਾਂਦੇ ਨੇ ਕਿ ਬੱਚਿਆਂ ਨੂੰ ਕਿਹੜੀਆਂ ਖੇਡਾਂ ਵਿਚ ਪਾਈਏ? ਖੇਡਾਂ ਬਹੁਤ ਹਨ ਤੇ ਹਰ ਖੇਡ ਦੀ ਆਪਣੀ ਅਹਿਮੀਅਤ ਹੈ। ਕਈ ਖੇਡਾਂ ਨਿਰੀਆਂ ਦਿਮਾਗੀ ਹੁੰਦੀਆਂ ਹਨ ਤੇ ਕਈ ਦਿਮਾਗੀ ਹੋਣ ਦੇ ਨਾਲ ਜਿਸਮਾਨੀ ਵੀ ਹੁੰਦੀਆਂ ਹਨ। ਬੱਚਿਆਂ ਨੂੰ ਦੋਹਾਂ ਤਰ੍ਹਾਂ ਦੀਆਂ ਖੇਡਾਂ ਪਸੰਦ ਹਨ। ਅਖ਼ਬਾਰੀ ਬੁਝਾਰਤਾਂ, ਤਾਸ਼, ਸ਼ਤਰੰਜ, ਕੰਪਿਊਟਰ ਤੇ ਆਈ ਪੌਡ ਦੀਆਂ ਖੇਡਾਂ ਨਿਰੋਲ ਦਿਮਾਗੀ ਹਨ। ਜੁੱਸੇ ਦਾ ਇਨ੍ਹਾਂ ਵਿਚ ਕੋਈ ਜ਼ੋਰ ਨਹੀਂ ਲੱਗਦਾ ਜਿਸ ਕਰਕੇ ਸਰੀਰਕ ਕਸਰਤ ਨਹੀਂ ਹੁੰਦੀ। ਆਮ ਵੇਖਿਆ ਗਿਐ ਕਿ ਜਿਹੜੇ ਬੱਚੇ ਸਰੀਰਕ ਜ਼ੋਰ ਲੁਆਉਣ ਵਾਲੀਆਂ ਖੇਡਾਂ ਨਹੀਂ ਖੇਡਦੇ ਉਹ ਸਿਹਤ ਪੱਖੋਂ ਕਮਜ਼ੋਰ ਰਹਿ ਜਾਂਦੇ ਨੇ ਤੇ ਬਿਮਾਰੀਆਂ ਦਾ ਸਿ.ਕਾਰ ਹੁੰਦੇ ਰਹਿੰਦੇ ਨੇ। ਉਨ੍ਹਾਂ ਨੂੰ ਨਾ ਪੂਰੀ ਭੁੱਖ ਲੱਗਦੀ ਹੈ ਤੇ ਨਾ ਪੂਰੀ ਨੀਂਦ ਆਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕੁਦਰਤੀ ਜਜ਼ਬੇ 'ਨੱਚਣ ਕੁੱਦਣ ਮਨ ਕਾ ਚਾਓ' ਅਨੁਸਾਰ ਬੱਚਿਆਂ ਨੂੰ ਦੌੜਨ ਕੁੱਦਣ ਵਾਲੀਆਂ ਖੇਡਾਂ ਖੇਡਣ ਦੇ ਵੀ ਮੌਕੇ ਮੁਹੱਈਆ ਕਰਵਾਏ ਜਾਣ। ਬੱਚਿਆਂ ਦੀ ਬਿਹਤਰ ਸਿਹਤ ਤੇ ਚੰਗੇ ਕੈਰੀਅਰ ਬਣਾਉਣ ਲਈ ਸੰਤੁਲਤ ਪਹੁੰਚ ਅਪਨਾਉਣ ਦੀ ਲੋੜ ਹੈ ਨਾ ਕਿ ਇਕੋ ਪਾਸੇ ਉਲਾਰ ਹੋਣ ਦੀ। ਹੁਣ ਤਾਂ ਜੋ.ਰ ਵਾਲੀਆਂ ਖੇਡਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫ਼ੇ ਵੀ ਹਨ, ਵਾਧੂ ਅੰਕ ਵੀ, ਵਿਸ਼ੇਸ਼ ਕੋਰਸਾਂ ਵਿਚ ਦਾਖਲੇ ਲਈ ਰਿਜ਼ਰਵ ਸੀਟਾਂ ਵੀ ਤੇ ਮਹਿਕਮਿਆਂ ਵਿੱਚ ਰਾਖਵੀਆਂ ਨੌਕਰੀਆਂ ਵੀ। ਹੁਣ ਖੇਡਾਂ ਵਿੱਚ ਲੱਖਾਂ ਨਹੀਂ ਕਰੋੜਾਂ ਦੇ ਇਨਾਮ ਹਨ ਤੇ ਮਾਨ ਸਨਮਾਨ ਵਾਧੂ ਦੇ। ਕੋਈ ਅੱਗੇ ਵਧ ਕੇ ਤਾਂ ਵਿਖਾਵੇ !ਬੱਚਿਆਂ ਨੂੰ ਖੇਡਾਂ ਵਿਚ ਪਾਉਣ ਲਈ ਕੋਈ ਤਰੱਦਦ ਵੀ ਨਹੀਂ ਕਰਨਾ ਪੈਂਦਾ ਕਿਉਂਕਿ ਉਨ੍ਹਾਂ ਵਿਚ ਖੇਡਾਂ ਖੇਡਣ ਦੀ ਖਿੱਚ ਕੁਦਰਤੀ ਹੁੰਦੀ ਹੈ। ਦਿਮਾਗੀ ਖੇਡਾਂ ਲਈ ਵੀ ਤੇ ਸਰੀਰਕ ਖੇਡਾਂ ਲਈ ਵੀ। ਮੈਥੋਂ ਅਕਸਰ ਪੁੱਛਿਆ ਜਾਂਦੈ ਕਿ ਬੱਚਿਆਂ ਨੂੰ ਫਿਰ ਕਿਹੜੀਆਂ ਸਰੀਰਕ ਖੇਡਾਂ ਵਿਚ ਪਾਈਏ? ਅੱਜ ਕੱਲ੍ਹ ਕਿਹੜੀ ਖੇਡ ਦੀ ਕਦਰ ਵੱਧ ਹੈ? ਕਿਹੜੀ ਖੇਡ 'ਚ ਬੱਚੇ ਦਾ ਕੈਰੀਅਰ ਵਧੀਆ ਬਣ ਸਕਦੈ? ਆਮ ਵੇਖਿਆ ਜਾਂਦੈ ਕਿ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਕੋਰਸਾਂ ਦੀ ਚੋਣ ਵੀ ਇਹ ਵੇਖ ਕੇ ਕਰਦੇ ਨੇ ਕਿ ਕਿਸ ਕੋਰਸ ਦੀ ਵਧੇਰੇ ਕਦਰ ਕੀਮਤ ਹੈ? ਮਤਲਬ ਕਿਹੜਾ ਕੋਰਸ ਕਰਨ ਨਾਲ ਚੰਗੀ ਨੌਕਰੀ ਮਿਲ ਸਕਦੀ ਹੈ? ਬੱਚੇ ਦੀ ਰੁਚੀ ਵੇਖਣ ਦੀ ਥਾਂ ਅਕਸਰ ਏਹੋ ਆਖਿਆ ਜਾਂਦੈ, 'ਰੁਚੀ-ਰਚੀ ਨੂੰ ਛੱਡੋ ਜੀ, ਬੱਚੇ ਦਾ ਕੈਰੀਅਰ ਦੇਖੋ, ਫਿਊਚਰ ਦੇਖੋ...।' ਪੜ੍ਹਾਈ ਹੋਵੇ ਜਾਂ ਖੇਡ ਹੋਵੇ ਬੱਚੇ ਦੀ ਰੁਚੀ ਦੇ ਉਲਟ ਚੱਲਣ ਨਾਲ ਨਤੀਜਾ ਉਮੀਦ ਦੇ ਉਲਟ ਈ ਨਿਕਲਦੈ।

ਬੱਚੇ ਦੀ ਜਿਸ ਖੇਡ ਵਿਚ ਰੁਚੀ ਨਾ ਹੋਵੇ ਜਾਂ ਬੱਚੇ ਦਾ ਜੁੱਸਾ ਉਸ ਖੇਡ ਦੇ ਅਨੁਕੂਲ ਨਾ ਹੋਵੇ ਤਾਂ ਉਸ ਖੇਡ ਵਿਚ ਪਾਇਆ ਬੱਚਾ ਚੰਗੇ ਨਤੀਜੇ ਨਹੀਂ ਦੇ ਸਕਦਾ। ਚਾਹੁਣ ਨੂੰ ਤਾਂ ਹਰ ਮਾਪਾ ਚਾਹੁੰਦੈ ਕਿ ਉਸ ਦਾ ਬੱਚਾ ਚੋਟੀ ਦਾ ਖਿਡਾਰੀ ਹੋਵੇ ਅਤੇ ਏਸ਼ੀਆ ਜਾਂ ਓਲੰਪਿਕ ਖੇਡਾਂ ਦਾ ਚੈਂਪੀਅਨ ਬਣੇ। ਬਣ ਵੀ ਸਕਦੈ ਪਰ ਇਹਦੇ ਲਈ ਹਾਲਾਤ ਵੇਖਣੇ ਚਾਹੀਦੇ ਨੇ ਤੇ ਬੱਚੇ ਦੀ ਸਰੀਰਕ ਸਮਰੱਥਾ ਦਾ ਵੀ ਅੰਦਾਜ਼ਾ ਲਾਉਣਾ ਚਾਹੀਦੈ। ਖੇਡਾਂ ਵਿਚ ਵਿਕਸਤ ਮੁਲਕਾਂ ਨੇ ਐਸੇ ਟੈਸਟ ਵਿਕਸਤ ਕਰ ਲਏ ਨੇ ਜਿਨ੍ਹਾਂ ਰਾਹੀਂ ਬੱਚੇ ਦੀ ਕਿਸੇ ਖੇਡ ਲਈ ਸਮਰੱਥਾ ਅੰਕ ਲਈ ਜਾਂਦੀ ਹੈ। ਫਿਰ ਉਸ ਨੂੰ ਮੁੱਢ ਤੋਂ ਹੀ ਉੱਤਮ ਖੇਡ ਸਿਖਲਾਈ ਦੇ ਕੇ ਮਨਇੱਛਤ ਨਤੀਜੇ ਹਾਸਲ ਕੀਤੇ ਜਾਂਦੇ ਹਨ। ਪਹਿਲਾਂ ਸੋਵੀਅਤ ਰੂਸ ਨੇ ਤੇ ਫਿਰ ਚੀਨ ਨੇ ਅਜਿਹਾ ਕੀਤਾ ਹੈ ਤੇ ਓਲੰਪਿਕ ਖੇਡਾਂ ਵਿਚ ਸਭ ਤੋਂ ਵੱਧ ਮੈਡਲ ਜਿੱਤ ਵਿਖਾਏ ਹਨ।

ਭਾਰਤ ਵਰਗੇ ਦੇਸ਼ ਵਿਚ ਜਦੋਂ ਤਕ ਅਜਿਹਾ ਨਹੀਂ ਹੁੰਦਾ ਉਦੋਂ ਤਕ ਇਹ ਤਾਂ ਜ਼ਰੂਰ ਕਰ ਲੈਣਾ ਚਾਹੀਦੈ ਕਿ ਹਰ ਸਕੂਲ ਵਿਚ ਵਿਦਿਆਰਥੀਆਂ ਦੀ ਸਰੀਰਕ ਕਸਰਤ ਕਰਵਾਈ ਜਾਵੇ ਤੇ ਕੁਝ ਖੇਡਾਂ ਵੀ ਖਿਡਾਈਆਂ ਜਾਣ। (**ਬਾਕੀ ਸ.ਫਾ 31 'ਤੇ**)

# ਬੱਚਿਆਂ ਦੀ ਚੰਗੀ ਸਿਹਤ 'ਚ ਮਾਪਿਆਂ ਦਾ ਯੋਗਦਾਨ

**ਜੋ ਅਦੇਤੁਨਜੀ**



**1. ਕਾ.ਫੀ ਸਮਾਂ ਦਿਓ**

ਇਹ ਮਾਪਿਆਂ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ, ਪਰ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਬੱਚਿਆਂ ਕੋਲ ਖਾਣ ਲਈ ਕਾਫ਼ੀ ਸਮਾਂ ਹੋਵੇ। ਇਸਦਾ ਮਤਲਬ ਹੈ ਕਿ ਜਲਦੀ ਉੱਠਣਾ ਅਤੇ ਸਵੇਰੇ ਇੱਕ ਰੁਟੀਨ ਬਣਾਉਣਾ ਜੋ ਨਾਸ਼ਤੇ ਲਈ ਸਮਾਂ ਬਣਾਉਂਦਾ ਹੈ।

**2. ਤਿਆਰ ਰਹੋ**

ਸਮਾਂ ਬਚਾਉਣ ਅਤੇ ਇਸਨੂੰ ਆਸਾਨ ਬਣਾਉਣ ਲਈ ਰਾਤ ਨੂੰ ਪਹਿਲਾਂ ਨਾਸ਼ਤੇ ਦੀ ਮੇਜ਼ ਨੂੰ ਸੈੱਟ ਕਰੋ। ਇਸ ਨੂੰ ਕਰੌਕਰੀ, ਕੱਪ ਅਤੇ ਕਟਲਰੀ ਦੇ ਨਾਲ ਤਿਆਰ ਕਰੋ, ਅਤੇ ਉਨ੍ਹਾਂ ਭੋਜਨਾਂ ਨੂੰ ਬਾਹਰ ਰੱਖੋ ਜੋ ਰਾਤੋ-ਰਾਤ ਖਰਾਬ ਨਹੀਂ ਹੋਣਗੇ ਜਿਵੇਂ ਕਿ ਉਨ੍ਹਾਂ ਦੇ ਮਨਪਸੰਦ ਹੋਲ ਗ੍ਰੇਨ ਸੀਰੀਅਲ, ਟੋਸਟ ਅਤੇ ਹੋਲ ਗ੍ਰੇਨ ਬਰੈੱਡ ਲਈ ਫੈਲਿਆ ਹੋਇਆ।

**3. ਇੱਕ ਵਧੀਆ ਚੋਣ ਹੈ**

ਆਪਣੇ ਬੱਚਿਆਂ ਨੂੰ ਚੰਗੇ ਵਿਕਲਪ ਦਿਓ ਅਤੇ ਉਨ੍ਹਾਂ ਨੂੰ ਮਹਿਸੂਸ ਕਰੋ ਕਿ ਉਨ੍ਹਾਂ ਕੋਲ ਕੋਈ ਵਿਕਲਪ ਹੈ। ਯਕੀਨੀ ਬਣਾਓ ਕਿ ਤੁਹਾਡੇ ਕੋਲ ਸਿਹਤਮੰਦ ਅਤੇ ਆਸਾਨ ਨਾਸ਼ਤੇ ਦੇ ਵਿਕਲਪ ਹਨ ਜੋ ਤੁਹਾਡੇ ਬੱਚੇ ਪਸੰਦ ਕਰਦੇ ਹਨ। ਇਹ ਰਵਾਇਤੀ ਨਾਸ਼ਤੇ ਦੇ ਵਿਕਲਪ ਹੋ ਸਕਦੇ ਹਨ ਜਿਵੇਂ ਕਿ ਹੋਲ ਗ੍ਰੇਨ ਬਰੈੱਡ ਅਤੇ ਨਾਸ਼ਤੇ ਦੇ ਸੀਰੀਅਲ, ਫ੍ਰੂਟ ਟੋਸਟ, ਦਹੀਂ ਅਤੇ ਕੱਟੇ ਹੋਏ ਜਾਂ ਜੰਮੇ ਹੋਏ ਫਲ਼। ਦਲੀਆ, ਖਾਸ ਤੌਰ 'ਤੇ ਸਰਦੀਆਂ ਵਿੱਚ, ਬਹੁਤ ਵਧੀਆ ਹੈ ਕਿਉਂਕਿ ਇਹ ਮਾਈਕ੍ਰੋਵੇਵ ਵਿੱਚ ਆਪਣੇ ਆਪ ਪਕਾ ਸਕਦਾ ਹੈ।ਫਲ, ਦਹੀਂ, ਦੁੱਧ ਅਤੇ ਓਟਸ ਦੇ ਨਾਲ ਸਮੂਦੀ ਪੇਸ਼ ਕਰਨਾ ਕਿਸ਼ੋਰਾਂ ਲਈ ਆਕਰਸ਼ਕ ਹੋ ਸਕਦਾ ਹੈ।

**4. (ਅਨਾਜ) ਬਕਸੇ ਦੇ ਬਾਹਰ ਸੋਚੋ**

ਇਸ ਬਾਰੇ ਕੋਈ ਨਿਯਮ ਨਹੀਂ ਹਨ ਕਿ ਨਾਸ਼ਤੇ ਵਿੱਚ ਕਿਸ ਤਰ੍ਹਾਂ ਦੇ ਸਿਹਤਮੰਦ ਭੋਜਨ ਖਾਏ ਜਾ ਸਕਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਉਹ ਆਸਟ੍ਰੇਲੀਅਨ ਡਾਇਟਰੀ ਗਾਈਡਲਾਈਨਜ਼ ਤੋਂ ਹਨ। ਕਈਆਂ ਨੂੰ ਰਾਤ ਦੇ ਖਾਣੇ ਤੋਂ ਬਚਿਆ ਹੋਇਆ ਸਿਹਤਮੰਦ ਭੋਜਨ ਜਾਂ ਐਵੋਕਾਡੋ ਅਤੇ ਸਲਾਦ ਭਰਨ ਵਾਲੇ ਸੈਂਡਵਿਚ, ਜਾਂ ਚਿਕਨ ਜਾਂ ਟੂਨਾ ਵਰਗੇ ਠੰਡੇ ਮੀਟ ਮਿਲ ਸਕਦੇ ਹਨ। ਬੇਸ਼ੱਕ ਪੂਰੇ ਅਨਾਜ ਦੇ ਟੋਸਟ, ਅੰਡੇ ਅਤੇ ਸਬਜ਼ੀਆਂ (ਐਵੋਕਾਡੋ, ਮਸ਼ਰੂਮਜ਼, ਟਮਾਟਰ, ਪਾਲਕ) ਦੇ ਨਾਲ ਇੱਕ ਪਕਾਇਆ ਨਾਸ਼ਤਾ ਸ਼ਾਨਦਾਰ ਹੈ, ਪਰ ਇਹ ਇੱਕ ਤੇਜ਼ ਵਿਕਲਪ ਨਹੀਂ ਹੈ।

**5. ਭਟਕਣਾ ਤੋਂ ਛੁਟਕਾਰਾ ਪਾਓ**

ਯਕੀਨੀ ਬਣਾਓ ਕਿ ਤੁਹਾਡੇ ਬੱਚੇ ਸਿਰਫ਼ ਖਾਣ 'ਤੇ ਧਿਆਨ ਦੇ ਸਕਦੇ ਹਨ। ਇਸਦਾ ਮਤਲਬ ਹੈ ਕਿ ਕੋਈ ਟੀਵੀ, ਡਿਵਾਈਸ, ਖਿਡੌਣੇ ਜਾਂ ਕਿਤਾਬਾਂ ਨਹੀਂ ਹਨ।

**6. ਇਸ ਨੂੰ ਆਪਣੇ ਆਪ ਕਰੋ**

ਯਾਦ ਰੱਖੋ ਬੱਚੇ ਮਹਾਨ ਨਕਲ ਕਰਨ ਵਾਲੇ ਹੁੰਦੇ ਹਨ। ਇਸ ਲਈ, ਜੇਕਰ ਉਹ ਮਾਤਾ-ਪਿਤਾ ਨੂੰ ਨਾਸ਼ਤਾ ਕਰਦੇ ਹੋਏ ਦੇਖਦੇ ਹਨ ਤਾਂ ਉਹ ਵੀ ਅਜਿਹਾ ਕਰਨ ਦੀ ਜ਼ਿਆਦਾ ਭਾਵਨਾ ਰੱਖਦੇ ਹਨ।

**7. ਬੈਕ-ਅੱਪ ਲਓ**

ਜੇਕਰ ਇਹ ਵਿਚਾਰ ਅਜੇ ਵੀ ਕੰਮ ਨਹੀਂ ਕਰਦੇ ਹਨ ਅਤੇ ਤੁਹਾਡੇ ਕੋਲ ਉਨ੍ਹਾਂ ਸਵੇਰਾਂ ਵਿੱਚੋਂ ਇੱਕ ਹੈ ਜਿੱਥੇ ਕੁਝ ਵੀ ਸਹੀ ਨਹੀਂ ਹੁੰਦਾ ਹੈ, ਤਾਂ ਤੁਸੀਂ ਫੜੋ ਅਤੇ ਜਾਣ ਦੇ ਵਿਕਲਪਾਂ 'ਤੇ ਵਿਚਾਰ ਕਰ ਸਕਦੇ ਹੋ। ਇਨ੍ਹਾਂ ਨੂੰ ਵਪਾਰਕ ਉਤਪਾਦ ਵੀ ਨਹੀਂ ਹੋਣੇ ਚਾਹੀਦੇ-ਸਮੂਦੀਜ਼, ਟੋਸਟ, ਪਹਿਲਾਂ ਘਰ ਵਿੱਚ ਬਣੇ ਸਵਾਦਿਸ਼ਟ ਮਫ਼ਿਨ ਜਾਂ ਕੇਲੇ ਦੀ ਰੋਟੀ (ਜੋ ਸ਼ਾਇਦ ਇਨ੍ਹਾਂ ਮੌਕਿਆਂ ਲਈ ਫ੍ਰੀਜ਼ਰ ਵਿੱਚ ਸਟੋਰ ਕੀਤੀ ਜਾਂਦੀ ਹੈ) ਜਾਂ ਫਲ਼ ਦੇ ਇੱਕ ਟੁਕੜੇ ਬਾਰੇ ਸੋਚੋ। ਹੋਰ ਪੜ੍ਹੋ : ਕੀ ਸਾਨੂੰ ਨਾਸ਼ਤਾ ਇੱਕ ਰਾਜੇ ਵਾਂਗ, ਦੁਪਹਿਰ ਦਾ ਖਾਣਾ ਇੱਕ ਰਾਜਕੁਮਾਰ ਵਾਂਗ ਅਤੇ ਰਾਤ ਦਾ ਖਾਣਾ ਇੱਕ ਗਰੀਬ ਵਾਂਗ ਖਾਣਾ ਚਾਹੀਦਾ ਹੈ?

**8. ਪਰ ਮੂਸਲੀ ਬਾਰਾਂ ਬਾਰੇ ਸਾਵਧਾਨ ਰਹੋ**

Muesli ਬਾਰ ਇੱਕ ਵਿਕਲਪ ਹੋ ਸਕਦਾ ਹੈ, ਪਰ ਯਕੀਨੀ ਬਣਾਓ ਕਿ ਤੁਸੀਂ ਉਨ੍ਹਾਂ ਨੂੰ ਲੱਭਦੇ ਹੋ ਜਿਨ੍ਹਾਂ ਵਿੱਚ ਖੰਡ ਦੀ ਮਾਤਰਾ ਘੱਟ ਹੈ (15 ਗ੍ਰਾਮ ਪ੍ਰਤੀ 100 ਗ੍ਰਾਮ ਤੋਂ ਘੱਟ), ਸੰਤ੍ਰਿਪਤ ਚਰਬੀ ਵਿੱਚ ਘੱਟ (1.5 ਗ੍ਰਾਮ ਪ੍ਰਤੀ 100 ਗ੍ਰਾਮ ਤੋਂ ਘੱਟ) ਅਤੇ ਫਾਈਬਰ ਵਿੱਚ ਉੱਚ (ਚਾਰ ਤੋਂ ਵੱਧ) ਗ੍ਰਾਮ ਪ੍ਰਤੀ 100 ਗ੍ਰਾਮ)। ਯਾਦ ਰੱਖੋ ਜੇਕਰ ਬਾਰਾਂ ਵਿੱਚ ਫਲ ਅਤੇ ਗਿਰੀਦਾਰ ਹੁੰਦੇ ਹਨ ਤਾਂ ਸ਼ੂਗਰ ਅਤੇ ਚਰਬੀ ਦਾ ਪੱਧਰ ਵੱਧ ਜਾਵੇਗਾ, ਪਰ ਇਹ ਸਮੱਸਿਆ ਵਾਲੀ ਨਹੀਂ ਹੈ ਕਿਉਂਕਿ ਇਸ ਵਿੱਚ ਚੀਨੀ ਜਾਂ ਚਰਬੀ ਨਹੀਂ ਪਾਈ ਜਾਂਦੀ ਹੈ।

ਇਸ ਲਈ, ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਸਫਲ ਨਾਸ਼ਤੇ ਲਈ ਤਿਆਰ ਕਰੋ, ਤੁਸੀਂ ਪਰਿਵਾਰ ਨਾਲ ਇਕੱਠੇ ਖਾਣਾ ਖਾਣ ਦਾ ਆਨੰਦ ਵੀ ਲੈ ਸਕਦੇ ਹੋ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ-6

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

'ਚਲੋ, 'ਠਾਲ਼ੋ ਵੀ ਇਨ੍ਹਾਂ ਨੂੰ ਹੁਣ। ਦੋ ਬੰਦੇ ਨੀ ਗੱਡੀ ਚਾੜ੍ਹੇ ਜਾਂਦੇ ਥੋਡੇ ਤੋਂ ਸਾਲ਼ਿਓ ? ਥੋਨੂੰ ਪਤਾ ਬਈ ਘਰ ਮੁੰਡੇ ਦੀ ਲੋਹੜੀ ਆ ਤੇ ਛੇਤੀ ਘਰ ਪਹੁੰਚਣਾ ਮੈਂ। ਅੱਗੇ ਤਾਂ ਥੋਡਾ ਖਸਮ ਈ ਠੋਕਦਾ ਏ ਨਾ ?'

ਬੁਰੀ ਤਰ੍ਹਾਂ ਨਾਲ਼ ਖਿਝਿਆ ਹੋਇਆ, ਢਾਕਾਂ 'ਤੇ ਹੱਥ ਧਰੀ ਖੜ੍ਹਾ ਪੁਰੀ ਸਿਪਾਹੀਆਂ ਨੂੰ ਉਲ਼ਾਂਭੇ ਦੇ ਰਿਹਾ ਸੀ।

'ਜਨਾਬ, ਬੱਸ ਆਹ ਕੰਮ ਦਾ ਹੀਆ ਨੀ ਪੈਂਦਾ ਜੀ ਸਾਡਾ , ਊਂ ਥੋਡੇ ਮਾਤਹਤ ਆਂ, ਹੋਰ ਕਿਸੇ ਕੰਮ 'ਤੋਂ ਕਦੇ ਪਿੱਛੇ ਨੀਂ ਹਟੇ ਜਨਾਬ।'

ਦੋਨਾਂ ਮੁੰਡਿਆਂ ਨੂੰ ਬਾਹਾਂ 'ਤੋਂ ਫੜ ਕੇ ਉਠਾਲ਼ਦੇ ਸਿਪਾਹੀਆਂ ਵਿਚੋਂ ਇੱਕ ਬੋਲਿਆ।

ਪੁਲਿਸ ਦੇ ਤਸ਼ੱਦਦ ਦੇ ਸ਼ਿਕਾਰ ਮੁੰਡਿਆਂ ਦੀਆਂ ਲੱਤਾਂ, ਉਨ੍ਹਾਂ ਦਾ ਭਾਰ ਸਹਿਣ ਤੋਂ ਇਨਕਾਰੀ ਹੋਈਆਂ ਪਈਆਂ ਸਨ। ਆਪਣੇ ਭਾਵੀ ਅੰਜਾਮ ਨਾਲ਼ ਤਆਲੁੱਕ ਰੱਖਦਾ ਵਾਰਤਾਲਾਪ ਸੁਣ ਕੇ ਵੀ, ਉਨ੍ਹਾਂ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਹੋਈ ਸੀ। ਸ਼ਾਇਦ ਉਹ ਆਪਣੇ ਆਪ ਨੂੰ ਪਹਿਲਾਂ ਤੋਂ ਹੀ, ਆਪਣੇ ਹੋਣ ਵਾਲ਼ੇ ਅੰਜਾਮ ਲਈ ਤਿਆਰ ਕਰ ਚੁੱਕੇ ਸਨ। ਹਾਲਾਤਾਂ ਅੱਗੇ ਪੂਰੀ ਤਰ੍ਹਾਂ ਗੋਡਣੀਆਂ ਟੇਕ ਚੁੱਕੇ ਸਨ।

'ਚਲੋ, ਤੋਰੋ ਵੀ ਇਨ੍ਹਾਂ ਨੂੰ ਹੁਣ !'

ਆਖ ਕੇ ਪੁਰੀ ਵਾਪਿਸ ਜਾਣ ਲਈ ਮੁੜਿਆ, ਤਾਂ ਪਿੱਛਿਓਂ ਦੌਲੇ ਨੇ ਹੌਲ਼ੀ ਜਿਹੇ ਆਖਿਆ।

'ਜਨਾਬ, ਮੈਨੂੰ ਦੱਸੋ ਕੋਈ ਕੰਮ।'

ਪੁਰੀ ਠਿਠਕਿਆ ਤੇ ਪਿੱਛੇ ਮੁੜ ਕੇ ਦੌਲੇ ਵੱਲ ਵਧਿਆ। ਤੇ ਥਾੜ੍ਹ ਕਰਦਾ ਥੱਪੜ ਦੌਲੇ ਦੀ ਖੱਬੀ ਗੱਲ੍ਹ 'ਤੇ ਪਿਆ।

ਦੌਲੇ ਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚ ਪਏ।

'ਤੈਨੂੰ ਮੂੰਹ ਖੋਲ੍ਹਣ ਨੂੰ ਕੀਹਨੇ ਕਿਹਾ ਉਏ ਭੈਣ ਦੇਣੀ ਦਿਆ ?'

ਲਾਲ ਦਹਿਕਦੇ ਅੰਗਿਆਰਿਆਂ ਵਰਗੀਆਂ ਅੱਖਾਂ ਕੱਢ ਕੇ ਪੁਰੀ ਨੇ ਦੌਲੇ ਨੂੰ ਘੂਰਕਿਆ।

ਦੌਲੇ ਨੇ ਥੱਪੜ ਤੇ ਗਾਲ਼, ਦੋਹਾਂ ਦੀ ਇਉਂ ਅਣਦੇਖੀ ਕਰਦਿਆਂ, ਜਿਵੇਂ ਕਿ ਇਹ ਕੁਝ ਤਾਂ ਵਾਪਰਿਆ ਹੀ ਨਾ ਹੋਵੇ, ਸਿੱਧਾ ਪੁਰੀ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

'ਜਨਾਬ, ਬੱਸ ਮੌਕਾ ਦੇ ਕੇ ਦੇਖੋ ਦੌਲੇ ਨੂੰ ਇੱਕ ਵਾਰ। ਇਹ ਕੁੱਤੇ ਕੰਮ ਥੋਡੇ ਅਰਗੇ ਸਾਹਬ ਲੋਕਾਂ ਦੇ ਕਰਨ ਆਲ਼ੇ ਥੋੜ੍ਹਾ ਨੇ ਜਨਾਬ, ਥੋਨੂੰ ਤਾਂ ਹੁਕਮ ਦੇਣਾ ਚਾਹੀਦਾ ਬੱਸ। ਇਹ ਕੰਮ ਤਾਂ ਜਨਾਬ ਸ਼ਿਕਾਰੀ ਕੁੱਤਿਆਂ ਦੇ ਨੇ ਤੇ ਤੁਸੀਂ ਗਿੱਦੜਾਂ ਨੂੰ ਕਹੀ ਜਾਨੇ ਓਂ ਜਨਾਬ, ਮੈਂ ਜਨਾਬ ਥੋਡਾ ਕੁੱਤਾ। ਸੰਗਲ਼ੀ ਪਾ ਲੋ, ਥੋਡੀ ਉਂਗਲ਼ ਉੱਠੀ ਤੋਂ ਪਹਿਲਾਂ ਕੰਮ ਹੋਇਆ ਸਮਝੋ।'

ਦੋਨੋਂ ਸਿਪਾਹੀ ਮੁੰਡਿਆਂ ਨੂੰ ਉਥੇ ਈ ਛੱਡ ਕੇ, ਦੌਲੇ ਵੱਲ ਨੂੰ ਲਪਕੇ ਹੀ ਸੀ ਕਿ ਪੁਰੀ ਨੇ ਹੱਥ ਉਠਾ ਕੇ ਉਨ੍ਹਾਂ ਨੂੰ ਓਥੇ ਹੀ ਰੋਕ ਦਿੱਤਾ।

ਕਹਿੰਦੇ ਨੇ ਕਿ ਲੰਡੇ ਨੂੰ ਮੀਣਾ ਸੌ ਕੋਹ ਦਾ ਵਲ਼ ਪਾ ਕੇ ਵੀ ਆ ਮਿਲਦਾ ਹੈ।

ਪੁਰੀ ਦੀਆਂ ਤਜਰਬੇਕਾਰ ਅੱਖਾਂ ਨੇ ਝੱਟ ਕੰਮ ਦੇ ਬੰਦੇ ਨੂੰ ਪਛਾਣ ਲਿਆ।

'ਕੀ ਚਾਹੁੰਨਾਂ ਉਏ ?'

'ਜਨਾਬ, ਵਰਦੀ ਸਰਕਾਰ ਦੀ ਤੇ ਤਾਬਿਆ ਥੋਡੀ।'

'ਕੁਸ਼ ਪੜ੍ਹਿਆ-ਲਿਖਿਆ ਵੀ ਆਂ ਕਿ 'ਗੂਠਾ ਛਾਪ ਈ ਆਂ ?'

'ਦਸਵੀਂ ਪਾਸ ਆਂ ਜਨਾਬ।'

'ਚੱਲ ਜਾਹ ਇਨ੍ਹਾਂ ਨਾਲ਼, ਤੇ ਸਾਬਿਤ ਕਰ ਕੰਮ ਦਾ ਬੰਦੈਂ।'

'ਪਰ ਜਨਾਬ ,' ਉਹੀ ਸਿਪਾਹੀ ਫਿਰ ਬੋਲਿਆ ਤਾਂ ਪੁਰੀ ਉਸਦੇ ਮੋਢੇ 'ਤੇ ਹੱਥ ਰੱਖ, ਉਸਨੂੰ ਹਵਾਲਾਤੋਂ ਬਾਹਰ ਲੈ ਗਿਆ।

ਦੂਜਾ ਸਿਪਾਹੀ ਬਾਂਦਰ ਵਾਂਗੂੰ ਮੂੰਹ ਅੱਡੀ, ਦੌਲੇ ਵੱਲ ਇੱਕ-ਟੱਕ ਵੇਖੀ ਜਾ ਰਿਹਾ ਸੀ।

'ਜਨਾਬ, ਇਹ ਕੀ ਕਹੀ ਜਾਨੇਂ ਓਂ ?'

ਹਵਾਲਾਤ 'ਚੋਂ ਬਾਹਰ ਆਉਂਦਿਆਂ ਹੀ ਸਿਪਾਹੀ ਨੇ ਚਿੰਤਾਤੁਰ ਆਵਾਜ਼ ਵਿਚ ਕਿਹਾ।

'ਜਿਵੇਂ ਤੈਨੂੰ ਕਿਹਾ ਨਾਜਰਾ, ਉਵੇਂ ਈ ਕਰ। ਗੱਲ ਸੁਣ, ਮੈਂ ਦੂਜੇ ਪਾਸਿਉਂ ਪਹੁੰਚੂੰ ਪਹਿਲਾਂ ਈ। ਚਾਲ ਦੱਬ ਕੇ ਪਹੁੰਚਿਓ, ਖ਼ਾਲੀ ਪਿਸਤੌਲ ਫੜਾਈਂ ਮੇਰੇ ਸਾਲ਼ੇ ਨੂੰ, ਜੇ ਘੋੜਾ ਨੱਪ 'ਤਾ ਤਾਂ ਬੰਦਾ ਕੰਮ ਦਾ, ਨਹੀਂ ਤਾਂ ਮੁਕਾਬਲੇ 'ਚ ਦੋ ਦੀ ਜਗ੍ਹਾ ਤਿੰਨ ਅੱਤਵਾਦੀ ਮਾਰੇ ਜਾਣਗੇ, ਕੀ ਫ਼ਰਕ ਪੈਂਦਾ ?'

'ਪਰ ਜਨਾਬ, ਇਉਂ ਠੀਕ ਵੀ ਰਹੂ ? ਮੇਰਾ ਮਤਲਬ ਬਾਹਰ ਦਾ ਬੰਦੈ, ਤੇ ਉੱਤੋਂ ਦੀ ਸਾਲ਼ਾ ਬੰਦਾ ਵੀ ਦੋ ਨੰਬਰ ਦਾ।'

'ਤੂੰ ਐਵੇਂ ਈ ਨਾ ਫ਼ਿਕਰਾਂ 'ਚ ਪੈ, ਚੱਲ ਤੁਰ ਹੁਣ, ਵਾਟ ਨਾ ਖੋਟੀ ਕਰ।'

ਦੋਵਾਂ ਮੁੰਡਿਆਂ ਤੇ ਦੌਲੇ ਨੂੰ ਨਾਲ਼ ਬਿਠਾ, ਦੋਵੇਂ ਸਿਪਾਹੀ ਜਿਪਸੀ ਵਿਚ ਸਵਾਰ ਹੋ, ਕਦਰਨ ਹੌਲੀ ਰਫ਼ਤਾਰ ਨਾਲ਼ ਚੱਲਦੇ ਹੋਏ, ਥਾਣੇ ਤੋਂ ਤਕਰੀਬਨ ਦੋ ਕੁ ਕਿਲੋਮੀਟਰ ਦੂਰ, ਬਾਹਰਵਾਰ ਇੱਕ ਸੂਏ ਦੀ ਪਟੜੀ 'ਤੇ ਜਾ ਪਹੁੰਚੇ।

ਦੱਸਣ ਦੀ ਲੋੜ ਨਹੀਂ ਕਿ ਪੁਰੀ ਉਦੋਂ ਤੱਕ ਉਥੇ ਆਪਣੀ ਪੁਜ਼ੀਸ਼ਨ ਲੈ ਚੁੱਕਾ ਸੀ।

ਸੂਏ ਦੀ ਉਹ ਪਟੜੀ ਬਾਹਰਵਾਰ ਖੇਤਾਂ ਵੱਲ ਸੀ। ਸੂਏ ਦੇ ਆਸ-ਪਾਸ ਸੰਘਣੇ ਦਰਖ਼ਤ ਸਨ ਅਤੇ ਐਸ ਵੇਲ਼ੇ ਉਥੇ ਦੂਰ-ਦੂਰ ਤੱਕ ਕੋਈ ਆਦਮਜ਼ਾਤ ਨਜ਼ਰ ਨਹੀਂ ਆਉਂਦਾ ਸੀ। ਨਾਲ਼ੇ ਇਨ੍ਹਾਂ ਵੇਲ਼ਿਆਂ ਵਿਚ ਤਾਂ ਸ਼ਾਮ ਦੇ ਪੰਜ ਵੱਜਦੇ ਨੂੰ ਹੀ, ਲੋਕੀ ਕੁੰਡੇ-ਜਿੰਦੇ ਲਾ ਕੇ ਅੰਦਰ ਵੜ ਜਾਂਦੇ ਸਨ ਤੇ ਅਰਦਾਸਾਂ ਕਰਨ ਲੱਗ ਪੈਂਦੇ ਕਿ 'ਹੇ ਰੱਬਾ, ਅੱਜ ਦੀ ਰਾਤ ਵੀ ਲੰਘ ਜਾਏ ਸੁੱਖੀਂ-ਸਾਂਦੀ।' ਜੇ ਕਿਤੇ ਕਿਸੇ ਦਾ ਕੁੰਡਾ ਖੜਕ ਪੈਣਾ ਓਸ ਵੇਲ਼ੇ, ਤਾਂ ਪੂਰੇ ਘਰ ਦੇ ਸਾਹ ਸੂਤੇ ਜਾਣੇ। ਤੇ ਜੇ ਕਿਤੇ ਖਾੜਕੂ ਸਿੰਘ ਪ੍ਰਸ਼ਾਦਾ-ਪਾਣੀ ਛਕਣ ਲਈ ਕਿਸੇ ਦੇ ਘਰੇ ਪਹੁੰਚ ਗਏ, ਤਾਂ ਸਮਝੋ ਰੁਲ਼ ਗਿਆ ਉਹ ਪਰਿਵਾਰ। ਏ. ਕੇ. ਸੰਤਾਲ਼ੀ ਦੇ ਸਾਹਮਣੇ ਪ੍ਰਸ਼ਾਦਾ-ਪਾਣੀ ਛਕਾਉਣ ਤੋਂ ਨਾਂਹ ਕਰਨ ਦਾ ਹਿਆਂ ਕੌਣ ਕਰੇ ? ਜੇ ਮਜਬੂਰੀ ਵੱਸ ਛਕਾ 'ਤਾ, ਤਾਂ ਫਿਰ ਪੁਲਿਸ ਦੇ ਕਹਿਰ ਤੋਂ ਤਾਂ ਆਖਦੇ ਸਨ ਕਿ ਰੱਬ ਵੀ ਨਹੀਂ ਬਚਾ ਸਕਦਾ ਸੀ ਉਦੋਂ। ਵਿਚਾਰਾ ਆਮ ਆਦਮੀ ਤਾਂ ਚੱਕੀ ਦੇ ਦੋ ਪਾਟਾਂ ਵਿਚ ਫਸਿਆ ਹੋਇਆ ਦਾਣਾ ਸੀ। ਉਸਨੇ ਤਾਂ ਪਿਸਣਾ ਹੀ ਸੀ। ਪਾਟ ਭਾਵੇਂ ਜਿਹੜਾ ਮਰਜ਼ੀ ਚੱਲ ਪਏ।

ਏਹੋ ਜਿਹੇ ਦੌਰ ਵਿੱਚ, ਉਸ ਉਜਾੜ ਜਗ੍ਹਾ ਉੱਤੇ, ਐਸ ਵੇਲ਼ੇ, ਕਿਸੇ ਦਾ ਕੀ ਕੰਮ ਸੀ ?

ਸੂਏ ਦੀ ਉਸ ਪਟੜੀ ਦੀ ਅਸਲੀਅਤ ਬਾਰੇ ਜ਼ਿਆਦਾਤਰ ਲੋਕ ਤਾਂ ਵਾਕਿਫ਼ ਸਨ, ਪਰ ਜਿਹੜੇ ਨਾਵਾਕਿਫ਼ ਹੋਣਗੇ, ਸੋਚ ਕੇ ਹੈਰਾਨ ਤਾਂ ਜ਼ਰੂਰ ਹੁੰਦੇ ਹੋਣਗੇ ਕਿ ਪੁਰੀ ਸਾਹਬ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਨੂੰ, ਹਮੇਸ਼ਾਂ ਇਸੇ ਸੂਏ ਦੀ ਪਟੜੀ 'ਤੇ ਹੀ ਖਾੜਕੂ ਕਿਉਂ ਆ ਟੱਕਰਦੇ ਨੇ ? ਤੇ ਪੁਰੀ ਸਾਹਬ ਅਤੇ ਉਨ੍ਹਾਂ ਦੀ ਟੀਮ ਦੀ 'ਮੁਸਤੈਦੀ' ਦਾ ਆਲਮ ਇਹ ਸੀ ਕਿ ਇਨ੍ਹਾਂ ਪੁਲਿਸ ਮੁਕਾਬਲਿਆਂ ਵਿੱਚ ਕਦੇ ਕਿਸੇ ਪੁਲਿਸ ਮੁਲਾਜ਼ਿਮ ਦੇ ਝਰੀਟ ਤੱਕ ਨਹੀਂ ਆਈ, ਤੇ ਕਦੇ ਕੋਈ ਖਾੜਕੂ ਜ਼ਖ਼ਮੀ ਹਾਲਤ 'ਚ ਗ੍ਰਿਫ਼ਤਾਰ ਨਹੀਂ ਹੋਇਆ। ਬਲਕਿ ਜਾਂ ਤਾਂ ਇਨ੍ਹਾਂ ਮੁਕਾਬਲਿਆਂ 'ਚ ਖਾੜਕੂ ਮਾਰੇ ਜਾਂਦੇ, ਜਾਂ ਫ਼ਰਾਰ ਹੋਣ ਵਿਚ ਕਾਮਯਾਬ ਹੋ ਜਾਂਦੇ।

ਪਟੜੀ 'ਤੇ ਪਹੁੰਚ ਕੇ, ਮੁੰਡਿਆਂ ਨੂੰ ਜਿਪਸੀ ਤੋਂ ਲਾਹ ਕੇ, ਸਿਪਾਹੀ ਨਾਜਰ ਸਿੰਘ ਨੇ ਆਪਣੇ ਡੱਬ 'ਚ ਪਾਈ ਪਿਸਤੌਲ ਕੱਢ ਕੇ ਦੌਲੇ ਦੇ ਹਵਾਲੇ ਕਰਦਿਆਂ ਆਖਿਆ।

'ਨੱਪ ਦੇ ਘੋੜਾ!'

ਮੁੰਡੇ ਇਉਂ ਡੌਰ-ਭੌਰ ਜਿਹੇ ਹੋਏ ਖੜ੍ਹੇ ਸਨ, ਜਿਵੇਂ ਕਿ ਮੌਜੂਦਾ ਸੂਰਤੇ-ਹਾਲਾਤ ਤੋਂ ਬਿਲਕੁਲ ਹੀ ਬੇਖ਼ਬਰ ਹੋਣ। ਜਿਵੇਂ ਸਿਰ 'ਤੇ ਮੰਡਰਾ ਰਹੀ ਮੌਤ ਦਾ ਅਹਿਸਾਸ ਹੀ ਨਾ ਹੋਵੇ ਉਨ੍ਹਾਂ ਨੂੰ। ਸ਼ਾਇਦ ਆਉਣ ਵਾਲ਼ੀ ਮੌਤ ਦੇ ਖ਼ੌਫ਼ ਨਾਲ਼, ਮੌਤ ਤੋਂ ਪਹਿਲਾਂ ਹੀ ਉਨ੍ਹਾਂ ਦੀਆਂ ਸਮੂਹ ਸੰਵੇਦਨਾਵਾਂ ਮਰ ਚੁੱਕੀਆਂ ਸਨ। ਦਿਮਾਗ਼ ਦਾ ਪ੍ਰਤੀਕਿਰਿਆ ਤੰਤਰ ਜਵਾਬ ਦੇ ਚੁੱਕਾ ਸੀ। ਉਹ ਇਉਂ ਖੜ੍ਹੇ ਸਨ, ਜਿਵੇਂ ਕਿ ਉਹ ਕੋਈ ਜਿਉਂਦੇ ਜਾਗਦੇ ਇਨਸਾਨ ਨਾ ਹੋ ਕੇ, ਬੇਜਾਨ ਮੋਮ ਦੇ ਪੁਤਲੇ ਹੋਣ। ਦੋ ਬੇਜਾਨ ਲਾਸ਼ਾਂ ਜਿਹੇ। ਚਿਹਰੇ ਭਾਵਹੀਨ, ਪੀਲ਼ੇ ਭੂਕ ਪੈ ਚੁੱਕੇ ਸਨ। ਅੱਖਾਂ ਬੇ-ਚਮਕ ਤੇ ਜ਼ੁਬਾਨ, ਜਿਵੇਂ ਪਥਰਾ ਗਈ ਹੋਵੇ।

ਪਰ ਦੌਲੇ ਨੂੰ ਇਹ ਸਭ ਨਹੀਂ ਦਿਖਾਈ ਦੇ ਰਿਹਾ ਸੀ। ਉਸਦੀਆਂ ਅੱਖਾਂ 'ਚ ਤਾਂ ਪੈਸੇ ਤੇ ਤਾਕਤ ਦੀ ਅੰਨ੍ਹੀ ਹਵਸ ਤੈਰ ਰਹੀ ਸੀ।



ਉਸਨੂੰ ਦਿਖਾਈ ਦੇ ਰਿਹਾ ਸੀ ਤਾਂ ਸਿਰਫ਼ ਤੇ ਸਿਰਫ਼ ਮੌਕਾ।

ਬਿਨਾਂ ਹਿਚਕਿਚਾਏ ਦੌਲੇ ਨੇ ਸੱਜੇ ਹੱਥ ਖੜ੍ਹੇ ਮੁੰਡੇ ਵੱਲ ਪਿਸਤੌਲ ਤਾਣ ਕੇ ਘੋੜਾ ਦੱਬ ਦਿੱਤਾ।

'ਕਲਿੱਕ' ਦੀ ਆਵਾਜ਼ ਦੌਲੇ ਦੇ ਦਿਮਾਗ਼ 'ਚ ਬੰਬ ਦੇ ਗੋਲ਼ੇ ਵਾਂਗੂੰ ਗੂੰਜੀ।

ਇੱਕ ਪਲ ਤਾਂ ਉਸਨੂੰ ਲੱਗਿਆ ਕਿ ਕੰਮ ਤਮਾਮ ਹੋ ਗਿਆ, ਪਰ ਅਗਲੇ ਹੀ ਪਲ ਸਥਿਤੀ ਭਾਂਪਦਿਆਂ ਉਹ ਹੜਬੜਾ ਜਿਹਾ ਗਿਆ।

ਉਸਨੇ ਫਿਰ ਘੋੜਾ ਦੱਬਿਆ।

ਫਿਰ ਆਵਾਜ਼ ਆਈ 'ਕਲਿੱਕ'।

ਐਨੇ ਨੂੰ ਦਰਖ਼ਤਾਂ ਦੀ ਓਟ 'ਚੋਂ ਕਿਸੇ ਪ੍ਰੇਤ ਵਾਂਗ ਪੁਰੀ ਬਾਹਰ ਨਿਕਲਿਆ।

ਉਸਦੇ ਹੱਥ 'ਚ ਇੱਕ ਪਿਸਤੌਲ ਸੀ ਅਤੇ ਉਸਦਾ ਰੁਖ਼ ਦੌਲੇ ਵੱਲ ਨੂੰ ਸੀ।

ਦੌਲੇ ਦੇ ਅਗਲੇ ਸਾਹ ਉਸਦੇ ਹਲ਼ਕ 'ਚ ਹੀ ਫਸੇ ਰਹਿ ਗਏ। ਲੱਗਿਆ ਖੇਲ੍ਹ ਖ਼ਤਮ।

ਐਨੇ ਨੂੰ ਨੇੜੇ ਆ ਚੁੱਕੇ ਪੁਰੀ ਨੇ ਆਪਣੇ ਹੱਥ 'ਚ ਫੜੀ ਪਿਸਤੌਲ ਉਸ ਵੱਲ ਵਧਾਉਂਦਿਆਂ ਕਿਹਾ।

'ਲੈ, ਇਹਦੇ ਨਾਲ਼ ਟਰਾਈ ਕਰ।'

ਦੌਲੇ ਨੂੰ ਜਿਵੇਂ ਸੁਣਿਆ ਹੀ ਨਾ ਕਿ ਪੁਰੀ ਨੇ ਕੀ ਕਿਹਾ।

'ਉਏ ਸੌਂ ਗਿਆਂ ? ਮੈਂ ਕਿਹਾ ਆਹ ਫੜ, ਏਹਦੇ ਨਾਲ਼ ਪਟਾਕਾ ਪਊ !' ਪੁਰੀ ਨੇ ਉਸਦਾ ਮੋਢਾ ਹਲੂਣਦਿਆਂ ਆਖਿਆ।

ਦੌਲੇ ਦੀ ਸੁਰਤ ਸੰਭਲੀ ਅਤੇ ਉਸਨੇ ਪੁਰੀ ਹੱਥੋਂ ਪਿਸਤੌਲ ਫੜ, ਫੇਰ ਤੋਂ ਨਿਸ਼ਾਨਾ ਸਾਧਿਆ ਤੇ ਘੋੜਾ ਦੱਬ ਦਿੱਤਾ।

'ਠਾਹ' ਦੀ ਆਵਾਜ਼ ਵਦਾਣ ਵਾਂਗੂੰ ਚੁਫ਼ੇਰੇ 'ਚ ਪੱਸਰੇ ਸੰਨਾਟੇ 'ਤੇ ਵੱਜੀ।

ਦਰਖ਼ਤਾਂ +ਤੇ ਪਾਏ ਆਲ੍ਹਣਿਆਂ ਵਿਚ ਬੈਠੇ ਪੰਛੀ ਫੜ-ਫੜ ਕਰਦੇ ਅਸਮਾਨ 'ਚ ਉੱਡ ਗਏ।

'ਹਾਏ ਉਏ !'

ਮੁੰਡੇ ਦੀ ਦਿਲ ਚੀਰਵੀਂ ਚੀਕ ਥੱਲੇ ਪੰਛੀਆਂ ਦੀ ਫੜਫੜਾਹਟ ਦੀ ਆਵਾਜ਼ ਦਬ ਕੇ ਰਹਿ ਗਈ।

ਗੋਲ਼ੀ ਮੁੰਡੇ ਦੇ ਢਿੱਡ 'ਚ ਵੱਜੀ ਸੀ। ਉਹ ਚੀਕ ਮਾਰਦਿਆਂ, ਗੇੜਾ ਖਾ ਜ਼ਮੀਨ 'ਤੇ ਡਿੱਗ ਪਿਆ।

ਮੁੰਡੇ ਦੀ ਇਹ ਦਿਲ-ਵਿੰਨ੍ਹਵੀਂ ਦਰਦਨਾਕ ਚੀਕ, ਜੇ ਕਿਤੇ ਕਿਸੇ ਸਧਾਰਨ ਵਿਅਕਤੀ ਦੇ ਕੰਨਾਂ 'ਚ ਪੈ ਜਾਂਦੀ ਤਾਂ ਉਸਦੀ ਰੂਹ ਕੰਬ ਉੱਠਦੀ।

ਪਰ ਉਨ੍ਹਾਂ ਰਾਖ਼ਸ਼ਾਂ ਵਿਚ ਇਨਸਾਨੀ ਰੂਹਾਂ ਹੈ ਹੀ ਕਿੱਥੇ ਸਨ ? ਸੀਨਿਆਂ 'ਚ ਦਿਲ ਦੀ ਜਗ੍ਹਾ, ਭੁੱਲ-ਭੁਲੇਖੇ ਕੋਈ ਪੱਥਰ ਰੱਖ ਬੈਠਾ ਸੀ ਸ਼ੌਰੇ ਨੀਲੀ ਛਤਰੀ ਵਾਲ਼ਾ।

ਗੋਲ਼ੀ ਦੀ ਆਵਾਜ਼ ਤੇ ਚੀਕ ਸੁਣ, ਦੂਸਰੇ ਮੁੰਡੇ ਦੀਆਂ ਸਮੂਹ ਚੇਤਨਾਵਾਂ ਜਿਵੇਂ ਇੱਕੋ ਝਟਕੇ ਨਾਲ਼ ਜਾਗ ਪਈਆਂ।

ਸਿਰ 'ਤੇ ਤਾਂਡਵ ਕਰ ਰਹੀ ਮੌਤ ਦਾ ਅਹਿਸਾਸ, ਉਸਦੇ ਰੋਮ-ਰੋਮ ਨੂੰ ਝੰਜੋੜ ਕੇ ਰੱਖ ਗਿਆ।

ਉਸਨੇ ਆਪਣੀ ਸਾਰੀ ਤਾਕਤ ਇਕੱਠੀ ਕਰ, ਪਿੱਛੇ ਮੁੜ ਕੇ ਭੱਜਣ ਦੀ ਭਰਪੂਰ ਕੋਸ਼ਿਸ਼ ਕੀਤੀ। ਪਰ ਪੁਲਿਸ ਦੀ ਜ਼ੋਰਦਾਰ ਕੁੱਟ ਸਦਕਾ, ਚਾਰ ਪੁਲਾਂਘਾਂ ਪੁੱਟ ਕੇ ਹੀ, ਉਹ ਮੂਧੇ ਮੂੰਹ ਜ਼ਮੀਨ 'ਤੇ ਜਾ ਡਿੱਗਾ।

'ਉਏ ਦੂਜੇ ਨੂੰ ਫੜ ਗੋਲ਼ੀ ਸਿਰ 'ਤੇ ਮਾਰੀਂ ਜਾਂ ਦਿਲ 'ਚ ਕੰਜਰਾ !'

ਗੋਲ਼ੀ ਦੀ ਆਵਾਜ਼ ਨਾਲ਼ ਵਕਤੀ ਤੌਰ 'ਤੇ ਬੰਦ ਹੋਏ ਦੌਲੇ ਦੇ ਕੰਨਾਂ ਵਿਚ, ਪਹਿਲੇ ਮੁੰਡੇ ਦੀਆਂ ਕਰਾਹਟਾਂ ਤੇ ਪੁਰੀ ਦੀ ਆਵਾਜ਼, ਇਉਂ ਸੁਣਾਈ ਪਈਆਂ ਜਿਵੇਂ ਕਿਸੇ ਡੂੰਘੇ ਖੂਹ 'ਚੋਂ ਨਿਕਲੀਆਂ ਹੋਣ। ਪਹਿਲੀ ਵਾਰ ਅਜਿਹੀ ਸਥਿਤੀ ਨਾਲ਼ ਸਾਹਮਣਾ ਹੋਣ ਸਦਕਾ ਕੁਝ ਪਲਾਂ ਲਈ ਜਿਵੇਂ ਸੁੰਨ ਜਿਹਾ ਹੋਇਆ ਦੌਲਾ, ਆਪਣੇ ਹਵਾਸਾਂ 'ਤੇ ਕਾਬੂ ਪਾ, ਝੱਟ ਮੂਧੇ-ਮੂੰਹ ਡਿੱਗੇ ਪਏ ਮੁੰਡੇ ਦੇ ਸਿਰ 'ਤੇ ਜਮਦੂਤ ਬਣ ਜਾ ਖਲੋਤਾ।

ਬਿਨਾਂ ਵਕਤ ਗੁਆਇਆਂ, ਉਸਨੇ ਪਿਸਤੌਲ ਦੀ ਨਲ਼ੀ ਮੂਧੇ ਮੂੰਹ ਡਿੱਗੇ ਪਏ ਮੁੰਡੇ ਦੇ ਸਿਰ ਦੇ ਪਿਛਲੇ ਪਾਸੇ ਰੱਖੀ, ਤੇ ਘੋੜਾ ਦੱਬ ਦਿੱਤਾ।

ਗੋਲ਼ੀ ਮੁੰਡੇ ਦੀ ਖੋਪੜੀ 'ਚੋਂ ਆਰ-ਪਾਰ ਹੋ ਗਈ।

ਬਿਨਾਂ ਕੋਈ ਆਵਾਜ਼ ਕੱਢਿਆਂ, ਝੱਟ ਮੁੰਡੇ ਦੇ ਪ੍ਰਾਣ-ਪੰਖੇਰੂ ਉੱਡ ਗਏ।

ਕਿਸੇ ਮਾਂ-ਬਾਪ ਦੀਆਂ ਅੱਖਾਂ ਦਾ ਤਾਰਾ।

ਕਿਸੇ ਭੈਣ ਦੀਆਂ ਸੁੱਖ-ਸੱਧਰਾਂ ਦਾ ਪਹਿਰੇਦਾਰ।

ਕਿਸੇ ਭਰਾ ਦੀ ਸੱਜੀ ਬਾਂਹ।

ਕਿਸੇ ਸੁਹਾਗਣ ਦੇ ਸਿਰ ਦਾ ਸਾਂਈ।

ਕਿਸੇ ਬਾਲੜੇ ਦੇ ਸਿਰ ਦੀ ਛਾਂ।

ਕਿਸੇ ਵਸਦੇ-ਰਸਦੇ ਘਰ ਦਾ ਚਿਰਾਗ਼।

ਇੱਕੋ ਪਲ ਵਿੱਚ ਬੁਝ ਗਿਆ।

ਨਾ ਧਰਤੀ ਫਟੀ।

ਨਾ ਅਸਮਾਨ ਕੰਬਿਆ।

ਨਰ-ਪਿਸ਼ਾਚਾਂ ਦੇ ਕੰਨਾਂ 'ਤੇ ਜੂੰ ਵੀ ਨਾ ਸਰਕੀ।

ਦੂਰ ਅਸਮਾਨ ਵਿਚੋਂ ਇੱਕ ਤਾਰਾ ਟੁੱਟਿਆ। ਰੌਸ਼ਨੀ ਦੀ ਇੱਕ ਲਕੀਰ ਚਮਕੀ।

ਤੇ ਫ਼ਨਾਹ ਹੋ ਗਈ।

ਦੌਲਾ ਝੱਟ ਗੇੜਾ ਖਾ, ਜ਼ਖ਼ਮੀ ਪਏ ਪਹਿਲੇ ਮੁੰਡੇ ਦੇ ਸਿਰ 'ਤੇ ਜਾ ਪਹੁੰਚਿਆ।

ਗਹਿਨ ਵੇਦਨਾ ਨਾਲ਼ ਭਰੀਆਂ, ਦੋ ਮਾਸੂਮ ਅੱਖਾਂ ਦੌਲੇ ਦੇ ਪੂਰੇ ਵਜੂਦ ਵਿਚ ਖੁਭ ਗਈਆਂ।

'ਹਾਏ ਉਏ ! ਮਾਰੀਂ ਨਾ ਵੀਰ !'

ਲੜਖੜਾਉਂਦੀ ਆਵਾਜ਼ 'ਚ ਇੱਕ ਤਰਲਾ, ਦੌਲੇ ਦੇ ਕੰਨਾਂ 'ਚ ਪਾਰੇ ਵਾਂਗੂੰ ਲਹਿ ਗਿਆ।

ਇੱਕ ਪਲ ਲਈ ਦੌਲੇ ਦੇ ਅੰਦਰ ਕੁਝ ਪੰਘਰਿਆ।

ਮਹਿਜ਼ ਇੱਕ ਪਲ ਲਈ। ਪਰ ਅਗਲੇ ਹੀ ਪਲ।

ਦੌਲੇ ਦੀ ਪਿਸਤੌਲ ਨੇ ਫਿਰ ਅੱਗ ਉਗਲੀ।

ਗੋਲ਼ੀ ਮੁੰਡੇ ਦਾ ਦਿਲ ਚੀਰ ਗਈ। ਖੇਲ੍ਹ ਖ਼ਤਮ।

ਇੱਕ ਹੋਰ ਮਾਂ ਦੇ ਕਾਲ਼ਜੇ ਦਾ ਟੋਟਾ, ਰਾਜਨੀਤੀ ਦੀ ਬਿਸਾਤ 'ਤੇ ਵਿਛੇ ਮੋਹਰਿਆਂ ਦਾ ਸ਼ਿਕਾਰ ਹੋ ਗਿਆ।

ਰਾਜਸੱਤਾ ਦੇ ਉਪਾਸ਼ਕਾਂ ਵੱਲੋਂ, ਰਾਜਨੀਤੀ ਦੇਵੀ ਦੇ ਚਰਨਾਂ ਵਿੱਚ, ਇੱਕ ਹੋਰ ਨਰ-ਬਲੀ ਅਰਪਿਤ ਸੀ।

'ਨਾਜਰਾ, ਇਹਨੂੰ ਨਾਲ਼ ਲੈ ਜਾ ਠਾਣੇ, ਤੇ ਫੜਿਆ ਸਮਾਨ ਇਹਦੇ ਹਵਾਲੇ ਕਰ ਛੱਡ ਦੇ ਇਹਨੂੰ।' ਨਾਜਰ ਨੂੰ ਆਖ ਕੇ ਪੁਰੀ ਦੂਜੇ ਸਿਪਾਹੀ ਨੂੰ ਸੰਬੋਧਿਤ ਹੋਇਆ, 'ਤੂੰ ਐਥੇ ਈ ਬੈਠੀਂ, ਲਾਸ਼ਾਂ ਸਵੇਰੇ ਚੱਕਾਂਗੇ। ਦੇਖੀਂ ਕਿਤੇ ਕੋਈ ਕੁੱਤਾ-ਬਿੱਲਾ ਨਾ ਪੈ ਜੇ। ਲਾਸ਼ਾਂ ਦੇ ਸਿਰ੍ਹਾਣਿਓਂ ਨੀਂ ਉਠਣਾ ਤੂੰ।' ਤੇ ਫਿਰ ਨਾਜਰ ਨੂੰ ਬੋਲਿਆ, 'ਤੇ ਤੂੰ ਨਾਜਰਾ ! ਦੋ-ਤਿੰਨ ਘੰਟਿਆਂ ਨੂੰ, ਜਿਹੜਾ ਅਸਲਾ ਦਿਖਾਉਣਾ, ਲਿਆ ਕੇ ਫੈਰ-ਫੂਰ ਕੱਢਦੀਂ। ਬਾਕੀ ਪਤਾ ਈ ਆ ਤੈਨੂੰ। ਕਿਹੜਾ ਨਵੀਂ ਗੱਲ ਆ। ਫੇਰ ਨਾਲ਼ ਈ ਬੈਠੀਂ ਇਹਦੇ। ਸੁਵਖਤੇ ਕਾਰਵਾਈ ਪਾਵਾਂਗੇ।' ਫਿਰ ਦੌਲੇ ਵੱਲ ਨੂੰ ਮੁੜਿਆ, 'ਹਾਂ ਬਈ ਕੀ ਨਾਂ ਸੀ ਤੇਰਾ ਹਾਂ ਦੌਲਾ। ਤਾਂ ਦੌਲਿਆ, ਕੱਲ੍ਹ ਨੂੰ ਦੁਪਹਿਰੋਂ ਬਾਅਦ ਆਪਣੇ ਕਾਗਜ਼-ਪੱਤਰ ਲੈ ਕੇ ਆ ਜੀਂ ਠਾਣੇ। ਤੇਰੇ ਆਲ਼ਾ ਵੀ ਯੱਕਾ ਜੋੜਦੇ ਆਂ ਕਿਸੇ ਢੰਗ-ਹੀਲੇ। ਨਾਲ਼ੇ ਹੁਣ ਇਹ ਦੁੱਕੀਆਂ-ਤਿਕੀਆਂ ਆਲ਼ੇ ਕੰਮ ਬੰਦ ਪੈਗੀ ਖਾਨੇਂ ?'

'ਜਨਾਬ। ਸਭ ਬੰਦ ਜੀ, ਸ਼ਿਕਾਇਤ ਦਾ ਕੋਈ ਮੌਕਾ ਨੀਂ ਦਿੰਦਾ ਜੀ।'

'ਚੰਗਾ ਫਿਰ ਚੱਲਦਾਂ ਮੈਂ।'

ਆਖ ਕੇ ਪੁਰੀ ਰਵਾਨਗੀ ਪਾ ਗਿਆ।

ਉਸਦੇ ਜਾਣ ਪਿੱਛੋਂ ਜਦ ਨਾਜਰ ਤੇ ਦੌਲਾ ਵੀ ਜਾਣ ਲੱਗੇ, ਤਾਂ ਪਿੱਛਿਉਂ ਦੂਜੇ ਸਿਪਾਹੀ ਨੇ ਹੋਕਰਾ ਮਾਰਿਆ।

'ਨਾਜਰਾ, ਦਿਲ ਕੈੜਾ ਕਰਨ ਆਲ਼ੀ ਦੁਆਈ ਤਾਂ ਦੇ ਜਾ ਪਤੰਦਰਾ।'

ਨਾਜਰ ਨੇ ਜਿਪਸੀ 'ਚੋਂ ਪੌਣੀ ਕੁ ਬੋਤਲ ਸ਼ਰਾਬ ਦੀ ਕੱਢ ਕੇ ਦੂਜੇ ਸਿਪਾਹੀ ਨੂੰ ਫੜਾਈ, ਤੇ ਦੌਲੇ ਨੂੰ ਨਾਲ਼ ਬਿਠਾ ਜਿਪਸੀ ਤੋਰ ਲਈ।

'ਨਾਜਰ ਬਾਈ, ਮੇਰੀ ਕਹੀ ਗੱਲ ਪਿੱਛੇ ਦਿਲ 'ਚ ਮੈਲ਼ ਨਾ ਰੱਖੀਂ, ਉਹ ਤਾਂ ਐਵੇਂ ਈ ਮੂੰਹੋਂ ਨਿੱਕਲਗੀ।'

'ਕੋਈ ਨਾ-ਕੋਈ ਨਾ, ਨਾਲ਼ੇ ਹੁਣ ਤਾਂ ਤੂੰ ਵੀ ਮਹਿਕਮੇ ਆਲ਼ਾ ਹੋ ਗਿਆਂ ਭਰਾਵਾ। ਆਪਸਦਾਰੀ 'ਚ ਕਾਹਦੇ ਗੁੱਸੇ-ਗਿਲੇ ?"ਕੋਈ ਤਕੜੇ ਈ ਖਾੜਕੂ ਹੋਣੇ ਆਂ ਦੋਨੋਂ ?'

'ਕਾਹਨੂੰ ਦੌਲਿਆ ? ਖਾੜਕੂ ਕਿਤੇ ਇਉਂ ਮਰਦੇ ਆ ? ਪਹਿਲੀ ਗੱਲ ਤਾਂ ਉਨ੍ਹਾਂ ਪਿਉਆਂ ਦੇ ਪੁੱਤਾਂ ਨੂੰ ਹੱਥ ਨੀਂ ਪਾਉਂਦਾ ਕੋਈ ਛੇਤੀ ਕਿਤੇ। ਤੇ ਜੇ ਕਿਤੇ ਕੋਈ ਭੁੱਲ-ਭੁਲੇਖੇ ਹੱਥੇ ਚੜ੍ਹ ਵੀ ਜਾਏ, ਤੇ ਮੁਕਾਬਲਾ ਬਣਾਉਣਾ ਹੋਵੇ ਤਾਂ ਹੱਥ ਪੈਰ ਬੰਨ੍ਹ ਕੇ ਲਿਆਉਣੇ ਪੈਂਦੇ ਆ। ਨਾਲ਼ੇ ਪੂਰੀ ਗਾਰਦ ਆਉਂਦੀ ਆ ਨਾਲ਼। ਆਏਂ ਦੋ ਸਿਪਾਹੀਆਂ ਨਾਲ਼ ਦੋ ਖਾੜਕੂ ਕਿਹੜਾ ਭੇਜ ਦੂ ? ਅਗਲਿਆਂ ਦਾ ਕੀ ਪਤਾ, ਬਈ ਰਾਹ 'ਚ ਈ ਸੰਘੀਆਂ ਨੱਪ ਦੇਣ ਅਗਲੇ ? ਇਹ ਤਾਂ ਊਂਈਂ ਚੱਕੇ ਸੀ ਮੁੰਡੇ ਪੁਰੀ ਸਾਅਬ ਨੇ। ਨਜ਼ਰੀਂ ਚੜ੍ਹਗੇ ਕਿਤੇ ਸਾਅਬ ਦੇ। ਤੇ ਜਿਹੜਾ ਸਾਅਬ ਦੇ ਨਜ਼ਰੀਂ ਚੜ੍ਹ ਗਿਆ ਕਿਤੇ, ਉਹਦਾ ਆਲ਼ਾ ਤਾਂ ਪੱਤਾ ਸਾਫ਼ ਈ ਸਮਝ ਤੂੰ।'

(ਚਲਦਾ)

ਕਹਾਣੀ



# ਬੰਨੇ ਚੰਨੇ ਦੇ ਭਰਾ

ਅਫ਼ਜ਼ਲ ਅਹਿਸਨ ਰੰਧਾਵਾ

ਅੰਤਿਮ ਕਿਸ਼ਤ

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਏਸ ਗੱਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰਾਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਾਹੌਰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚੱਲਣ ਦਾ ਹੁਕਮ ਦਿੱਤੋ ਨੇ। ਮੇਰੇ ਧੰਨ ਭਾਗ, ਲਾਹੌਰ ਅੱਪੜ ਕੇ ਆਪਣੇ ਰਸਾਲੇ ਤੇ ਪੈਦਲਾਂ ਨੂੰ ਗੁਰਦੁਆਰੇ ਅੱਪੜਨ ਦਾ ਹੁਕਮ ਦਿੱਤਾ। ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ। ਧੰਨ ਭਾਗ। 'ਕਿੱਧਰ?' ਮੇਰੇ ਮਨ ਵਿਚ ਸਵਾਲ ਪੁੰਗਰਿਆ।

ਗੁਰੂ ਮਹਾਰਾਜ ਤੇ ਦਿਲਾਂ ਦੇ ਭੇਦ ਜਾਨਣ ਵਾਲੇ ਸਨ, ਹੱਸ ਕੇ ਕਹਿਣ ਲੱਗੇ, 'ਭਾਈ ਟਹਿਲ ਸਿਹਾਂ! ਤੇਰੇ ਭਰਾ ਚੌਧਰੀ ਵੱਲ ਚੱਲੇ ਆਂ। ਉਹਦੇ ਘਰ ਦਾ ਰਾਹ ਆਉਂਦਾ ਈ?'

'ਆਹ ਮਹਾਰਾਜ।' ਮੈਂ ਹੱਥ ਬੰਨ੍ਹ ਕੇ ਅਰਜ਼ ਗੁਜ਼ਾਰੀ, 'ਧੰਨ ਭਾਗ ਉਹਦੇ।'

'ਸ਼ਾਹੋ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅੱਪੜੇ ਤਾਂ ਉਹ ਆਪ ਘਰ ਕੋਈ ਨਹੀਂ ਸਨ। ਗੁਰੂ ਮਹਾਰਾਜ ਏਸ ਗੱਲ ਦੀ ਪ੍ਰਵਾਹ ਕੀਤਿਓਂ ਬਗੈਰ ਘੋੜੀਆਂ ਦੇ ਖੁਰਲ ਵੱਲ ਗਏ। ਇਕ ਘੋੜੀ ਦੇ ਕੋਲ ਅੱਪੜ ਕੇ ਉਹਨੂੰ ਥਾਪੀ ਦਿਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਨਾਲ ਲਾ ਲਿਓ ਨੇ, ਜਿਵੇਂ ਕੋਈ ਮਾਂ ਆਪਣੇ ਵਿੱਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ। ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ, ਉਹਨੂੰ ਪਿਆਰ ਕਰਦੇ ਤੇ ਉਹਦੇ ਮੱਥੇ ਉਤੇ ਹੱਥ ਫੇਰਦੇ ਰਹੇ। ਨੌਕਰਾਂ ਪ੍ਰਾਹੁਣੇ ਦੇਖ ਕੇ ਅੰਦਰੋਂ ਨਵੀਆਂ-ਨਵਾਰੀ ਮੰਜੀਆਂ ਕੱਢੀਆਂ, ਨਵੇਂ ਸਿਰਹਾਣੇ-ਖੇਸ ਲਿਆ ਕੇ ਸਿਰਹਾਂਦੀ ਪਵਾਂਦੀ ਰੱਖੇ। ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤਾਂ ਉਹ ਗੁਰੂ ਮਹਾਰਾਜ ਨੂੰ ਦੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।

'ਬਿਸਮਿਲ੍ਹਾ ਮਹਾਰਾਜ।' ਭਾਈ ਆਖਿਆ, 'ਅੱਜ ਤੇ ਸੱਚੀ-ਮੁੱਚੀ ਕੀੜੀ ਦੇ ਘਰ ਨਰਾਇਣ ਆ ਗਿਆ ਏ। ਤਸ਼ਰੀਫ ਰੱਖੋ। ਅੰਨ ਪਾਣੀ ਦੀ ਸੁਣਾਓ?'

'ਅੰਨ-ਪਾਣੀ ਵੱਲੋਂ ਪੁਰਬਾਸ਼।' ਗੁਰੂ ਹੋਰੀਂ ਖਲੋਤਿਆਂ ਈ ਕਹਿਣ ਲੱਗੇ, 'ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛੱਡੀ ਏ।'

ਭਾਈ ਹੋਰੀਂ ਉਚੀ ਸਾਰੀ ਹੱਸ ਪਏ, ਕਹਿਣ ਲੱਗੇ, 'ਮਹਾਰਾਜ, ਇਹ ਗੁਰਾਂ ਦੀ ਘੋੜੀ ਤੇ ਨਹੀਂ ਨਾ? ਜਿਨ੍ਹੇ ਕਿੱਲੇ ਬੱਧੀ ਨੇ ਦਾਣੇ ਚਰਦਿਆਂ-ਚਰਦਿਆਂ ਮੱਝ ਬਣ ਜਾਣਾ ਏਂ। ਇਹ ਤੇ ਗਰੀਬ ਜੱਟ ਦੀ ਘੋੜੀ ਏ, ਜੀਹਦੇ ਉਤੇ ਮੈਂ ਦੋ ਵੇਲੇ ਸਵਾਰੀ ਕਰਨਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ, ਪਰ ਉਹਦੇ ਉਤੇ ਵਾਧੂ ਮਾਸ ਵੀ ਤੇ ਨਹੀਂ ਚੜ੍ਹਦਾ ਮਾਹਰਾਜ।'

ਗੁਰੂ ਮਹਾਰਾਜ ਖਿੜਖਿੜਾ ਕੇ ਹੱਸ ਪਏ। ਕਹਿਣ ਲੱਗੇ, 'ਗੱਲ ਠੀਕ ਆਖੀ ਆ ਚੌਧਰੀ।'

'ਅਗਾੜੀਆਂ-ਪਿਛਾੜੀਆਂ ਪਾ ਕੇ ਬੱਧੀ, ਨਹਾਤੇ-ਧੋਤੇ ਜੁੱਸੇ ਉਤੇ ਚਮਕਦੇ ਫੁੱਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅੱਗੇ ਨਾਲੋਂ ਮਾੜੀ ਤੇ ਨਹੀਂ, ਸਗੋਂ ਚੁਸਤ, ਬਾਂਕੀ ਤੇ ਬਹੁਤ ਸੋਹਣੀ ਪਈ ਲੱਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਨੇ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਗਲੇ ਦੀਆਂ ਝਾਲਰਾਂ ਹਿੱਲੀਆਂ। ਭਾਈ ਹੋਰਾਂ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿੱਤੀ ਤੇ ਗੁਰੂ ਹੋਰਾਂ ਦੂਜੇ ਬੰਨਿਓਂ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ। ਘੋੜੀ ਵਾਲੀ ਸਾਰੀ ਗੱਲ ਮੇਰੀ ਸਮਝ ਵਿਚ ਆ ਗਈ ਸੀ ਤੇ ਮੈਂ ਨਮੋਸ਼ੀ ਵਿਚ ਡੁੱਬਦਾ ਜਾਂਦਾ ਸਾਂ, ਪਰ ਗੁਰੂ ਮਹਾਰਾਜ ਦੇ ਚਿਹਰੇ 'ਤੇ ਉਹੋ ਨੂਰ ਸੀ। ਉਹ ਘੋੜੀ ਨੂੰ ਦੇਖ ਕੇ ਬਹੁਤ ਖੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲੱਗੇ, 'ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ ਤੇ ਏਸ ਘੋੜੀ ਦੀ ਸਾਂਭ ਵੀ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰੱਖੀ ਸੂ ਘੋੜੀ? ਜਿਊਂਦਾ ਵੱਸਦਾ ਰਵ੍ਹੇ।' ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ, ਕੀ ਆਖਦਾ?

ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵੱਲ ਆਏ। ਮੈਂ ਉਨ੍ਹਾਂ ਦੇ ਆਵਣ ਦੀ ਖਬਰ ਲਾਹੌਰ ਭਾਈ ਹੁਰਾਂ ਨੂੰ ਘੱਲੀ। ਹੜ੍ਹ ਵਾਲੇ ਮੈਦਾਨ ਵਿਚ ਗੁਰਾਂ ਦੇ ਡੇਰੇ ਸਨ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ, ਤਿੰਨ-ਚਾਰ ਹਜ਼ਾਰ ਸਿੱਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ। ਇੰਞ ਲੱਗਦਾ ਜਿਵੇਂ ਤਾਰਿਆਂ ਵਿਚ ਚੌਧਵੀਂ ਰਾਤ ਦਾ ਚੰਨ। ਹਵਾ ਦੀਆਂ ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿੱਲਰੇ ਹੋਏ ਸੁਣੇ ਜਾਂਦੇ:

ਸਾਡੇ ਭਾਗ ਭਲੇ<br>
ਗੁਰਾਂ ਦੇ ਦਰਸ਼ਨ ਪਾਏ<br>
ਸਾਡੇ ਭਾਗ ਭਲੇ।

ਭਾਈ ਹੋਰੀਂ ਆਏ। ਉਨ੍ਹਾਂ ਦੇ ਹੱਥ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਦਾ ਰੱਸਾ ਫੜਿਆ ਹੋਇਆ ਸੀ, ਜਿਹਨੂੰ ਕੱਲ੍ਹ ਉਹ ਲਾਹੌਰੋਂ ਗੱਡੀ ਵਿਚ ਪਾ ਕੇ ਪਿੰਡ ਲੈ ਕੇ ਆਏ ਸਨ। ਗੁਰੂ ਸਾਹਿਬ ਉਠੇ ਤੇ ਅਗਾਂਹ ਵਧ ਕੇ ਉਨ੍ਹਾਂ ਭਾਈ ਨੂੰ ਦੁਆਵਾਂ ਦਿੱਤੀਆਂ ਤੇ ਘੋੜੀ ਦਾ ਮੂੰਹ-ਸਿਰ ਛਾਤੀ ਨਾਲ ਲਾ ਕੇ ਉਹਨੂੰ ਪਿਆਰ ਕੀਤੋ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉਤੇ ਗੱਡੀਆਂ ਹੋਈਆਂ ਸਨ।

ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ, 'ਮਹਾਰਾਜ, ਇਹ ਤੁਹਾਡਾ ਮਾਲ ਏ, ਕਬੂਲ ਕਰੋ।'

ਗੁਰੂ ਸਾਹਿਬ ਨੇ ਰੱਸਾ ਫੜ ਲਿਆ ਤੇ ਘੋੜੀ ਦੇ ਪਿੰਡੇ ਉਤੇ ਪਿਆਰ ਨਾਲ ਹੱਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫੁਰਮਾਣ ਲੱਗੇ, 'ਚੌਧਰੀ ਵੱਸਦਾ ਰਹੁ। ਤੇਰੀ ਘੋੜੀ ਸਾਨੂੰ ਅੱਪੜ ਗਈ।'

'ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ।' ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ, 'ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗੁੱਸੇ ਓ।'

ਗੁਰੂ ਹੁਰਾਂ ਫੁਰਮਾਇਆ, 'ਚੌਧਰੀ ਤੇਰਾ ਭਰਾ ਭਾਈ ਟਹਿਲ ਸਿੰਘ ਭਲਾ ਲੋਕ ਆਦਮੀ ਏ।

ਉਹਦੇ ਨਾਲ ਤੇ ਅਸੀਂ ਭੋਰਾ ਵੀ ਨਰਾਜ਼ ਨਹੀਂ। ਉਹਨੂੰ ਤੇ ਅਸਾਂ ਇਹ ਗੱਲ ਕਦੇ ਜਤਾਈ ਵੀ ਨਹੀਂ। ਘੋੜੀ ਸਾਡੀ ਹੋ ਗਈ, ਪਰ ਇਹ ਰਵ੍ਹੇਗੀ ਤੇਰੇ ਕੋਲ ਭਾਈਆ, ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਹੀਂ ਨਾ ਹੋ ਸਕਦੀ।

ਤੇ ਗੁਰੂ ਹੁਰਾਂ ਖੁਸ਼ ਹੋ ਕੇ ਦੁਆਵਾਂ ਦਿੱਤੀਆਂ, ਸਵਾਰ ਨੂੰ ਵੀ ਤੇ ਘੋੜੀ ਨੂੰ ਵੀ।

1940-41 ਦੀ ਇਹ ਕਹਾਣੀ ਚਾਚਾ ਟਹਿਲ ਸਿੰਘ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਆਪਣੇ ਖਤ ਵਿਚ ਮੈਨੂੰ 1981 ਵਿਚ ਲਿਖਦਾ ਏ ਤੇ ਨਾਲ ਮੈਨੂੰ ਇਸ ਕਹਾਣੀ ਨੂੰ ਲਿਖਣ ਲਈ ਆਖਦਾ ਏ। ਏਸ ਕਹਾਣੀ ਵਿਚ ਭੈਣੀ ਸਾਹਿਬ ਵਾਲੇ ਗੁਰੂ, ਗੁਰੂ ਪ੍ਰਤਾਪ ਸਿੰਘ ਜੀ ਹੁਰੀਂ ਨੇ। ਚਾਚਾ ਟਹਿਲ ਸਿੰਘ ਨਵੇਂ ਪਿੰਡ ਵਾਲਾ ਭਾਈ ਟਹਿਲ ਸਿੰਘ ਰੰਧਾਵਾ ਨਾਮਧਾਰੀ ਏ, ਜਿਹੜਾ ਮੇਰੇ ਵਾਲਦ ਦਾ ਪੱਗ ਵੱਟ ਭਰਾ, ਦੋਸਤ, ਜਮਾਤੀ ਤੇ ਸਾਥੀ ਸੀ। ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੈਠਾ ਏ। ਕਹਾਣੀ ਵਿਚ ਉਹਦਾ ਭਾਈ ਸਾਹਿਬ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਗੁਰਾਂ ਤੋਂ ਉਤੋਂ ਦੀ ਮੁੱਲ ਦੇ ਕੇ ਲੈ ਆਵਣ ਵਾਲਾ ਬੰਦਾ ਮੇਰਾ ਵਾਲਦ ਏ। ਇਹ ਮੇਰੇ ਹੋਸ਼ ਸੰਭਾਲਣ ਤੋਂ ਪਹਿਲੋਂ ਦੀਆਂ ਬਾਤਾਂ ਨੇ। ਮੈਂ ਉਸ ਘੋੜੀ ਨੂੰ ਦੇਖਿਆ ਵੀ ਨਹੀਂ। ਪਰ ਚਾਚੇ ਟਹਿਲ ਸਿੰਘ ਦਾ ਇਹ ਖਤ ਪੜ੍ਹ ਕੇ ਮੈਨੂੰ ਉਸ ਘੋੜੀ ਬਾਰੇ ਹੋਰ ਜਾਨਣ ਦਾ ਸ਼ੌਕ ਕੁੱਦਿਆ।

ਇਕ ਦਿਨ ਪਿੰਡ ਬੈਠਿਆਂ ਘੋੜੀਆਂ ਦੀਆਂ ਗੱਲਾਂ ਹੋ ਰਹੀਆਂ ਸਨ ਤੇ ਮੈਂ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦੀ ਗੱਲ ਵਾਹ ਦਿੱਤੀ। ਪਰ੍ਹਾਂ ਚੁੱਪ ਕਰਕੇ ਬੈਠੇ ਅੱਬਾ ਜੀ ਦੀਆਂ ਤਸ਼ਬੀਹ ਫੇਰਦੀਆਂ ਉਂਗਲਾਂ ਖਲੋ ਗਈਆਂ। ਉਨ੍ਹਾਂ ਦੀਆਂ ਭੂਰੀਆਂ ਬਦਾਮੀ ਖੂਬਸੂਰਤ ਚਮਕਦੀਆਂ ਅੱਖੀਆਂ ਦੇ ਵਿਚ ਵੀ ਮਸ਼ਾਲਾਂ ਜਿਹੀਆਂ ਬਲੀਆਂ।

'ਭਾਈ, ਉਹ ਬੜੀ ਘੋੜੀ ਸੀ।' ਉਹ ਆਖ ਕੇ ਚੁੱਪ ਕਰ ਗਏ। ਤੇ ਤਸਬੀਹ ਦੇ ਦਾਣੇ ਫੇਰ ਉਨ੍ਹਾਂ ਦੀਆਂ ਉਂਗਲਾਂ ਵਿਚ ਫਿਰਨ ਲੱਗ ਪਏ। ਚਾਚਾ ਟਹਿਲ ਸਿੰਘ ਉਨ੍ਹਾਂ ਨੂੰ ਬੜਾ ਪਿਆਰਾ ਸੀ ਤੇ ਉਹਦੇ ਜ਼ਿਕਰ 'ਤੇ ਅੱਬਾ ਜੀ ਸਦਾ ਹੀ ਉਦਾਸ ਹੋ ਜਾਂਦੇ। ਮੈਂ ਦੁੱਖਾਂ-ਦਰਦਾਂ ਦੇ ਫੋਲਣੇ ਤੇ ਨਹੀਂ ਫੋਲਣਾ ਚਾਹੁੰਦਾ ਸਾਂ, ਪਰ ਦੋ-ਤਿੰਨ ਗੱਲਾਂ ਪੁੱਛਿਓਂ ਬਿਨਾਂ ਮੈਥੋਂ ਰਹਿ ਵੀ ਨਾ ਹੋਇਆ, 'ਜਦੋਂ ਤੁਹਾਨੂੰ ਚਾਚਾ ਟਹਿਲ ਸਿੰਘ ਏਡਾ ਈ ਪਿਆਰਾ ਸੀ ਤਾਂ ਫੇਰ ਤੁਸਾਂ ਉਹਦੇ ਗੁਰੂ ਸਾਹਿਬ ਦੇ ਸੌਦੇ ਉਤੇ ਸੌਦਾ ਕਿਉਂ ਕੀਤਾ?'

'ਇਹਨੂੰ ਹੂੜਮੱਤ ਤੇ ਮੂਰਖਪੁਣਾ ਹੀ ਕਿਹਾ ਜਾ ਸਕਦਾ ਏ।' ਅੱਬਾ ਜੀ ਨੇ ਨਿੱਕਾ ਜਿਹਾ ਜੁਆਬ ਦੇ ਕੇ ਗੱਲ ਮੁਕਾਈ। 'ਘੋੜੀ ਵੇਖ ਕੇ ਮੈਂ ਰਹਿ ਨਾ ਸਕਿਆ ਤੇ ਘੋੜੀ ਮੈਂ ਲਈ ਵੀ ਗੁਰੂ ਸਾਹਿਬ ਦੇ ਮੁੱਲ ਤੋਂ ਬਹੁਤਾ ਮੁੱਲ ਤਾਰ ਕੇ ਤੇ ਬੜਿਆਂ ਜ਼ੋਰਾਂ ਨਾਲ-ਤਾਂ ਵੀ ਮੈਂ ਸਮਝਿਆ ਮੈਂ ਘੋੜੀ ਕੱਖਾਂ ਦੇ ਮੁੱਲ ਲੈ ਆਂਦੀ ਏ। ਗੁਰੂ ਸਾਹਿਬ ਦੇ ਘਰ ਰੁਪਏ ਪੈਸੇ ਦੀ ਕਾਹਦੀ ਥੋੜ੍ਹ? ਉਹ ਤੇ ਆਪਣਿਆਂ ਸਿੱਖਾਂ ਨੂੰ ਇਸ਼ਾਰਾ ਕਰਦੇ ਤੇ ਅਗਲੇ ਘੋੜੀ ਸੋਨੇ ਨਾਲ ਤੋਲ ਕੇ ਵੀ ਲੈ ਆਉਂਦੇ।'

ਮੇਰਾ ਦੂਸਰਾ ਸਵਾਲ, ਮੈਂ ਕਿਹਾ 'ਅਸੂਲ ਨਾਲ ਤੇ ਸਾਈ ਦੇਣ ਮਗਰੋਂ ਘੋੜੀ ਉਨ੍ਹਾਂ ਦੀ ਹੋ ਗਈ, ਫੇਰ ਉਹ ਉਸ ਘੋੜੀ ਦੇ ਬੜੇ ਆਸ਼ਕ ਸਨ, ਤਾਂ ਵੀ ਉਨ੍ਹਾਂ ਤੁਹਾਡੀ ਏਸ ਹਰਕਤ ਦਾ ਬੁਰਾ ਨਾ ਮਨਾਇਆ? ਤੁਹਾਡੀ ਏਸ ਹਰਕਤ ਤੋਂ ਉਹ ਚਾਚੇ ਟਹਿਲ ਸਿੰਘ ਨਾਲ ਰੰਜ ਕਿਉਂ ਨਾ ਹੋਏ?'

'ਇਹਦੇ ਵਿਚ ਕਿਉਂ ਨਾ ਹੋਏ? ਦਾ ਕੀ ਸਵਾਲ ਏ ਬੱਲਿਆ? ਇਹ ਗੁਰੂ ਹੁਰਾਂ ਦੀ ਵਡਿਆਈ ਸੀ। ਐਵੇਂ ਤੇ ਨਹੀਂ ਲੱਖਾਂ ਬੰਦੇ ਉਨ੍ਹਾਂ ਦੀਆਂ ਮਿੰਨਤਾਂ ਕਰਦੇ ਰਹੇ? ਉਹ ਬੜੇ ਹੌਸਲੇ ਤੇ ਬੜੀਆਂ ਸਿਫਤਾਂ ਵਾਲੇ ਇਨਸਾਨ ਸਨ। ਜਦੋਂ ਉਹ ਘੋੜੀ ਨੂੰ ਮਿਲਣ ਮੇਰੇ ਘਰ ਆਏ, ਜੇ ਮੈਂ ਉਦੋਂ ਘੋੜੀ ਉਨ੍ਹਾਂ ਦੀ ਨਜ਼ਰ ਕਰਦਾ ਤੇ ਗੱਲ ਹੌਲੀ ਰਹਿ ਜਾਂਦੀ। ਏਸ ਕਰਕੇ ਹੀ ਮੈਂ ਤੋੜ ਪਿੰਡ ਆ ਕੇ ਘੋੜੀ ਉਨ੍ਹਾਂ ਦੀ ਨਜ਼ਰ ਕੀਤੀ ਜਿਹੜੀ ਉਨ੍ਹਾਂ ਕਬੂਲ ਤਾਂ ਕਰ ਲਈ, ਪਰ ਘੋੜੀ ਨਾ ਲਈ। ਮੈਂ ਭਾਈ ਟਹਿਲ ਸਿੰਘ ਦੀ ਵਜ੍ਹਾ ਤੋਂ ਹੀ ਘੋੜੀ ਉਨ੍ਹਾਂ ਦੀ ਨਜ਼ਰ ਕਰਨਾ ਚਾਹੁੰਦਾ ਸਾਂ ਤਾਂ ਜੁ ਉਹ ਮੇਰੇ ਮੂਰਖਪੁਣੇ ਤੋਂ ਭਾਈ ਨਾਲ ਨਾਰਾਜ਼ ਨਾ ਹੋਣ ਤੇ ਆਪਣੇ ਸਿੱਖ, ਆਪਣੇ ਇਕ ਮੰਨਣ ਵਾਲੇ ਆਪਣੇ ਇਕ ਚੇਲੇ ਦਾ ਮੈਨੂੰ ਭਰਾ ਸਮਝ ਕੇ ਹੀ ਉਨ੍ਹਾਂ ਮੈਥੋਂ ਘੋੜੀ ਨਾ ਲਈ-ਇਹੋ ਜਿਹੀਆਂ ਵਡਿਆਈਆਂ ਬੰਦਿਆਂ ਵਿਚ ਨਹੀਂ, ਫਰਿਸ਼ਤਿਆਂ ਵਿਚ ਹੁੰਦੀਆਂ ਨੇ ਤੇ ਉਹ ਸੱਚੀਂ-ਮੁੱਚੀ ਫਰਿਸ਼ਤਿਆਂ ਵਰਗੇ ਹੀ ਮਨੁੱਖ ਸਨ।'

ਮੈਂ ਆਖਰੀ ਸਵਾਲ ਰੇੜ੍ਹਿਆ, 'ਫੇਰ ਉਸ ਘੋੜੀ ਦਾ ਕੀ ਬਣਿਆ?'

'ਬਣਨਾ ਕੀ ਸੀ?' ਅੱਬਾ ਜੀ ਨਿੰਮ੍ਹਾ ਜਿਹਾ ਹੱਸ ਕੇ ਬੋਲੇ, 'ਜਿਸ ਘੋੜੀ ਦੇ ਏਸਰਾਂ ਦੇ ਐਨੇ ਸਾਰੇ ਕਿੱਸੇ ਬਣ ਜਾਣ, ਟੁਰ ਤੇ ਆਖਰ ਓਸ ਜਾਣਾ ਹੀ ਸੀ। ਬੜੇ ਬੜੇ ਸੇਠ ਸ਼ਾਹੂਕਾਰ, ਰਾਜੇ, ਮਹਾਰਾਜੇ ਤੇ ਅਮੀਰ-ਗਰੀਬ ਲੋਕ ਉਹਦੇ ਗਾਹਕ ਬਣੇ, ਪਰ ਮੈਂ ਕਦ ਵੇਚਦਾ ਸਾਂ ਉਹਨੂੰ? ਪਰ ਪੰਜ ਹੱਥਿਆਂ ਅੱਗੇ ਮੇਰੀ ਕੋਈ ਪੇਸ਼ ਨਾ ਗਈ।'

'ਕਿਵੇਂ?' ਮੇਰੇ ਮੂੰਹੋਂ ਨਿਕਲਿਆ।

'ਪੰਜ ਹੱਥੇ, ਪੰਜੇ ਭਰਾ ਤਿੰਨ ਵੱਡੇ ਨੋਟਾਂ ਦੀਆਂ ਬੋਰੀਆਂ ਤੇ ਦਸ ਸੇਰ ਪੱਕੇ ਸੋਨੇ ਦੀਆਂ ਟੂੰਬਾਂ ਦੀ ਪੰਡ ਲੈ ਕੇ ਮੇਰੇ ਬੂਹੇ 'ਤੇ ਆ ਕੇ ਬਹਿ ਗਏ। ਪੰਜ ਹੱਥੇ ਤੇ ਉਨ੍ਹਾਂ ਦੀ ਅੱਲ ਪੈ ਗਈ ਹੋਈ ਸੀ। ਉਹ ਪੰਜੇ ਭਰਾ ਬੜੇ ਭਾਰੇ ਜਵਾਨ ਤੇ ਵੱਡੇ ਡਾਕੂ ਸਨ, ਪਰ ਸਨ ਆਪਣੀ ਬਰਾਦਰੀ ਦੇ ਭਰਾ, ਨਾਲ ਦੇ ਪਿੰਡ ਦੇ। ਆਪਣਿਆਂ ਪਿੰਡਾਂ ਵਿਚ ਤੇ ਉਹ ਕਦੇ ਕਿਸੇ ਨੂੰ ਕੰਨੀਂ ਪਾਇਆਂ ਵੀ ਨਾ ਦੁਖਦੇ। ਦੂਰ-ਦੂਰ ਦੇ ਸ਼ਹਿਰਾਂ ਵਿਚ ਜਾ ਕੇ ਡਾਕੇ ਮਾਰਦੇ। ਇਕ ਇਕ ਬੰਦਾ ਪੰਜਾਂ-ਪੰਜਾਂ ਹੱਥਾਂ ਵਾਲਾ ਲੱਗਦਾ ਤੇ ਏਸ ਪਾਰੋਂ ਹੀ ਲੋਕ ਉਨ੍ਹਾਂ ਨੂੰ ਪੰਜ ਹੱਥੇ ਆਖਣ ਲੱਗ ਪਏ।

ਜਦੋਂ ਉਹ ਆਏ, ਰਾਤ ਅੰਨ ਪਾਣੀ ਖੁਆ ਕੇ ਹੱਸਦਿਆਂ-ਹੱਸਦਿਆਂ ਪੁੱਛਿਆ, ਲਾਹੌਰ ਲੁੱਟਣ ਆਏ ਓ ਪੰਜ ਹੱਥਿਓ?

ਈਸ਼ਰ ਸਿੰਘ ਦੀ ਚਿੱਟੀ ਦਾੜ੍ਹੀ ਸੀ ਤੇ ਸਾਰਿਆਂ ਭਰਾਵਾਂ ਵਿਚੋਂ ਵੱਡਾ। ਸਿਰੋਂ ਆਪਣੀ ਪੱਗ ਲਾਹ ਕੇ ਗਲ ਵਿਚ ਪਾ ਲਈਓ ਸੂ ਤੇ ਹੱਥ ਜੋੜ ਕੇ ਬੋਲਿਆ, 'ਭਰਾ ਜਿਹੜੀ ਘੋੜੀ ਦਾ ਮੁੱਲ ਗੁਰੂ ਤੇ ਰਾਜੇ-ਮਹਾਰਾਜੇ ਨਹੀਂ ਦੇ ਸਕੇ, ਅਸਾਂ ਕੀ ਦੇ ਲੈਣਾ ਏ? ਪਰ ਫੇਰ ਵੀ ਅਸੀਂ ਆਪਣੀ ਸਾਰੀ ਉਮਰ ਦੀ ਕਮਾਈ ਲੈ ਕੇ ਆਏ ਆਂ ਤੇ ਜਾਵਾਂਗੇ ਘੋੜੀ ਲੈ ਕੇ। ਨਹੀਂ ਤੇ ਸਹੁੰ ਭਾਈਏ ਦੀ! ਸਾਰੀ ਉਮਰ ਤੇਰੇ ਬੂਹੇ 'ਤੇ ਬਹਿ ਰਹਾਂਗੇ। ਤੇਰੇ ਮਾਲ ਡੰਗਰ ਨੂੰ ਪੱਠਾ-ਦੱਥਾ ਪਾ ਛੱਡਿਆ ਤੇ ਤੇਰੀਆਂ ਰੋਟੀਆਂ ਤੋੜ ਛੱਡਿਆਂ ਕਰਾਂਗੇ।' ਈਸ਼ਰ ਸਿੰਘ ਦੀ ਗੱਲ ਅਟੱਲ ਸੀ।'

'ਫੇਰ ਘੋੜੀ ਲੈ ਗਏ ਪੰਜ ਹੱਥੇ?' ਮੈਂ ਪੁੱਛਿਆ।

'ਲੈ ਗਏ'। ਅੱਬਾ ਜੀ ਹੱਸ ਕੇ ਬੋਲੇ, 'ਸਵੇਰੇ ਉਨ੍ਹਾਂ ਨੂੰ ਸ਼ਾਹ ਵੇਲਾ ਖਵਾ ਕੇ ਮੈਂ ਘੋੜੀ ਖੋਲ੍ਹ ਕੇ ਉਨ੍ਹਾਂ ਦੇ ਹੱਥ ਫੜਾਈ ਤੇ ਉਹ ਛਾਲਾਂ ਮਾਰਦੇ ਉਡ ਗਏ।'

'ਕਿੰਨੇ ਦੀ?' ਮੈਂ ਕੀਮਤ ਪੁੱਛਣ ਲਈ ਬੇਚੈਨ ਸਾਂ।' 'ਆਖਰ ਏਡੀ ਨਾਮੀ-ਗਰਾਮੀ ਤੇ ਵੱਡੀ ਘੋੜੀ ਦਾ ਕੀ ਮੁੱਲ ਲੱਗਿਆ?'

'ਮੁੱਲ?' ਹੱਸ ਕੇ ਅੱਬਾ ਜੀ ਨੇ ਕਿਹਾ, 'ਇਕ ਰੁਪਿਆ ਚਾਂਦੀ ਦਾ।' 'ਇਕ ਰੁਪਿਆ?' ਮਸਾਂ ਈ ਮੇਰੇ ਮੂੰਹੋਂ ਨਿਕਲਿਆ।

'ਆਹੋ ਕਾਕਾ, ਬੰਨੇ ਚੰਨੇ ਦੇ ਭਰਾ ਸਨ ਤੇ ਬੂਹੇ 'ਤੇ ਆ ਕੇ ਬੈਠੇ ਹੋਏ ਸਨ। ਮੈਂ ਉਨ੍ਹਾਂ ਤੋਂ ਘੋੜੀ ਦਾ ਮੁੱਲ ਲੈਂਦਾ ਚੰਗਾ ਲੱਗਦਾ ਸਾਂ।'

ਅੱਬਾ ਜੀ ਕਹਿਣ ਲੱਗੇ। 'ਤੇ ਰੁਪਿਆ ਕਿੰਞ ਹੋਇਆ ਫੇਰ?'

'ਮੁੱਲ ਦੇਣ ਲਈ ਉਨ੍ਹਾਂ ਦੇ ਜ਼ੋਰ ਲਾਉਣ 'ਤੇ ਮੈਂ ਚਾਂਦੀ ਦਾ ਇਕ ਰੁਪਿਆ ਉਨ੍ਹਾਂ ਤੋਂ ਲੈ ਲਿਆ।'

ਅੱਬਾ ਜੀ ਹਨੇਰੇ ਵਿਚ ਦੇਖਦਿਆਂ ਹੋਇਆਂ ਹੱਸ ਕੇ ਬੋਲੇ।

ਹੁਣ ਇਹ ਮੇਰੇ ਲਈ ਲਿਖਿਆ ਗਿਆ ਏ ਕਿ ਕਿਆਮਪੁਰ ਤੇ ਮੁਕੇਰੀਆਂ ਵਿਚ ਏਧਰ-ਓਧਰ ਖਿੱਲਰੀਆਂ ਹੋਈਆਂ ਕਹਾਣੀਆਂ ਨੂੰ 'ਕੱਠੀਆਂ ਕਰ ਕੇ ਲਿਖਦਾ ਰਵ੍ਹਾਂ।'

# ਘਰ ਦੀ ਗੱਲ, ਘਰ 'ਚ ਰਹਿਜੂ..!

ਅਸ਼ੋਕ ਸੋਨੀ, ਕਾਲਮਨਵੀਸ ਮੋ. 9872705078

ਦੋ ਭੈਣਾਂ ਕਿਰਨਦੀਪ ਤੇ ਕੁਲਦੀਪ ਤੋਂ ਬਾਅਦ ਤੀਜੇ ਨੰਬਰ ਤੇ ਜੰਮੀ ਸੀ, ਦੀਪੋ। ਤੀਜੀ ਕੁੜੀ ਤੇ ਉਹ ਵੀ ਪੱਕੇ ਰੰਗ ਦੀ, ਮਾਂ ਮਾਣੀ ਜਦੋਂ ਵੀ ਦੇਖਦੀ ਅੱਖਾਂ 'ਚ ਪਾਣੀ ਭਰ ਲੈਂਦੀ ਪਰ ਬਾਪੂ ਦਲੀਪ ਹਮੇਸ਼ਾ, ਮਾਣੀ ਨੂੰ ਹੌਂਸਲਾ ਦਿੰਦਾ ਰਿਹਾ। ਪਰ ਅਗਲੇ ਹੀ ਸਾਲ ਸਾਰੇ ਦੀਪੋ ਨੂੰ ਭਾਗਾਂ ਵਾਲੀ ਕਹਿਣ ਲੱਗ ਪਏ ਤੇ ਹੁਣ ਉਸਦੀ ਕਦਰ ਵੀ ਪੈਣ ਲੱਗ ਪਈ ਕਿਉਂਕਿ ਇਸ ਵਾਰ ਘਰ 'ਚ ਛੋਟੇ ਵੀਰ ਰਮਨ ਦੀਆਂ ਕਿਲਕਾਰੀਆਂ ਜੋ ਗੂੰਜ ਰਹੀਆਂ ਸਨ। ਪੰਜ ਕਿੱਲਿਆਂ ਦਾ ਮਾਲਕ ਇਮਾਨਦਾਰ ਦਲੀਪ ਪਿਓ ਦੀ ਛੋਟੀ ਉਮਰ 'ਚ ਮੌਤ ਹੋਣ ਤੋਂ ਬਾਅਦ ਆਪਣੇ ਵੱਡੇ ਭਰਾ ਜੈਰਾਮ ਤੇ ਭਾਬੀ ਨੂੰ ਸੱਚੀ ਦਾ ਰਾਮ ਮੰਨਦਿਆਂ ਉਸ ਨਾਲ ਸਾਂਝੀ ਖੇਤੀ 'ਚ ਹੱਡ ਤੋੜਵੀਂ ਮਿਹਨਤ ਕਰਦਾ ਰਹਿੰਦਾ। ਦਰਅਸਲ ਚੁਸਤ-ਚਲਾਕ ਘਾਗ ਜੈਰਾਮ ਨੇ ਸਾਂਝੇ ਖਾਤੇ 'ਚ ਆਪਣੀ ਕੁੜੀ ਨੂੰ ਵਧੀਆ ਘਰ ਵਿਆਹੁਣ ਤੋਂ ਬਾਅਦ ਮੁੰਡੇ ਦੀ ਵੀ ਵਧੀਆ ਦੁਕਾਨਦਾਰੀ ਸੈਟ ਕਰ ਦਿੱਤੀ ਤੇ ਸਾਰੇ ਪੈਸੇ-ਟਕੇ ਦਾ ਹਿਸਾਬ ਆਪਦੇ ਕੋਲ ਹੋਣ ਕਰਕੇ ਹਮੇਸ਼ਾ ਕਰਜ਼ਾ-ਕਰਜ਼ਾ ਆਖਦਾ ਸਾਂਝੀ ਜਮੀਨ ਗਹਿਣੇ ਧਰਦਾ ਰਿਹਾ ਤੇ ਆਪਦੇ ਪੈਸੇ ਅੱਡ ਜੋੜਦਾ। ਸਾਰਾ ਦਿਨ ਪਿੰਡ 'ਚ ਚੁਗਲਖੋਰੀ ਦਾ ਕੰਮ ਨੇਪਰੇ ਚਾੜ੍ਹਨ ਵਿੱਚ ਰੁਝਿਆ ਰਹਿੰਦਾ। ਮਾਣੀ ਨੂੰ ਆਪਣਾ ਜੇਠ ਜੈਰਾਮ ਕਦੇ ਵੀ ਚੰਗਾ ਨਹੀਂ ਲੱਗਿਆ, ਅਜਿਹਾ ਨਹੀਂ ਹੈ ਕਿ ਮਾਣੀ ਸਾਂਝੇ ਪਰਿਵਾਰ ਦੇ ਖਿਲਾਫ ਸੀ ਪਰ ਵਿਆਹ ਤੋਂ ਅਗਲੇ ਹੀ ਦਿਨ ਜਦੋਂ ਜੈਰਾਮ ਕੋਲੋਂ ਅਸ਼ੀਰਵਾਦ ਲੈਣ ਲਈ ਮਾਣੀ ਨੀਵੀਂ ਹੋਈ ਤਾਂ ਜੈਰਾਮ ਨੇ ਜਿਸ ਤਰੀਕੇ ਨਾਲ ਆਪਣਾ ਹੱਥ ਰਾਣੀ ਦੇ ਪਿੰਡੇ ਤੇ ਫੇਰਿਆ ਉਸ ਤੋਂ ਰਾਣੀ ਨੂੰ ਜੈਰਾਮ ਦੇ ਘਿਣਾਉਣੇ ਚਰਿੱਤਰ ਦੇ ਦਰਸ਼ਨ ਹੋ ਗਏ ਸਨ। ਇਸੇ ਲਈ ਮਾਣੀ ਨੇ ਦਲੀਪ ਨੂੰ ਜੈਰਾਮ ਦੀ ਨੀਅਤ ਨਾਲ ਇਸ਼ਾਰੇ 'ਚ ਦੱਸਣ ਦੀ ਕੋਸ਼ਿਸ਼ ਕੀਤੀ ਪਰ ਦਲੀਪ ਨੇ ਗੌਰ ਨਾ ਕੀਤੀ। ਆਖਰ ਇਕ ਦਿਨ ਜੈਰਾਮ ਨੇ ਦਲੀਪ ਦੀ ਗੈਰਹਾਜ਼ਰੀ 'ਚ ਮਾਣੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਮਾਣੀ ਨੇ ਜੈਰਾਮ ਨੂੰ ਤਾੜਦਿਆਂ, ਉਸਦੀ ਮਾਂ-ਭੈਣ ਇਕ ਕਰ ਦਿੱਤੀ। ਜੈਰਾਮ ਨੇ ਦਲੀਪ ਨੂੰ ਮਾਣੀ ਦੀ ਗਲਤਫਹਮੀ ਆਖਦਿਆਂ ਕਿਹਾ, 'ਘਰ ਦੀ ਗੱਲ ਘਰ 'ਚ ਰਹਿਜੇ, ਬਾਹਰ ਬਹੁਤ ਬਦਨਾਮੀ ਹੋਊ'। ਦਲੀਪ ਨੂੰ ਗੱਲਾਂ 'ਚ ਲੈ ਲਿਆ ਪਰ ਫੇਰ ਵੀ ਦਲੀਪ ਨੇ ਮਾਣੀ ਦੇ ਦਬਾਅ ਕਾਰਨ ਰੋਟੀ ਅੱਡ ਕਰ ਲਈ, ਪਰ ਦਲੀਪ ਨੇ ਜੈਰਾਮ ਨਾਲ ਖੇਤੀ ਫੇਰ ਵੀ ਸਾਂਝੀ ਰੱਖੀ।

ਅਸਲ 'ਚ ਦਲੀਪ, ਜੈਰਾਮ ਦਾ ਮੁਫਤ ਕਾਮਾ ਸੀ। ਦਲੀਪ ਦੇ ਬੱਚਿਆਂ ਨੂੰ ਤਾਂ ਖਾਣ ਨੂੰ ਪੂਰੀ ਰੋਟੀ ਨਾ ਮਿਲਦੀ ਪਰ ਜੈਰਾਮ ਹੁਰਾਂ ਨੇ ਤਾਂ ਕਦੇ ਸੁੱਕੀ ਚਾਹ ਤੱਕ ਨਹੀਂ ਪੀਤੀ। ਦਲੀਪ ਆਪਣੀ ਘਰਦੀ ਮਾਣੀ ਤੋਂ ਚੋਰੀਓਂ ਹੀ ਜੈਰਾਮ ਦੀ ਸਾਰੀ ਖੇਤੀ ਦੇ ਨਾਲ-ਨਾਲ ਜੈਰਾਮ ਦੇ ਚਰਿੱਤਰਹੀਣ ਮੁੰਡੇ ਸੰਦੀਪ ਦੇ ਉਲਾਂਭੇ ਆਉਣ ਤੇ ਲੋਕਾਂ ਦੇ ਪੈਰਾਂ 'ਚ ਡਿੱਗ ਮਾਫੀਆਂ-ਮਿੰਨਤਾਂ ਕਰਕੇ ਸਥਿਤੀ ਸਾਂਭਦਾ ਰਿਹਾ। ਮਾਣੀ ਅਕਸਰ ਦਲੀਪ ਨੂੰ ਸੰਦੀਪ ਦੇ ਮਾੜੇ ਚਰਿੱਤਰ ਬਾਰੇ ਆਖਦੀ ਰਹਿੰਦੀ, ਕਿਉਂਕਿ ਮਾਣੀ ਨੂੰ ਸੰਦੀਪ ਦੀਆਂ ਅੱਖਾਂ 'ਚ ਆਪਣੀ ਕੁੜੀਆਂ ਲਈ ਭੈਣਾਂ ਵਾਲੇ ਸਨਮਾਨ ਦੀ ਥਾਂ, ਉਹੀ ਜੈਰਾਮ ਵਾਲੀ ਹੀ ਵਾਸਨਾ ਨਜ਼ਰ ਆਉਂਦੀ। ਇਕ ਦਿਨ ਮਾਣੀ ਤੇ ਦਲੀਪ ਦੋਵਾਂ ਦੇ ਖੇਤ ਚਲੇ ਜਾਣ 'ਤੇ ਸੰਦੀਪ ਨੇ ਵਿਚਕਾਰਲੀ ਧੀ ਕੁਲਦੀਪ ਨੂੰ ਗਲਤ ਤਰੀਕੇ ਨਾਲ ਛੂਹਣ ਦੀ ਕੋਸ਼ਿਸ਼ ਕੀਤੀ ਤਾਂ ਕੁਲਦੀਪ ਦੇ ਵਿਰੋਧ ਕਰਨ ਤੇ ਸੰਦੀਪ ਭੱਜ ਗਿਆ। ਸ਼ਾਮ ਨੂੰ ਜਦੋਂ ਮਾਣੀ ਤੇ ਦਲੀਪ ਨੂੰ ਪਤਾ ਲੱਗਾ ਤਾਂ ਉਹ ਜੈਰਾਮ ਕੋਲ ਉਲਾਂਭਾ ਲੈ ਕੇ ਗਏ। ਪਰ ਜੈਰਾਮ ਤੇ ਜੈਰਾਮ ਦੀ ਘਰਦੀ ਨੇ ਆਪਣੇ ਪੁੱਤਰ ਨੂੰ ਸ਼ਰਾਫਤ ਦਾ ਸਰਟੀਫਿਕੇਟ ਦਿੰਦਿਆਂ, ਕੁਲਦੀਪ ਦੇ ਚਰਿੱਤਰ ਤੇ ਹੀ ਸਵਾਲ ਚੁੱਕਦਿਆਂ ਕਹਿ ਦਿੱਤਾ, 'ਜਿਆਦਾ ਰੌਲਾ ਨਾ ਪਾਓ, ਘਰ ਦੀ ਗੱਲ ਘਰ 'ਚ ਰਹਿਜੇ ਬਾਹਰ ਬਦਨਾਮੀ ਹੋਊ।'

ਵੱਡੀ ਧੀ ਕਿਰਨਦੀਪ ਦੇ ਵਿਆਹ ਦੇ ਨਾਲ ਹੀ ਹੌਲੀ-ਹੌਲੀ ਦਲੀਪ ਸਿਰ ਕਰਜ਼ਾ ਵਧਦਾ ਗਿਆ ਤੇ ਰਾਣੀ ਦੀ ਤਬੀਅਤ ਲਗਾਤਾਰ ਵਿਗੜਦੀ ਗਈ। ਤਿੰਨ ਮਹੀਨਿਆਂ ਤੱਕ ਲਗਾਤਾਰ ਚੜ੍ਹਿਆ ਹੋਇਆ ਬੁਖਾਰ ਅਖੀਰ ਖੂਨ ਦਾ ਕੈਂਸਰ ਬਣ ਕੇ ਬਾਹਰ ਆਇਆ। ਮਾਣੀ ਨੂੰ ਤਿੰਨ ਮਹੀਨਿਆਂ ਦਾ ਟਾਈਮ ਮਿਲਿਆ। ਮਾਣੀ ਦੇ ਕਹਿਣ ਤੇ ਦਲੀਪ ਨੇ ਵਿਚਕਾਰਲੀ ਧੀ ਕੁਲਦੀਪ ਦਾ ਵਿਆਹ ਧਰਤਾ। ਮਾਣੀ ਦੇ ਇਲਾਜ ਕਾਰਨ ਹੋਏ ਕਰਜੇ ਤੇ ਹੁਣ ਵਿਆਹ ਲਈ ਪੈਸਿਆਂ ਦੇ ਪ੍ਰਬੰਧ ਲਈ **(ਬਾਕੀ ਸਫ਼ਾ 31 'ਤੇ)**




## ਕਵਿਤਾ

**ਜੀਵਨ ਪਾਇਲ**
**ਜ਼ਿਲ੍ਹਾ ਲੁਧਿਆਣਾ**



ਗੁਰਮੱਤ ਵਾਲਾ ਰੰਗ ਸਾਡੇ ਤੇ ਚੜ੍ਹਾਦੇ ਤੂੰ,
ਭਗਤੀ ਦੇ ਰਸਤੇ ਤੇ ਸਾਨੂੰ ਵੀ ਚਲਾਦੇ ਤੂੰ,
ਕਰਾਂ ਗੁਣਗਾਨ ਕਿਵੇਂ ਗੁਣ ਪੱਲੇ ਕੋਈ ਨੀ,
ਬਿਨਾਂ ਦਰ ਤੇਰੇ ਕਹਿੰਦੇ ਮਿਲੇ ਕੋਈ ਢੋਈ ਨੀ,
ਕਰਕੇ ਨਜ਼ਰ ਮੇਹਰ ਸਾਨੂੰ ਵੀ ਜਗਾਦੇ ਤੂੰ,
ਗੁਰਮੱਤ ਵਾਲਾ ਰੰਗ ਸਾਡੇ ਤੇ ਚੜ੍ਹਾਦੇ ਤੂੰ,
ਖੈਰ, ਲੈਣ ਆਏ ਦਰ ਝੋਲੀਆਂ ਫਲਾਇਆਂ ਨੇ,
ਆਸਾ ਸੋਹਣੇ ਪ੍ਰੀਤਮਾਂਵੇ ਤੇਰੇ ਉੱਤੇ ਲਾਈਆਂ ਨੇ,
ਪ੍ਰੇਮ ਵਾਲਾ ਕਿੱਸਾ ਹੁਣ ਸਾਨੂੰ ਵੀ ਪੜ੍ਹਾਦੇ ਤੂੰ,
ਗੁਰਮੱਤ ਵਾਲਾ ਰੰਗ ਸਾਡੇ ਤੇ ਚੜ੍ਹਾਦੇ ਤੂੰ,
ਜੱਗ 'ਚ ਫਸਾਦ ਬੜੇ ਜਿੰਦ ਫਸੀ ਹੋਈ ਏ,
ਕ੍ਰਿਪਾ ਨਿਧਾਨ ਤੂੰ ਨਾ ਤੇਰੇ ਜਿਹਾ ਕੋਈ ਏ,
ਪਾਸ ਕਰ ਅਗਲੀ ਕਲਾਸ ਚ ਚੜ੍ਹਾਦੇ ਤੂੰ,
ਗੁਰਮੱਤ ਵਾਲਾ ਰੰਗ ਸਾਡੇ ਤੇ ਚੜ੍ਹਾਦੇ ਤੂੰ,
ਪ੍ਰੇਮਾ ਭਗਤੀ ਦਾ ਕੰਮ ਕਰਨਾ ਜੇ ਆ ਜਾਏ,
ਐਸਾ ਗੁਰਸਿੱਖ ਸਤਿਗੁਰੂ ਨੂੰ ਵੀ ਭਾਅ ਜਾਏ,
ਭਾਣੇ ਵਿਚ ਰਹਿਣ ਵਾਲਾ ਢੰਗ ਸਿਖਾਂਦੇ ਤੂੰ,
ਗੁਰਮੱਤ ਵਾਲਾ ਰੰਗ ਸਾਡੇ ਤੇ ਚੜ੍ਹਾਦੇ ਤੂੰ,
ਰਹਿਣਾ ਤੂੰ ਸਿਖਾਂ ਰਿਹਾ ਬਹਿਣਾ ਤੂੰ ਸਿਖਾ ਰਿਹਾ,
ਹਰ ਗੁਰਸਿਖਾਂ ਤੇ ਤੂੰ ਕਰਮ ਕਮਾ ਰਿਹਾ,
(ਪੈਲ ਵਾਲੇ ਜੀਵਨ) ਤੇ ਕਰਮ ਕਮਾਦੇ ਤੂੰ,
ਗੁਰਮੱਤ ਵਾਲਾ ਰੰਗ ਸਾਡੇ ਤੇ ਚੜ੍ਹਾਦੇ ਤੂੰ,

## ਦੋ ਪਰਿੰਦੇ

**ਹਰਦੇਵ ਸਿੰਘ**

ਹਾਏ ਨੀਂ ਜਿੰਦੇ ਦੋ ਪਰਿੰਦੇ
ਮੁੱਕੇ ਪਏ ਸਨ ਕੋਲੇ ਕੋਲੇ
ਜਿਵੇਂ ਪਰਾਨਿਰਵਾਣ ਪਾ ਚੁਕੇ
ਨੈਣ ਟਿਕੇ ਦੋ ਭੋਲੇ ਭੋਲੇ।
ਹਾਏ ਨੀ ਜਿੰਦੇ ਕਿਉਂ ਨਾ ਦਿੰਦੇ
ਵੱਲ ਪ੍ਰੀਤ ਦਾ ਬੰਦਿਆਂ ਤਾਈਂ
ਦੀਨ ਇਸ਼ਕ ਜਿਨ੍ਹਾਂ ਗਹਿਣੇ ਕੀਤੈ
ਚੰਮ ਲੋੜ ਤੇ ਧੰਦਿਆਂ ਤਾਈਂ।
ਹਾਏ ਨੀ ਜਿੰਦੇ ਕੀਕਣ ਥੀਂਦੇ
ਪਾਰ ਮੌਤ ਦੇ ਡੂੰਘੇ ਸਰ ਤੋਂ
ਜੀਕਣ ਸਾਧੂ ਮੁੜੇ ਆਸ਼ਰਮ
ਤਿਲਫੁਲ ਲੈਕੇ ਪਹਿਲੇ ਦਰ ਤੋਂ।
ਹਾਏ ਨੀ ਜਿੰਦੇ ਨਾਦ ਤੇ ਬਿੰਦੇ
ਰਹੀ ਬੁਝਾਰਤ ਸਾਡੇ ਜੋਗੀ
ਵੈਦ ਵਿਹਾਜੇ ਹੋਰ ਅਸਾਂ ਪਰ
ਅਸਲੋਂ ਹੋਰ ਦੁੱਖਾਂ ਦੇ ਰੋਗੀ।

## ਗੀਤ

**ਅਮਰਦੀਪ ਸਿੰਘ ਗਿੱਲ**

ਸਾਗਰ ਕੰਢੇ ਤਿਰਹਾਇਆ ਮਰਿਆ,
ਨੈਣਾਂ ਵਿੱਚ ਝਨਾਂ ਵੀ ਭਰਿਆ,
ਮਾਰੂਥਲ ਕਿਉਂ ਚੁੱਕੀ ਫਿਰਦੈਂ, ਹੋ ਖੂਹਾਂ ਦਾ ਲਾਲ!
ਵੇ ਫੱਕਰਾ ਕਿੰਝ ਬੀਤੀ, ਕਿੰਝ ਬੀਤੀ ਤੇਰੇ ਨਾਲ ?........
ਰੁੱਖਾਂ ਦੇ ਨਾਲ ਲਾਈਆਂ ਸ਼ਰਤਾਂ ਰੁੱਖ ਵੀ ਹਾਰ ਗਏ,
ਦੁੱਖਾਂ ਦੇ ਨਾਲ ਲਾਈਆਂ ਸ਼ਰਤਾਂ ਦੁੱਖ ਵੀ ਹਾਰ ਗਏ,
ਵੰਝਲੀ ਵਾਂਗੂ ਛੇਕ ਸੀਨੇ ਵਿੱਚ ਹੂਕ ਏ ਦੱਸਦੀ ਹਾਲ।
ਵੇ ਫੱਕਰਾ ਕਿੰਝ ਬੀਤੀ, ਕਿੰਝ ਬੀਤੀ ਤੇਰੇ ਨਾਲ ?........
ਤੂੰ ਤਾਂ ਸੱਪ ਦੀ ਖੁੱਲੀ ਅੱਖ ਵਿੱਚ ਖੜ ਕੇ ਉਮਰ ਗੁਜ਼ਾਰੀ,
ਕੂੰਜਾਂ ਦੇ ਨਾਲ ਯਾਰੀ ਤੇਰੀ ਮੋਰ ਦੇ ਜਿੱਡੀ ਉਡਾਰੀ,
ਜੇਠ-ਹਾੜ ਵਿੱਚ ਟਿੱਬਿਆਂ ਉੱਤੇ ਬੈਠਾ ਧੂਣੀ ਬਾਲ!
ਵੇ ਫੱਕਰਾ ਕਿੰਝ ਬੀਤੀ , ਕਿੰਝ ਬੀਤੀ ਤੇਰੇ ਨਾਲ ?.........
ਤੇਰੇ ਸਫਰ ਦੀ ਪੂਣੀ ਕੱਤੇ ਚੰਨ ਤੇ ਬੁੱਢੀ ਮਾਈ,
ਬਾਵਰੀਆਂ ਪੌਣਾਂ ਦੀ ਭਟਕਣ ਤੇਰੇ ਹਿੱਸੇ ਆਈ,
ਪੈਰਾਂ ਹੇਠਾਂ ਰਾਤ ਹਨੇਰੀ ਸਿਰ ਤਾਰਿਆਂ ਦਾ ਥਾਲ!
ਵੇ ਫੱਕਰਾ ਕਿੰਝ ਬੀਤੀ , ਕਿੰਝ ਬੀਤੀ ਤੇਰੇ ਨਾਲ ?..........
ਤੂੰ ਤਾਂ ਹਰ ਜਨਮ ਦੇ ਵਿੱਚ ਹੀ ਬਣ ਮੱਕੀ ਦਾ ਦਾਣਾ,
ਇਸ ਦੁਨੀਆ ਦੀ ਭੱਠੀ ਦੇ ਵਿੱਚ ਰੋਮ ਰੋਮ ਭੁੱਜ ਜਾਣਾ,
ਹਰ ਜਨਮ ਹੀ ਜੀਣਾ ਏ 'ਗਿੱਲ' ਅੱਗ ਸੀਨੇ ਵਿੱਚ ਪਾਲ!
ਵੇ ਫੱਕਰਾ ਕਿੰਝ ਬੀਤੀ , ਕਿੰਝ ਬੀਤੀ ਤੇਰੇ ਨਾਲ ?...

## ਗੀਤ
## ਛੇੜ ਮਰਦਾਨਿਆਂ ਰਬਾਬ..

**ਗੁਰਦੀਸ਼ ਕੌਰ ਗਰੇਵਾਲ- ਕੈਲ਼ਗਰੀ**

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।
ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਹੁਣ ਲੋਕਾਂ ਨੂੰ ਸੁਣਾਈਏ
ਛੇੜ ਮਰਦਾਨਿਆਂ ....
ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ ਮਰਦਾਨਿਆਂ .....
ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ ਮਰਦਾਨਿਆਂ ....
ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਜਾ ਵਜਾਈਏ
ਛੇੜ ਮਰਦਾਨਿਆਂ .....
ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ ਮਰਦਾਨਿਆਂ ....

## ਕਵਿਤਾ

**ਸੁਰਜੀਤ ਪਾਤਰ**

ਕਿਸੇ ਖਾਬ ਜਾਂ ਖਿਆਲੋਂ, ਕਿਸੇ ਸ਼ਖਸ਼ ਦੇ ਜਮਾਲੋਂ,
ਕਿਸੇ ਖਾਬ ਜਾਂ ਖਿਆਲੋਂ, ਕਿਸੇ ਸ਼ਖਸ਼ ਦੇ ਜਮਾਲੋਂ
ਬਲਿਹਾਰ ਹੋ ਕੇ ਮਰਨਾ, ਕੁਰਬਾਨ ਹੋ ਕੇ ਜਿਉਣਾ
ਸੀਨੇ ਦੇ ਨਾਲ ਲਾ ਕੇ, ਧੜਕਣ ਦੇ ਵਿਚ ਰਲਾ ਕੇ
ਕਵਿਤਾ ਦੇ ਨਾਲ ਕਵੀਓ, ਇਕ ਜਾਨ ਹੋ ਕੇ ਜਿਊਣਾ।
ਜਗਣਾ ਮਸ਼ਾਲ ਬਣ ਕੇ, ਜਿਊਣਾ ਮਿਸਾਲ ਬਣ ਕੇ
ਛੁੱਪਣਾ ਨਾ ਓਹਲਿਆਂ ਵਿਚ ਧੜਿਆਂ ਜਾਂ ਟੋਲਿਆਂ ਵਿਚ
ਜੀਵਨ ਦੇ ਪਲ ਨ ਡਰਨਾ, ਸਾਡੀ ਤਰਾਂ ਨ ਕਰਨਾ
ਘੁਟ ਘੁਟ ਨ ਐਵੇਂ ਮਰਨਾ, ਐਲਾਨ ਹੋ ਕੇ ਜਿਊਣਾ।
ਹਾਂ ਮੈਂ ਵੀ ਜਾਣਦਾ ਹਾਂ ਇਖਲਾਕ ਦੇ ਤਕਾਜ਼ੇ
ਸਭ ਰਿਸ਼ਤਿਆਂ ਦੀ ਸੀਮਾ ਹਰ ਸਾਕ ਦੇ ਤਕਾਜ਼ੇ
ਰੁਕਦਾ ਨ ਖੂਨ ਇਹ ਨੇ ਦਿਲ ਚਾਕ ਦੇ ਤਕਾਜ਼ੇ
ਕੀ ਰੱਤ ਦੇ ਪੁਤਲਿਆਂ ਨੇ ਚੱਟਾਨ ਹੋ ਕੇ ਜਿਊਣਾ।
ਬੇਦਾਗ ਨੇ ਉਹ ਸਾਰੇ ਬੱਸ ਦਾਗਦਾਰ ਮੈਂ ਹੀ
ਉਹ ਲਿਸ਼ਕਦੇ ਨੇ ਸ਼ੀਸ਼ੇ ਮੈਲੀ ਨੁਹਾਰ ਮੈਂ ਹੀ
ਤੁਸੀਂ ਖੁਦ ਹੀ ਧਿਆਨ ਮਾਰੋ, ਕਿੰਨਾ ਕਠਿਨ ਹੈ ਯਾਰੋਂ,
ਏਨੇ ਖੁਦਾਵਾਂ ਅੰਦਰ ਇਨਸਾਨ ਹੋ ਕੇ ਜਿਊਣਾ।
ਇਕ ਦੂਸਰੇ ਦੇ ਦੁੱਖ ਦਾ ਹੀ ਸਾਨੂੰ ਆਸਰਾ ਹੈ
ਸਾਰੇ ਉੱਜੜ ਗਏ ਹਾਂ ਬੱਸ ਇਹੀ ਹੌਂਸਲਾ ਹੈ
ਕਿਆ ਬਾਤ ਹੈ ਇਹ ਵੱਸਣਾ ਇਸ ਉੱਜੜਿਆਂ ਦੀ ਬਸਤੀ
ਕਿਆ ਬਾਤ ਹੈ ਇਹ ਏਨੇ ਬੇਜਾਨ ਹੋ ਕੇ ਜਿਉਣਾ
ਇਸ ਕਹਿਰ ਪਹਿਰ ਅੰਦਰ ਅੱਵਲ ਲੁਕੇ ਹੀ ਰਹਿਣਾ
ਦਰਵਾਜ਼ਿਆਂ ਦੇ ਪਿੱਛੇ ਯਾਰੋ ਰੁਕੇ ਹੀ ਰਹਿਣਾ
ਆਉਣਾ ਪਿਆ ਜੇ ਬਾਹਰ ਤਾਂ ਤੀਰ ਹੋ ਕੇ ਆਉਣਾ
ਜਿਊਣਾ ਪਿਆ ਨਗਨ ਤਾਂ ਕਿਰਪਾਨ ਹੋ ਕੇ ਜਿਊਣਾ।
ਇਹ ਸ਼ਹਿਰ ਸ਼ਹਿਰ ਉਹ ਹੈ ਇਹ ਪਹਿਰ ਪਹਿਰ ਉਹ ਹੈ
ਪੱਥਰ ਦੇ ਬੁੱਤ ਨੇ ਸਾਰੇ ਛਵੀਆਂ ਦੀ ਰੁੱਤ ਨੇ ਸਾਰੇ
ਪੈਸੇ ਦੇ ਪੁੱਤ ਨੇ ਸਾਰੇ ਏਥੇ ਬੋਲ ਕਹਿਣਾ ਸੱਚ ਦਾ
ਹੈ ਇਉਂ ਜਿਵੇਂ ਕਿ ਕੱਚ ਦਾ ਸਾਮਾਨ ਹੋ ਕੇ ਜਿਊਣਾ
ਕੀ ਮੋੜ ਮੁੜ ਗਏ ਹਾਂ ਗੈਰਾਂ ਨਾ' ਜੁੜ ਗਏ ਹਾਂ
ਜਿਹਦੇ ਗਲ ਸੀ ਹਾਰ ਹੋਣਾ ਉਹਦੀ ਹਿਕ 'ਚ ਪੁੜ ਗਏ ਹਾਂ
ਕੀ ਜਿਊਣ ਹੈ ਇਹ ਏਦਾਂ ਵੀਰਾਨ ਹੋ ਕੇ ਜਿਊਣਾ
ਆਪਣੀ ਨਜ਼ਰ 'ਚ ਆਪਣਾ ਅਪਮਾਨ ਹੋ ਕੇ ਜਿਊਣਾ।

## ਜ਼ਿੰਦਗੀ ਦੇ ਰੰਗ

**ਬਲਜੀਤ ਫਰਵਾਲੀ**

ਅੱਖਾਂ ਵਿੱਚ ਨੀਂਦ
ਨੀਂਦ ਵਿੱਚ ਸਪਨੇ
ਸਪਨੇ ਵਿੱਚ ਤੂੰ ਤੇ
ਤੇਰੀਆਂ ਅਣਕਹੀਆਂ ਗੱਲਾਂ
ਤੇ ਜਦੋਂ ਮੇਰੀ ਅੱਖ ਖੁਲ਼ੀ
ਪਰਲੋ ਵਰਗੀ ਕਾਲੀ ਰਾਤ ਵਿੱਚ
ਅੱਖਾਂ ਵਿੱਚ ਹੰਝੂ
ਹੰਝੂਆਂ ਵਿੱਚ ਯਾਦਾਂ
ਯਾਦਾਂ ਵਿੱਚ ਤੂੰ ਤੇ
ਉਹ ਵੀ ਧੁੰਦਲੀ ਜਿਹੀ
ਦੱਸ ਕੀ ਕਰਾਂ ?
ਯਾਦਾਂ ਸੌਣ ਨਹੀਂ ਦਿੰਦਿਆਂ
ਸਪਨੇ ਜਾਗਣ ਨਹੀਂ ਦਿੰਦੇ
ਦੁਨੀਆ ਕਹਿੰਦੀ ਦੀਵਾਨਾ ਹੋ ਗਿਆ
ਇਸ ਜੱਗ ਤੋ ਬਿਗਾਨਾ ਹੋ ਗਿਆ
ਬੁੱਝ ਚੁੱਕੀ ਸ਼ਮਾਂ ਦਾ ਪਰਵਾਨਾ ਹੋ ਗਿਆ
ਇਸ ਪਰਵਾਨੇ ਦੀ ਕਿਸਮਤ ਹੁਣ
ਬੁੱਝ ਚੁੱਕੀ ਸ਼ਮਾਂ ਦੀ ਯਾਦ ਵਿੱਚ
ਭਾਂਬੜ ਬਣਨਾ ਲਿਖਿਆ ਹੈ
ਉਹ ਭਾਂਬੜ ਜਿਹੜਾ
ਹੁਣ ਝੁਕੇਗਾ ਨਹੀਂ
ਰੁਕੇਗਾ ਨਹੀਂ
ਥੱਕੇਂਗਾ ਨਹੀਂ
ਅੱਕੇਂਗਾ ਨਹੀਂ
ਸਗੋਂ
ਲੈ ਕੇ ਬਾਜ ਤੋ ਸੇਧ
ਪੁੱਟਕੇ ਪੁਰਾਣੇ ਖੰਭ
ਤੋੜਕੇ ਖੁਰਦੁਰੇ ਨੂੰਹ
ਫਿਰ ਉਡਾਰੀ ਭਰੇਗਾ
ਉਸ ਬੱਦਲੋ ਪਾਰ ਦੀ
ਕਿਉਂਕਿ
ਹੁਣ ਇਸ ਪਰਵਾਨੇ ਦੀ ਕਿਸਮਤ
ਬੁੱਝ ਚੁੱਕੀ ਸ਼ਮਾਂ ਦੀ ਯਾਦ ਵਿੱਚ
ਲਟ ਲਟ ਕਰਕੇ ਬਲਣਾ ਹੀ ਤਾਂ ਹੈ

## ਜ਼ਿੰਦਗੀ

**ਦੀਪ ਕਮਲ**

ਜ਼ਿੰਦਗੀ .....
ਕਦੇ ਵੀ ਕਿਤੇ ਵੀ
ਸ਼ੁਰੂ ਹੋ ਜਾਂਦੀ ਹੈ
ਕਦੇ ਵੀ ਕਿਤੇ ਵੀ
ਖਤਮ ਹੋ ਜਾਂਦੀ ਹੈ
ਕੋਈ ਇਸਨੂੰ ਬੰਨ੍ਹ ਨਹੀਂ ਸਕਦਾ
ਕੈਦ ਨਹੀਂ ਕਰ ਸਕਦਾ
ਇਸਦੀ ਉਮਰ ਨਹੀਂ ਮਿੱਥ ਸਕਦਾ
ਇਹ ਉਜਾੜਾਂ ਵਿੱਚ ਵੀ ਹੱਸਦੀ ਹੈ
ਇਹ ਕੰਡਿਆਂ ਤੇ ਵੀ ਨੱਚਦੀ ਹੈ
ਇਹ ਹਰ ਥਾਂ ਹੈ
ਜੰਗਲ਼ 'ਚ ਵੀਰਾਨੇ ਵਿਚ
ਰੋਹੀ ਬੀਆਬਾਨ ਤੇ ਆਸ਼ੀਆਨੇ 'ਚ
ਇਹ ਲੱਭਣ ਤੇ ਲੱਭਦੀ ਨਹੀਂ
ਆਪ ਹੀ ਮਿਲ ਪੈਂਦੀ ਹੈ
ਉਹਨਾ ਲੋਕਾਂ ਨਾਲ ਇਹ ਰੁੱਸ ਜਾਵੇ
ਜੋ ਸਹੂਲਤਾਂ ਦੇ ਸਿਰ 'ਤੇ ਇਸਨੂੰ ਮਾਨਣ
ਇਹ ਤਾਂ ਹਵਾ 'ਚ ਹੈ
ਪਾਣੀ ਵਿਚ ਹੈ
ਮਿੱਟੀ 'ਚ ਹੈ ਪੱਥਰਾਂ ਵਿਚ ਹੈ
ਜੋ ਇਹਦੇ ਪਿੱਛੇ ਭੱਜਦੇ ਨੇ
ਜੋ ਇਹਦੇ ਅੱਗੇ ਨਿੱਕਲ ਜਾਂਦੇ ਨੇ
ਉਹ ਕਦੇ ਇਸਦੇ ਅਹਿਸਾਸ ਨੂੰ ਨਹੀਂ ਮਾਣਦੇ
ਇਹ ਤਾਂ ਉਹਨਾ ਦੀ ਦੀਵਾਨੀ
ਜੋ ਇਹਦੇ ਨਾਲ ਨਾਲ ਚੱਲਦੇ ਨੇ
ਇਹਨੂੰ ਖਰੀਦਦੇ ਨਹੀਂ
ਵੇਚਦੇ ਨਹੀਂ
ਪਦਾਰਥਾਂ 'ਚੋਂ ਨਹੀਂ ਲੱਭਦੇ
ਕਿਉਂਕਿ ...
ਇਹ ਜੇ ਰੁੱਸ ਜਾਵੇ ਤਾਂ ਮਹਿਲਾਂ 'ਚ ਵੀ ਮਰ
ਜਾਂਦੀ ਹੈ
ਦਿਆਲ ਹੋਵੇ ਤਾਂ
ਪੱਥਰਾਂ 'ਚੋਂ ਵੀ ਜੀਅ ਉੱਠਦੀ ਹੈ
ਕਿਉਂਕਿ ਇਹ ਜ਼ਿੰਦਗੀ ਹੈ
ਆਪ ਮੁਹਾਰੀ ਹੈ
ਬੇਪਰਵਾਹ ਹੈ
ਸਾਰੀ ਕੁਦਰਤ ਹੈ.....,
ਸਾਰੀ ਕੁਦਰਤ ਹੈ....।

## ਮਨਜ਼ੂਰ



ਬੋਲਣਾ ਤਾਂ ਮਨਜ਼ੂਰ ਨਹੀਂ,
ਚੁੱਪ ਵੀ ਮਨਜ਼ੂਰ ਨਹੀਂ।
ਝੂਠੀ ਖੁਸ਼ਾਮਦ ਮੈਂ ਕਰਾਂ,
ਮੇਰਾ ਵੀ ਦਸਤੂਰ ਨਹੀਂ।
ਹਰ ਗੱਲ ਤੇ ਹੁੰਦੀ,
ਮੈਥੋਂ ਜੀ ਹਜ਼ੂਰ ਨਹੀਂ।
ਹੈਰਾਨੀ ਨਾਲ ਤੱਕਦੇ ਹੋ,
ਐਨਾ ਤਾਂ ਕਸੂਰ ਨਹੀਂ।
ਪਾਕਿ ਦਿਲ ਖੁਦ ਕਹਾਉਂਦੇ,
ਦਿਸਦਾ ਇਲਾਹੀ ਨੂਰ ਨਹੀਂ।
ਪਸੰਦ ਹੈ ਇਕੱਲਤਾ ਮੈਨੂੰ,
ਇਹ ਕੋਈ ਗਰੂਰ ਨਹੀਂ।
ਮਾਣ ਕਰਾਂ ਖੁਦ ਤੇ,
ਭਾਵੇਂ ਮੈਂ ਮਸ਼ਹੂਰ ਨਹੀਂ।
ਰੁਕਿਆ ਤਾਂ ਜ਼ਰੂਰ ਹਾਂ,
ਪਰ ਮੈਂ ਚਕਨਾਚੂਰ ਨਹੀਂ।
ਖੁਦ ਫਸਣਗੇ ਆਪਣੀ ਚਾਲ,
ਉਹ ਦਿਨ ਦੂਰ ਨਹੀਂ।
ਝੱਟ ਗਿਰ ਜਾਵਾਂ ਮੈਂ,
ਬੇਰੀ ਦਾ ਬੂਰ ਨਹੀਂ।
ਝੁਕਾਂ ਤੁਹਾਡੀ ਹੈਂਕੜ ਅੱਗੇ,
ਐਨਾ ਮੈਂ ਮਜਬੂਰ ਨਹੀਂ।

(ਸੁਖਜਿੰਦਰ ਸਿੰਘ ਭੰਗਾਚੜੀ)

## ਕਵਿਤਾ

**ਮੁਨੀਰ ਨਿਆਜ਼ੀ (ਲੇਖਕ)**



ਬੇਖ਼ਿਆਲ ਹਸਤੀ ਨੂੰ ਕੰਮ ਦਾ ਧਿਆਨ ਲਾ ਦਿੱਤਾ
ਬੇਖ਼ਿਆਲ ਹਸਤੀ ਨੂੰ ਕੰਮ ਦਾ ਧਿਆਨ ਲਾ ਦਿੱਤਾ।
ਹਿਜਰ ਦੀ ਉਦਾਸੀ ਨੇ ਸ਼ਾਮ ਨੂੰ ਸਜਾ ਦਿੱਤਾ।
ਇਸ਼ਕ ਦੇ ਸ਼ਜ਼ਰ ਏਥੇ, ਹੰਝੂਆਂ ਥੀਂ ਉਗਦੇ ਨੇ,
ਹੁਸਨ ਨੇ ਜ਼ਮਾਨੇ ਨੂੰ ਗ਼ਮ ਦਾ ਵਣ ਬਣਾ ਦਿੱਤਾ।
ਬੇਯਕੀਨ ਲੋਕਾਂ ਵਿਚ ਬੇਯਕੀਨ ਹੋ ਜਾਂਦੇ,
ਸਾਨੂੰ ਖ਼ੁਦਪ੍ਰਸਤੀ ਨੇ ਸ਼ਹਿਰ ਤੋਂ ਬਚਾ ਦਿੱਤਾ।
ਦੇਰ ਬਾਅਦ ਮਿਲਿਆ ਉਹ ਹੋਰ ਇਕ ਜ਼ਮਾਨੇ ਵਿਚ,
ਮੈਂ ਇਹ ਖ਼ਾਬ ਮੁੱਦਤ ਦਾ ਜਾਗ ਕੇ ਗਵਾ ਦਿੱਤਾ।
ਸ਼ਾਇਰੀ 'ਮੁਨੀਰ' ਅਪਣੀ ਬਾਗ਼ ਹੈ ਉਜਾੜ ਅੰਦਰ,
ਮੈਂ ਜਿਵੇਂ ਹਕੀਕਤ ਨੂੰ ਵਹਿਮ ਵਿਚ ਲੁਕਾ ਦਿੱਤਾ।

# ਸਰਗੁਣ ਵੱਧ ਤੋਂ ਵੱਧ ਬਾਲੀਵੁੱਡ ਫ਼ਿਲਮਾਂ 'ਚ ਨਾਇਕਾ ਬਣਨਾ ਚਾਹੁੰਦੀ ਏ





ਮਾਡਲ, ਟੈਲੀਵਿਜ਼ਨ ਹੋਸਟ ਅਤੇ ਪੰਜਾਬੀ ਫ਼ਿਲਮਾਂ ਦੀ ਨਾਇਕਾ ਸਰਗੁਣ ਮਹਿਤਾ ਹੁਣੇ ਹੀ ਅਕਸ਼ੇ ਕੁਮਾਰ ਨਾਲ 'ਕਠਪੁਤਲੀ' (2022) ਵਿਚ ਨਜ਼ਰ ਆਈ ਸੀ ਜੋ ਕਿ ਉਸ ਦੀ ਬਾਲੀਵੁੱਡ ਦੀ ਪਹਿਲੀ ਫ਼ਿਲਮ ਸੀ, ਪਰ ਰਣਜੀਤ ਤਿਵਾੜੀ ਦੇ ਨਿਰਦੇਸ਼ਨ ਵਿਚ ਬਣੀ ਇਹ ਫ਼ਿਲਮ ਬਾਕਸ ਆਫ਼ਿਸ 'ਤੇ ਕੁਝ ਖ਼ਾਸ ਕਮਾਲ ਨਹੀਂ ਦਿਖਾ ਸਕੀ। ਸਰਗੁਣ ਦਾ ਜਨਮ 6 ਸਤੰਬਰ, 1988 ਨੂੰ ਚੰਡੀਗੜ੍ਹ ਵਿਚ ਹੋਇਆ ਸੀ। ਉਸ ਦੀ ਸ਼ੁਰੂਆਤੀ ਪੜ੍ਹਾਈ ਸੇਂਟ ਕਾਰਮਲ ਕਾਨਵੈਂਟ ਸਕੂਲ, ਚੰਡੀਗੜ੍ਹ ਵਿਚ ਹੋਈ। ਉਸ ਤੋਂ ਬਾਅਦ ਦਿੱਲੀ ਦੇ ਕਰੋੜੀਮਲ ਕਾਲਜ ਵਿਚ ਉਸ ਨੇ ਬੀ.ਕਾਮ ਕੀਤੀ। ਉਸ ਨੇ ਐਮ.ਬੀ.ਏ. ਵਿਚ ਦਾਖਲਾ ਵੀ ਲਿਆ ਪਰ ਉਸ ਤੋਂ ਪਹਿਲਾਂ ਹੀ ਉਸ ਨੂੰ 2009 ਵਿਚ ਜ਼ੀ ਟੀ.ਵੀ. ਦੇ ਟੀ.ਵੀ. ਸ਼ੋਅ '12/24 ਕਰੋਲ ਬਾਗ' ਵਿਚ ਕੰਮ ਕਰਨ ਦਾ ਮੌਕਾ ਮਿਲ ਗਿਆ ਅਤੇ ਉਹ ਮੁੰਬਈ ਆ ਗਈ। '12/24 ਕਰੋਲ ਬਾਗ' ਵਿਚ ਸਰਗੁਣ ਨੇ ਕੋ-ਸਟਾਰ ਰਵੀ ਦੂਬੇ ਦੀ ਪਤਨੀ ਦਾ ਰੋਲ ਅਦਾ ਕੀਤਾ ਸੀ। ਸ਼ੂਟਿੰਗ ਦੌਰਾਨ ਦੋਵਾਂ ਵਿਚ ਡੇਟਿੰਗ ਸ਼ੁਰੂ ਹੋ ਗਈ। 2013 ਵਿਚ 'ਨੱਚ ਬੱਲੀਏ ਸ਼ੋਅ' ਦੇ ਸੈਟ 'ਤੇ ਰਵੀ ਦੂਬੇ ਨੇ ਸਰਗੁਣ ਨੂੰ ਪ੍ਰਪੋਜ਼ ਕੀਤਾ ਅਤੇ ਦਸੰਬਰ 2013 ਵਿਚ ਦੋਵਾਂ ਨੇ ਵਿਆਹ ਕਰ ਲਿਆ।

ਵਿਆਹ ਤੋਂ ਪਹਿਲਾਂ ਸਰਗੁਣ 'ਅਪਨੋਂ ਕੇ ਲਇਏ ਗੀਤਾ ਕਾ ਧਰਮਯੁੱਧ', 'ਫੁਲਵਾ', 'ਹਮਨੇ ਲੀ ਹੈ ਸ਼ਪਥ', 'ਤੇਰੀ ਮੇਰੀ ਲਵ ਸਟੋਰੀ', 'ਕਾਮੇਡੀ ਸਰਕਸ ਕੇ ਅਜੂਬੇ', 'ਕਯਾ ਹੁਆ ਤੇਰਾ ਵਾਦਾ', 'ਨੱਚ ਬੱਲੀਏ-5', 'ਨੱਚ ਬੱਲੀਏ-6', 'ਨੱਚ ਬੱਲੀਏ' ਸ੍ਰੀਮਾਨ ਵਰਸਿਸ ਸ੍ਰੀਮਤੀ, 'ਬਾਲਿਕਾ ਵਧੂ' ਅਤੇ 'ਬੁਗੀ-ਬੁਗੀ ਕਿਡਸ ਚੈਂਪੀਅਨਸ਼ਿਪ' ਜਿਹੇ ਟੀ.ਵੀ. ਸ਼ੋਆਂ ਵਿਚ ਕੰਮ ਕਰਦੇ ਹੋਏ ਧੂਮ ਮਚਾ ਚੁੱਕੀ ਸੀ। ਉਹ ਕ੍ਰਾਈਮ ਪੈਟਰੋਲ ਦੇ ਕੁਝ ਐਪੀਸੋਡਜ਼ ਵਿਚ ਵੀ ਨਜ਼ਰ ਆਈ ਸੀ। ਸਧੇ ਹੋਏ ਕਦਮਾਂ ਨਾਲ ਛੋਟੇ ਪਰਦੇ ਤੋਂ ਹੌਲੀ-ਹੌਲੀ ਅੱਗੇ ਵਧਦੇ ਹੋਏ ਸਰਗੁਣ ਨੇ 'ਅੰਗ੍ਰੇਜ਼' (2015) ਦੇ ਰਾਹੀਂ ਪੰਜਾਬੀ ਫ਼ਿਲਮਾਂ ਵਿਚ ਦਾਖਲਾ ਲਿਆ। ਉਹ ਉਸ ਦੀ ਸਾਲ ਦੀ ਦੂਜੀ ਸਭ ਤੋਂ ਵੱਧ ਕਮਾਈ ਵਾਲੀ ਪੰਜਾਬੀ ਫ਼ਿਲਮ ਬਣੀ। ਇਸ ਵਿਚ ਉਸ ਨੇ ਧੰਨ ਕੌਰ ਦਾ ਰੋਲ ਅਦਾ ਕੀਤਾ ਸੀ।

'ਅੰਗ੍ਰੇਜ਼' (2015) ਤੋਂ ਬਾਅਦ ਕਈ ਹਿੱਟ ਪੰਜਾਬੀ ਫ਼ਿਲਮਾਂ ਕਰਦਿਆਂ ਸਰਗੁਣ ਨੇ ਪੰਜਾਬੀ ਫ਼ਿਲਮਾਂ ਵਿਚ ਖ਼ੁਦ ਲਈ ਜਗ੍ਹਾ ਪੱਕੀ ਕਰ ਲਈ। ਅੱਜ ਉਹ ਪੰਜਾਬੀ ਫ਼ਿਲਮਾਂ ਵਿਚ ਬਿਹਤਰੀਨ ਅਭਿਨੇਤਰੀਆਂ ਦੀ ਸੂਚੀ ਵਿਚ ਹੈ। ਸਰਗੁਣ ਹੁਣ ਤੱਕ 31 ਸੀਰੀਅਲ, ਇਕ ਦਰਜਨ ਪੰਜਾਬੀ ਫ਼ਿਲਮਾਂ, ਇਕ ਬਾਲੀਵੁੱਡ ਅਤੇ 7 ਮਿਊਜ਼ਿਕ ਵੀਡੀਓਜ਼ ਕਰ ਚੁੱਕੀ ਹੈ। ਉਸ ਨੂੰ ਹਰ ਰੰਗ, ਹਰ ਰੂਪ ਵਿਚ ਕਾਫੀ ਪ੍ਰਸੰਸਾ ਮਿਲੀ ਹੈ। ਸਰਗੁਣ ਮਹਿਤਾ ਨੂੰ ਪੀ.ਟੀ.ਸੀ. ਪੰਜਾਬੀ ਫ਼ਿਲਮ ਐਵਾਰਡ ਅਤੇ ਪੰਜਾਬੀ ਫ਼ਿਲਮਾਂ ਲਈ ਦੋ ਫ਼ਿਲਮ ਫੇਅਰ ਐਵਾਰਡ ਮਿਲ ਚੁੱਕੇ ਹਨ। ਸਰਗੁਣ ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ' ਕਰ ਰਹੀ ਹੈ। ਸਰਗੁਣ ਚਾਹੁੰਦੀ ਹੈ ਕਿ ਉਹ ਵੱਧ ਤੋਂ ਵੱਧ ਬਾਲੀਵੁੱਡ ਫ਼ਿਲਮਾਂ ਕਰੇ ਪਰ ਫ਼ਿਲਹਾਲ 'ਕਠਪੁਤਲੀ' ਦੇ ਫਲਾਪ ਹੋਣ ਤੋਂ ਬਾਅਦ ਉਸ ਨੂੰ ਅਗਲੀ ਫ਼ਿਲਮ ਦੀ ਪੇਸ਼ਕਸ਼ ਨਹੀਂ ਮਿਲੀ।

# ਗਾਇਕ ਅਮਰਿੰਦਰ ਗਿੱਲ ਦੇ ਨਵੇਂ ਪ੍ਰਾਜੈਕਟ ਦਾ ਐਲਾਨ

## ਹਰੀਸ਼ ਵਰਮਾ ਤੇ ਸਿੰਮੀ ਚਾਹਲ ਵੀ ਹੋਣਗੇ ਸ਼ਾਮਲ



ਜਲੰਧਰ/ਏ.ਟੀ.ਨਿਊਜ਼ :- ਹਮੇਸ਼ਾ ਖ਼ਬਰਾਂ ਤੋਂ ਦੂਰ ਰਹਿਣ ਵਾਲੇ ਗਾਇਕ ਅਮਰਿੰਦਰ ਗਿੱਲ ਦੇ ਕਿਸੇ ਵੀ ਪ੍ਰੋਜੈਕਟ ਲਈ ਫੈਨਜ਼ ਹਮੇਸ਼ਾ ਉਤਸ਼ਾਹਿਤ ਰਹਿੰਦੇ ਹਨ। ਇਸ ਦੇ ਨਾਲ ਹੀ ਦੱਸ ਦਈਏ ਕਿ ਪੰਜਾਬੀ ਫ਼ਿਲਮ ਇੰਡਸਟਰੀ ਇਸ ਸਮੇਂ ਆਪਣੀਆਂ ਫ਼ਿਲਮਾਂ ਦੇ ਸੀਕਵਲ ਬਣਾਉਣ ਵਿਚ ਲੱਗੇ ਹੋਏ ਹਨ। ਇਸ ਲਿਸਟ ਵਿਚ ਹੁਣ ਸਾਲ 2018 ਵਿਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਗੋਲਕ ਬੁਗਨੀ ਬੈਂਕ ਤੇ ਬਟੂਆ' ਦੀ ਵੀ ਐਂਟਰੀ ਹੋ ਗਈ ਹੈ। ਦੱਸ ਦਈਏ ਕਿ ਇਹ ਫ਼ਿਲਮ ਸੁਪਰਹਿੱਟ ਰਹੀ ਸੀ। ਇਸ ਫ਼ਿਲਮ ਦੇ ਸੀਕਵਲ ਦਾ ਵੀ ਐਲਾਨ ਸਾਲ 2020 ਵਿਚ ਹੀ ਹੋ ਗਿਆ ਸੀ। ਇਹ ਫ਼ਿਲਮ 10 ਫਰਵਰੀ 2023 ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਹ ਪਹਿਲਾਂ ਹੀ ਕੰਫਰਮ ਸੀ ਕਿ ਇਸ ਫ਼ਿਲਮ ਵਿਚ ਇੱਕ ਵਾਰ ਫਿਰ ਤੋਂ ਲੋਕਾਂ ਨੂੰ ਸਿੰਮੀ ਚਾਹਲ ਅਤੇ ਹਰੀਸ਼ ਵਰਮਾ ਨਜ਼ਰ ਆਉਣਗੇ। ਫਰੈਂਚਾਈਜ਼ੀ ਦੀ ਪਿਛਲੀ ਫ਼ਿਲਮ ਤੋਂ ਭੋਲਾ ਦੇ ਫੈਨਜ਼ ਲਈ ਇਹ ਖ਼ੁਸ਼ਖ਼ਬਰੀ ਹੈ ਇਸ ਫ਼ਿਲਮ ਵਿਚ ਅਮਰਿੰਦਰ ਗਿੱਲ ਵੀ ਨਜ਼ਰ ਆਉਣਗੇ। ਦੱਸਣਯੋਗ ਹੈ ਕਿ ਅਮਰਿੰਦਰ ਗਿੱਲ ਦੇ ਇਸ ਪ੍ਰਾਜੈਕਟ ਦਾ ਹਿੱਸਾ ਬਣਨ ਦੀ ਪੁਸ਼ਟੀ ਵੀ ਹੋ ਗਈ ਹੈ। ਅਦਾਕਾਰ ਗੁਰਸ਼ਬਦ ਨੇ ਬਹੁਤ ਹੀ ਉਮੀਦ ਕੀਤੇ ਪ੍ਰਾਜੈਕਟ ਬਾਰੇ ਗੱਲ ਕੀਤੀ ਅਤੇ ਪੁਸ਼ਟੀ ਕੀਤੀ ਕਿ ਅਮਰਿੰਦਰ ਗਿੱਲ ਵੀ ਇਸ ਫ਼ਿਲਮ ਵਿਚ ਕੰਮ ਕਰਨਗੇ। ਹਾਲਾਂਕਿ ਇਸ ਪ੍ਰਾਜੈਕਟ ਬਾਰੇ ਬਹੁਤੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਸਿੰਮੀ ਚਾਹਲ ਅਤੇ ਹਰੀਸ਼ ਵਰਮਾ ਦੀਆਂ ਇੰਸਟਾਗ੍ਰਾਮ ਪੋਸਟਾਂ ਦੱਸਦੀਆਂ ਹਨ ਕਿ ਫ਼ਿਲਮ ਵਿਚ ਉਨ੍ਹਾਂ ਤੋਂ ਇਲਾਵਾ 'ਗੋਲਕ ਬੁਗਨੀ ਬੈਂਕ ਤੇ ਬਟੂਆ-2' ਵਿਚ ਅਦਿਤੀ ਸ਼ਰਮਾ, ਜਸਵਿੰਦਰ ਭੱਲਾ, ਬੀ.ਐੱਨ. ਸ਼ਰਮਾ, ਨਾਸਿਰ ਚਿਨਯੋਤੀ, ਜ਼ਾਫਰੀ ਖ਼ਾਨ, ਅਨੀਤਾ ਦੇਵਗਨ, ਅਤੇ ਹੋਰ ਵੀ ਸ਼ਾਮਲ ਹੋਣਗੇ।

**ਖੇਡ ਸੰਸਾਰ**

# ਫੀਫਾ ਵਿਸ਼ਵ ਕੱਪ 2022: ਬ੍ਰਾਜ਼ੀਲ ਦੇ ਕਪਤਾਨ ਨੇਮਾਰ ਰਾਸ਼ਟਰੀ ਗੀਤ ਸਮੇਂ ਸਿੱਖ ਬੱਚੇ ਨਾਲ ਖੜ੍ਹੇ

## ਵਿਸ਼ਵ ਦੇ ਪ੍ਰਸਿੱਧ ਪ੍ਰੋਗਰਾਮਾਂ ਵਿੱਚ ਸਿੱਖਾਂ ਦੀ ਸ਼ਮੂਲੀਅਤ




ਚੰਡੀਗੜ੍ਹ/ਏ.ਟੀ.ਨਿਊਜ਼ :- ਦੁਨੀਆ ਦੇ ਸਭ ਤੋਂ ਪ੍ਰਸਿੱਧ ਪ੍ਰੋਗਰਾਮ 'ਚ ਸਿੱਖਾਂ ਦੀ ਸ਼ਮੂਲੀਅਤ ਦੇਖਣ ਨੂੰ ਮਿਲ ਰਹੀ ਹੈ ਜੋ ਕਿ ਪੰਜਾਬ ਤੇ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ। ਦਰਅਸਲ ਇਸ ਸਮੇਂ ਫੀਫਾ ਵਿਸ਼ਵ ਕੱਪ ਦੇ ਇਕ ਮੈਚ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਹੀ ਹੈ ਜਿਸ ਵਿਚ ਫੀਫਾ ਵਿਸ਼ਵ ਕੱਪ 2022 ਵਿੱਚ ਬ੍ਰਾਜ਼ੀਲ ਦੇ ਕਪਤਾਨ ਰਾਸ਼ਟਰੀ ਗੀਤ ਦੇ ਦੌਰਾਨ, ਇੱਕ ਸਿੱਖ ਬੱਚੇ ਦੇ ਨਾਲ ਡਗਆਊਟ ਵਿੱਚੋਂ ਬਾਹਰ ਆਇਆ।

ਪੰਜ ਵਾਰ ਦੇ ਫੀਫਾ ਵਿਸ਼ਵ ਕੱਪ ਚੈਂਪੀਅਨ ਬ੍ਰਾਜ਼ੀਲ ਦੇ ਕਪਤਾਨ ਨੇਮਾਰ ਨਾਲ ਸਿੱਖ ਬੱਚਾ ਜਿਸ ਦਾ ਨਾਮ ਜੋਸ਼ ਸਿੰਘ ਹੈ ਨੂੰ ਦੇਖਿਆ ਜਾ ਰਿਹਾ ਹੈ। ਵੀਡੀਓ 'ਚ ਇਹ ਵੀ ਦੇਖਿਆ ਗਿਆ ਕਿ ਨੇਮਾਰ ਨੇ ਰਾਸ਼ਟਰੀ ਗੀਤ ਦੌਰਾਨ ਬੱਚੇ ਦੇ ਮੋਢੇ 'ਤੇ ਹੱਥ ਵੀ ਰੱਖਿਆ। ਸਿੱਖ ਬੱਚੇ ਦੀ ਇਸ ਸ਼ਮੂਲੀਅਤ ਨੇ ਸਿੱਖੀ ਨੂੰ ਦੁਨੀਆਂ ਸਾਹਮਣੇ ਰੱਖਿਆ ਹੈ, ਜੋ ਸਿੱਖ ਭਾਈਚਾਰੇ ਲਈ ਫ਼ਖ਼ਰ ਦੀ ਗੱਲ ਹੈ।

ਦੱਸ ਦੇਈਏ ਕਿ ਬ੍ਰਾਜ਼ੀਲ ਨੇ ਵੀਰਵਾਰ ਨੂੰ ਲੁਸੇਲ ਸਟੇਡੀਅਮ ਵਿੱਚ ਸਰਬੀਆ ਨੂੰ 2-0 ਨਾਲ ਹਰਾ ਕੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਨੇਮਾਰ ਵਿਸ਼ਵ ਕੱਪ ਵਿਚ ਸਰਬੀਆ ਉੱਤੇ ਬ੍ਰਾਜ਼ੀਲ ਦੀ 2-0 ਦੀ ਜਿੱਤ ਦੇ ਅੰਤਮ ਪਲਾਂ ਵਿੱਚ ਬੈਂਚ ਉੱਤੇ ਨਮ ਅੱਖਾਂ ਨਾਲ ਭਾਵੁਕ ਨਜ਼ਰ ਆਏ ਅਤੇ ਬਾਅਦ ਵਿਚ ਸੱਜੇ ਗਿੱਟੇ ਵਿੱਚ ਸੋਜ ਨਾਲ ਲੰਗੜਾਉਂਦੇ ਹੋਏ ਸਟੇਡੀਅਮ ਵਿਚੋਂ ਚਲੇ ਗਏ। ਬ੍ਰਾਜ਼ੀਲ ਟੀਮ ਦੇ ਡਾਕਟਰ ਰੋਡਰੀਗੋ ਲਾਸਮਾਰ ਨੇ ਕਿਹਾ ਕਿ ਨੇਮਾਰ ਦੇ ਸੱਜੇ ਗਿੱਟੇ 'ਚ ਮੋਚ ਆ ਗਈ ਹੈ। ਉਨ੍ਹਾਂ ਨੇ ਹਾਲਾਂਕਿ ਇਹ ਨਹੀਂ ਦੱਸਿਆ ਕਿ ਸਵਿਟਜ਼ਰਲੈਂਡ ਦੇ ਖਿਲਾਫ ਟੀਮ ਦੇ ਅਗਲੇ ਮੈਚ 'ਚ ਖੇਡਣ ਗਏ ਜਾਂ ਨਹੀਂ।



## ਅਮਰੀਕੀ ਸਿੱਖ ਥਮਿੰਦਰ ਸਿੰਘ

ਖਿਮਾ ਯਾਚਨਾ ਦਿੱਤੇ ਜਾਣ ਅਤੇ ਮੁੜ ਪੰਥ ਵਿਚ ਸ਼ਾਮਿਲ ਕਰਨ ਦੀਆਂ ਅਪੀਲਾਂ ਕਰ ਰਹੇ ਸਨ ।ਪਿਛਲੇ ਸਾਲ ਉਨ੍ਹਾਂ ਦੇ ਬਿਰਧ ਮਾਤਾ-ਪਿਤਾ ਨੇ ਵੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਆਪਣੇ ਪੁੱਤਰ ਦੀਆਂ ਭੁੱਲਾਂ ਗ਼ਲਤੀਆਂ ਨੂੰ ਮੁਆਫ਼ ਕਰਕੇ ਉਸ ਨੂੰ ਸਿੱਖ ਪੰਥ ਵਿਚ ਮੁੜ ਸ਼ਾਮਿਲ ਕਰਨ ਦੀ ਭਾਵੁਕ ਅਪੀਲ ਕਰਦਿਆਂ ਕਿਹਾ ਸੀ ਕਿ ਕਈ ਪੀੜੀਆਂ ਤੋਂ ਉਨ੍ਹਾਂ ਦਾ ਪਰਿਵਾਰ ਗੁਰੂ ਘਰ 'ਚ ਸ਼ਰਧਾ ਰੱਖਣ ਵਾਲਾ ਰਿਹਾ ਹੈ ਤੇ ਗੁਰੂ ਘਰ ਤੋਂ ਬੇਮੁਖ ਹੋਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ । ਉਨ੍ਹਾਂ ਇਹ ਵੀ ਕਿਹਾ ਸੀ ਕਿ ਉਹ ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਹਨ ਤੇ ਕੋਈ ਭਰੋਸਾ ਨਹੀਂ ਕਦੋਂ ਸਵਾਸਾਂ ਦੀ ਡੋਰ ਟੁੱਟ ਜਾਵੇ। ਇਸ ਲਈ ਉਨ੍ਹਾਂ ਦੀ ਇੱਛਾ ਹੈ ਕਿ ਜ਼ਿੰਦਗੀ ਦੇ ਆਖ਼ਰੀ ਪੜਾਅ ਤੋਂ ਅੱਗੇ ਕੂਚ ਕਰਦੇ ਵਕਤ ਉਨ੍ਹਾਂ ਦੇ ਦਿਲ ਵਿਚ ਹੀ ਇਹ ਇੱਛਾ ਨਾ ਰਹਿ ਜਾਵੇ ਕਿ ਸਾਡੇ ਘਰ ਦਾ ਕੋਈ ਵੀ ਮੈਂਬਰ ਗੁਰੂ ਘਰ ਤੋਂ ਬੇਮੁਖ ਜਾਂ ਪੰਥ ਤੋਂ ਟੁੱਟਾ ਰਹੇ । ਹੁਣ ਅਕਾਲ ਤਖ਼ਤ ਸਾਹਿਬ ਸਨਮੁੱਖ ਪੇਸ਼ ਹੋਣ ਤੋਂ ਬਾਅਦ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਪੰਜ ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਨੂੰ 21 ਦਿਨਾਂ ਦੀ ਧਾਰਮਿਕ ਤਨਖ਼ਾਹ ਲਗਾਈ ਗਈ ਹੈ । ਇਸ ਤਰ੍ਹਾਂ 16 ਦਸੰਬਰ ਤੱਕ ਜਥੇ: ਲੰਗਾਹ ਆਪਣੀ ਧਾਰਮਿਕ ਤਨਖ਼ਾਹ ਪੂਰੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁੜ ਪੇਸ਼ ਹੋਣ ਬਾਅਦ ਅਰਦਾਸ ਕਰਵਾ ਕੇ ਸਿੱਖ ਪੰਥ ਵਿਚ ਮੁੜ ਸ਼ਾਮਿਲ ਹੋ ਸਕਣਗੇ ।ਜਥੇ: ਲੰਗਾਹ 'ਤੇ ਭਾਵੇਂ ਸਿੰਘ ਸਾਹਿਬਾਨ ਵੱਲੋਂ ਅਗਲੇ ਪੰਜ ਵਰ੍ਹਿਆਂ ਤੱਕ ਸ਼੍ਰੋਮਣੀ ਕਮੇਟੀ ਸਮੇਤ ਕਿਸੇ ਵੀ ਗੁਰਦੁਆਰਾ ਕਮੇਟੀ ਦਾ ਮੈਂਬਰ ਬਣਨ 'ਤੇ ਰੋਕ ਲਗਾਈ ਗਈ ਹੈ ਪਰ ਇਸ ਦੌਰਾਨ ਉਨ੍ਹਾਂ ਨੂੰ ਸਿਆਸੀ ਸਰਗਰਮੀਆਂ ਜਾਰੀ ਰੱਖਣ ਦੀ ਪੂਰੀ ਤਰ੍ਹਾਂ ਖੁੱਲ੍ਹ ਹੋਵੇਗੀ । ਸਮਝਿਆ ਜਾਂਦਾ ਹੈ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਸਿਆਸਤ ਵਿਚ ਧੜੱਲੇਦਾਰ ਸਿਆਸੀ ਆਗੂ ਵਜੋਂ ਜਾਣੇ ਜਾਂਦੇ ਜਥੇਦਾਰ ਲੰਗਾਹ ਦੇ ਪੰਥ ਵਿਚ ਮੁੜ ਸ਼ਾਮਿਲ ਹੋਣ ਬਾਅਦ ਗੁਰਦਾਸਪੁਰ ਹਲਕੇ ਵਿਚ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ ਤੇ ਜਥੇਦਾਰ ਪਾਰਟੀ ਨੂੰ ਮੁੜ ਜਥੇਬੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਉਣਗੇ ।ਜਥੇ: ਲੰਗਾਹ ਦਾ ਪੰਥ ਵਾਪਸੀ ਦਾ ਸਫ਼ਰ ਸ਼ੁਰੂ ਹੋਣ ਨਾਲ ਅਕਾਲੀ ਖੇਮਿਆਂ ਵਿਚ ਖ਼ੁਸ਼ੀ ਪਾਈ ਜਾ ਰਹੀ ਹੈ।

ਵਲਟੋਹਾ ਵੱਲੋਂ ਵਿਰੋਧ

ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੁੱਚਾ ਸਿੰਘ ਲੰਗਾਹ ਨੂੰ ਮੁਆਫ਼ੀ ਦੇਣ ਪ੍ਰਤੀ ਟਿੱਪਣੀ ਕਰਦੇ ਹੋਏ ਕਿਹਾ ਕਿ ਫ਼ੈਸਲੇ ਪਿੱਛੇ ਉਹ ਤਾਕਤਾਂ ਜ਼ਰੂਰ ਹੋਣਗੀਆਂ ਜੋ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ । ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਜਿਸ ਤਰ੍ਹਾਂ ਸੁੱਚਾ ਸਿੰਘ ਲੰਗਾਹ ਨੂੰ ਮੁਆਫ਼ੀ ਦੇ ਨਾਲ-ਨਾਲ ਰਾਜਨੀਤਿਕ ਅਤੇ ਧਾਰਮਿਕ ਖੇਤਰ ਵਿਚ ਦਿੱਤੀਆਂ ਛੋਟਾਂ ਦਾ ਐਲਾਨ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਲੰਗਾਹ ਬਾਰੇ ਫ਼ੈਸਲਾ ਲੈਣਾ ਜਥੇਦਾਰ ਦਾ ਅਧਿਕਾਰ ਖੇਤਰ ਹੈ । ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਦੇ ਇਸ ਆਦੇਸ਼ ਤੋਂ ਆਮ ਸੰਗਤ ਵਿਚ ਪਾਏ ਜਾ ਰਹੇ ਪ੍ਰਭਾਵ, ਮੀਡੀਆ ਤੇ ਸੋਸ਼ਲ ਮੀਡੀਆ ਵਿਚ ਇਹ ਗੱਲ ਉਭਾਰੀ ਜਾ ਰਹੀ ਹੈ ਕਿ ਮੁਆਫ਼ੀ ਪਿੱਛੇ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਹੱਥ ਹੈ। ਉਨ੍ਹਾਂ ਸਪੱਸ਼ਟ ਕਰਦੇ ਕਿਹਾ ਕਿ ਇਸ ਫ਼ੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਸੰਬੰਧ ਨਹੀਂ ਹੈ ਅਤੇ ਨਾ ਹੀ ਪਿਛੋਕੜ ਵਿਚ ਕਿਸੇ ਫ਼ੈਸਲੇ ਨਾਲ ਸੰਬੰਧ ਰਿਹਾ ਹੈ ।ਵਲਟੋਹਾ ਨੇ ਕਿਹਾ ਕਿ ਜਥੇਦਾਰ ਦਾ ਇਹ ਆਦੇਸ਼ ਕਿ ਲੰਗਾਹ ਰਾਜਨੀਤਿਕ ਤੌਰ 'ਤੇ ਹੁਣ ਤੋਂ ਹੀ ਵਿਚਰ ਸਕਦਾ ਹੈ ਅਤੇ ਸ਼੍ਰੋਮਣੀ ਕਮੇਟੀ ਦੀ ਚੋਣ ਪੰਜ ਸਾਲ ਵਾਸਤੇ ਨਹੀਂ ਲੜ ਸਕਦਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।

***

## ਸੁੱਚਾ ਸਿੰਘ ਲੰਗਾਹ ਦੀ ਪੰਥ ਵਾਪਸੀ...

ਫ਼ੈਸਲਾ ਉਸੇ ਤਰਜ਼ ਦਾ ਤੇ ਬਾਦਲਾਂ ਦੇ ਪ੍ਰਭਾਵ ਅਧੀਨ ਲਿਆ ਗਿਆ ਹੈ।ਲੰਗਾਹ ਨੇ ਜੋ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਪਰ ਨਾਰੀ ਨਾਲ ਸੰਬੰਧ ਰਚਾ ਕੇ ਗੁਨਾਹ ਕੀਤਾ ਹੈ ਉਸਨੂੰ ਸਿੱਖ ਧਰਮ ਦੇ ਪ੍ਰਚਾਰ ਤੇ ਸਿੱਖ ਰਾਜਨੀਤੀ ਵਿਚ ਪੂਰਨ ਪਾਬੰਦੀ ਦੀ ਲੋੜ ਸੀ। ਪਰ ਜਥੇਦਾਰ ਨੇ ਪੁਰਾਤਨ ਵਿਗੜੀ ਮਸੰਦ ਪ੍ਰਣਾਲੀ ਦੀ ਨਵੀਂ ਵਿਧੀ ਦੀ ਵਕਾਲਤ ਕਰਕੇ ਖ਼ਾਲਸਾ ਪੰਥ ਤੇ ਗੁਰੂ ਸਾਹਿਬਾਨ ਦੀਆਂ ਮਹਾਨ ਪਰੰਪਰਾਵਾਂ ਦੀ ਤੌਹੀਨ ਕੀਤੀ ਹੈ। ਉਹਨਾਂ ਕਿਹਾ ਕਿ ਜਥੇਦਾਰ ਸਾਹਿਬ ਦਾ ਹੱਕ ਹੈ ਕਿ ਉਹ ਲੰਗਾਹ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਕੀਤੀ ਗਈਆਂ ਦਲੀਲਾਂ 'ਤੇ ਵਿਚਾਰ ਕਰਨ ਅਤੇ ਫ਼ੈਸਲਾ ਲੈਣ। ਉਹ ਉਨ੍ਹਾਂ ਨੂੰ ਪੰਥ ਵਿਚ ਵਾਪਸੀ ਦਾ ਫ਼ੈਸਲਾ ਵੀ ਲੈ ਸਕਦੇ ਹਨ ਪਰ ਉਨ੍ਹਾਂ ਵੱਲੋਂ ਇਹ ਹੁਕਮ ਦੇਣਾ ਕਿ ਲੰਗਾਹ ਹੁਣ ਸਿਆਸੀ ਤੌਰ 'ਤੇ ਸਰਗਰਮ ਹੋ ਸਕਦੇ ਹਨ ਤੇ ਪੰਜ ਸਾਲਾ ਬਾਅਦ ਧਾਰਮਿਕ ਖੇਤਰ ਵਿਚ ਅਕਾਲ ਤਖ਼ਤ ਸਾਹਿਬ ਤੇ ਪੰਥ ਦੀਆਂ ਮਹਾਨ ਪਰੰਪਰਾਵਾਂ ਉੱਪਰ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਹਰਪ੍ਰੀਤ ਸਿੰਘ ਨੂੰ ਗੁਰਬਚਨ ਸਿੰਘ ਵਾਂਗ ਅਸਤੀਫ਼ਾ ਦੇਣਾ ਚਾਹੀਦਾ ਹੈ।

***

## ਪੰਜਾਬ ਸਰਕਾਰ ਕਪੂਰਥਲਾ 'ਚ

ਕੁੱਲ ਲਾਗਤ 418.3 ਕਰੋੜ ਆਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ, ਸਿੱਖਿਆ ਤੇ ਸਸਤੀ ਬਿਜਲੀ ਸਮੇਤ ਹੋਰ ਵਾਅਦੇ ਕੀਤੇ ਸਨ ਤੇ ਇਨ੍ਹਾਂ ਵਾਅਦਿਆਂ ਨੂੰ ਅਮਲੀ ਰੂਪ ਦਿੰਦਿਆਂ ਪੰਜਾਬ 'ਚ ਮੈਡੀਕਲ ਸਿੱਖਿਆ ਦੇ ਪਸਾਰ ਲਈ ਸਰਕਾਰ ਵੱਲੋਂ ਰਾਜ ਵਿਚ 16 ਮੈਡੀਕਲ ਕਾਲਜ ਸਥਾਪਤ ਕੀਤੇ ਜਾ ਰਹੇ ਹਨ ਜਦਕਿ 9 ਮੈਡੀਕਲ ਕਾਲਜ ਪਹਿਲਾਂ ਹੀ ਪੰਜਾਬ ਵਿਚ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਲਜਾਂ ਦੇ ਬਣਨ ਨਾਲ ਪੰਜਾਬ ਦੁਨੀਆ ਵਿਚ ਵਧੀਆ ਸਿਹਤ ਸੇਵਾਵਾਂ ਵਾਲਾ ਸੂਬਾ ਬਣ ਜਾਵੇਗਾ ਉੱਥੇ ਇਨ੍ਹਾਂ ਕਾਲਜਾਂ ਦੀ ਸਥਾਪਤੀ ਨਾਲ ਹਜ਼ਾਰਾਂ ਲੋਕਾਂ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਰੁਜ਼ਗਾਰ ਦੇ ਅਵਸਰ ਮਿਲਣਗੇ।

***

## ਕਮਲਜੀਤ ਬਰਾੜ ਨੂੰ ਅੰਮ੍ਰਿਤਪਾਲ ਸਿੰਘ ਦੇ...

ਕਾਂਗਰਸ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਬਰਾੜ ਨੇ ਪਾਰਟੀ ਪ੍ਰਧਾਨ ਰਾਜਾ ਵੜਿੰਗ ਨੂੰ ਘੇਰਿਆ ਹੈ। ਕਮਲਜੀਤ ਬਰਾੜ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕਾਂਗਰਸ ਨੇ ਨਹੀਂ, ਸਗੋਂ ਰਾਜਾ ਵੜਿੰਗ ਨੇ ਪਾਰਟੀ ਵਿੱਚੋਂ ਕੱਢਿਆ ਹੈ। ਪਾਰਟੀ ਵਿੱਚੋਂ ਕੱਢੇ ਜਾਣ ਮਗਰੋਂ

ਕਮਲਜੀਤ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਹਲਕੇ ਵਿੱਚ ਕਾਂਗਰਸ ਜਿਊਂਦੀ ਰੱਖੀ ਤੇ ਕਾਨਫ਼ਰੰਸਾਂ ਵਿੱਚ ਸਭ ਤੋਂ ਵੱਧ ਇਕੱਠ ਜੁਟਾਇਆ। ਕਮਲਜੀਤ ਬਰਾੜ ਨੇ ਕਿਹਾ ਕਿ ਕਾਂਗਰਸ ਪਾਰਟੀ ਸਾਰੇ ਧਰਮਾਂ ਦਾ ਸਤਿਕਾਰ ਕਰਨ ਵਾਲੀ ਪਾਰਟੀ ਹੈ ਤੇ ਉਨ੍ਹਾਂ ਪਾਰਟੀ ਨੂੰ ਨਹੀਂ ਛੱਡਿਆ। ਉਨ੍ਹਾਂ 'ਆਪ' ਜਾਂ ਭਾਜਪਾ ਵਿੱਚ ਚਲੇ ਜਾਣ ਬਾਰੇ ਸੋਚਣ ਤੋਂ ਵੀ ਇਨਕਾਰ ਕਰ ਦਿੱਤਾ ਹੈ।

ਕਮਲਜੀਤ ਬਰਾੜ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦਾ ਸਪੁੱਤਰ ਹੈ। ਉਸ ਨੇ ਦਲੀਲ ਦਿੱਤੀ ਸੀ ਕਿ ਜੇਕਰ ਕੋਈ ਨੌਜਵਾਨ ਪਾਰਟੀ ਵਿੱਚ ਰਹਿੰਦਾ ਹੋਇਆ ਸਿੱਖੀ ਦੀ ਗੱਲ ਕਰਦਾ ਜਾਂ ਭਾਈ ਅੰਮ੍ਰਿਤਪਾਲ ਸਿੰਘ ਦੇ ਚੰਗੇ ਵਿਚਾਰਾਂ ਨੂੰ ਪ੍ਰਚਾਰਦਾ ਹੈ ਤਾਂ ਇਸ ਵਿੱਚ ਗ਼ਲਤ ਕੀ ਹੈ।

## ਮਜੀਠੀਆ ਵੱਲੋਂ ਸ਼ਿਵ ਸੈਨਾ ਦੀ

ਬਿਆਨ ਦੇ ਰਹੇ ਸਨ ਕਿ ਉਹ ਸੂਰੀ ਦੇ ਘਰ ਜਾ ਕੇ ਪਰਿਵਾਰਕ ਮੈਂਬਰਾਂ ਨਾਲ ਘਰ ਜਾ ਦੁੱਖ ਪ੍ਰਗਟਾਵਾ ਕਰਨਗੇ ਪਰ ਬੀਤੇ ਦਿਨੀਂ ਕਾਤਲ ਦੇ ਪਰਿਵਾਰਕ ਮੈਂਬਰਾਂ ਦੇ ਹੱਕ ਵਿਚ ਪ੍ਰੈੱਸ ਕਾਨਫ਼ਰੰਸ ਕਰ ਰਹੇ ਹਨ, ਉਹ ਨੌਜਵਾਨਾਂ ਨੂੰ ਗ਼ਲਤ ਸੰਦੇਸ਼ ਦੇ ਰਹੇ ਹਨ। ਪਹਿਲਾਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਆਗੂ ਅੰਮ੍ਰਿਤਪਾਲ ਸਿੰਘ ਨੌਜਵਾਨਾਂ ਨੂੰ ਗੁੰਮਰਾਹ ਕਰ ਰਿਹਾ ਸੀ ਤੇ ਹੁਣ ਬਿਕਰਮ ਮਜੀਠੀਆ ਕਾਤਲ ਦੇ ਹੱਕ ਵਿਚ ਬਿਆਨ ਦੇ ਰਹੇ ਹਨ।'

***

## ਦਿੱਲੀ ਦੇ ਸਿੱਖ ਨਗਰ ਨਿਗਮ ਚੋਣਾਂ

ਸਮ੍ਰਿਤੀ ਇਰਾਨੀ ਨੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਆਪਣੇ ਕਾਲਜਾਂ ਵਿਚ ਸਿੱਖਾਂ ਲਈ 50 ਫ਼ੀਸਦੀ ਸੀਟਾਂ ਰਾਖਵੀਂਆਂ ਕਰਨ ਦੀ ਪ੍ਰਵਾਨਗੀ ਦਿੱਤੀ, ਜਿਸ ਸਦਕਾ ਸਾਡੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋਇਆ। ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਇਹ ਮੋਦੀ ਸਰਕਾਰ ਹੀ ਹੈ, ਜਿਸਨੇ ਐੱਸ. ਆਈ. ਟੀ. ਦਾ ਗਠਨ ਕਰ ਕੇ 35 ਸਾਲਾਂ ਤੋਂ 1984 ਦੇ ਸਿੱਖ ਕਤਲੇਆਮ ਕੇਸਾਂ ਦਾ ਇਨਸਾਫ਼ ਉਡੀਕ ਰਹੀ ਸਿੱਖ ਕੌਮ ਨੂੰ ਇਤਿਹਾਸ ਦਿੱਤਾ ਤੇ ਸੱਜਣ ਕੁਮਾਰ ਤੇ ਹੋਰ ਕਾਤਲਾਂ ਨੂੰ ਜੇਲ੍ਹਾਂ ਪਿੱਛੇ ਭੇਜਿਆ, ਜਦਕਿ ਇਨ੍ਹਾਂ ਆਗੂਆਂ ਨੂੰ ਕਾਂਗਰਸ ਆਪਣੀਆਂ ਸਰਕਾਰਾਂ ਵੇਲੇ ਬਚਾਉਂਦੀ ਰਹੀ ਤੇ ਅਹੁਦੇ ਦੇ ਕੇ ਸਨਮਾਨਿਤ ਕਰਦੀ ਰਹੀ। ਉਨ੍ਹਾਂ ਕਿਹਾ ਕਿ ਅੱਜ ਵੀ ਨਗਰ ਨਿਗਮ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਜਗਦੀਸ਼ ਟਾਈਟਲਰ ਨੂੰ ਚੋਣ ਕਮੇਟੀ ਦਾ ਮੈਂਬਰ ਬਣਾ ਸਨਮਾਨਿਤ ਕੀਤਾ ਹੈ ਅਤੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਵਰਗੀ ਹੀ ਆਮ ਆਦਮੀ ਪਾਰਟੀ ਹੈ, ਜਿਸ ਨੇ ਤਿਲਕ ਵਿਹਾਰ ਵਿਚ ਰਹਿੰਦੀਆਂ 1984 ਦੀਆਂ ਸਿੱਖ ਵਿਧਵਾਵਾਂ ਨੂੰ ਮਕਾਨਾਂ ਦੇ ਮਾਲਿਕਾਨਾ ਹੱਕ ਦੇਣ ਦੇ ਵਾਅਦੇ ਕੀਤੇ ਪਰ ਸੱਤਾ ਵਿਚ ਆਉਣ ਮਗਰੋਂ ਮੁੱਕਰ ਗਈ ਤੇ 8 ਸਾਲ ਲੰਘਣ 'ਤੇ ਵੀ ਇਹ ਹੱਕ ਨਹੀਂ ਦਿੱਤੇ ਤੇ ਹਰ ਸਾਲ ਜਦੋਂ ਵੀ ਸਿੱਖ ਨਸਲਕੁਸ਼ੀ ਦੀ ਵਰ੍ਹੇਗੰਢ ਆਉਂਦੀ ਹੈ ਤਾਂ 1, 2 ਅਤੇ 3 ਨਵੰਬਰ ਨੂੰ ਫਿਰ ਤੋਂ ਢਕਵੰਜ ਕਰਨ ਲੱਗ ਪੈਂਦੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਪਹਿਲੀ ਅਜਿਹੀ ਸਰਕਾਰ ਹੈ, ਜਿਸ ਵਿਚ 7 ਸਾਲਾਂ ਤੋਂ ਇਕ ਵੀ ਸਿੱਖ ਚਿਹਰਾ ਮੰਤਰੀ ਨਹੀਂ ਹੈ ਤੇ ਪੰਜਾਬੀ ਭਾਸ਼ਾ ਦਾ ਘਾਣ ਕੇਜਰੀਵਾਲ ਸਰਕਾਰ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦਾ ਮਾਮਲਾ ਵੀ ਅਸੀਂ ਚੁੱਕ ਰਹੇ ਹਾਂ ਪਰ ਇਹ ਕੇਜਰੀਵਾਲ ਸਰਕਾਰ ਹੈ, ਜੋ ਦਿੱਲੀ ਤੇ ਪੰਜਾਬ ਵਿਚ ਸਰਕਾਰ ਹੁੰਦੇ ਹੋਏ ਵੀ

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਇਹ ਸਭ ਹਾਲਤਾਂ ਨੂੰ ਵੇਖਦਿਆਂ ਅਸੀਂ ਫ਼ੈਸਲਾ ਕੀਤਾ ਹੈ ਕਿ ਦਿੱਲੀ ਦੀ ਸਮੁੱਚੀ ਸਿੱਖ ਸੰਗਤ ਨਗਰ ਨਿਗਮ ਚੋਣਾਂ ਵਿਚ ਭਾਜਪਾ ਦੀ ਹਮਾਇਤ ਕਰੇਗੀ ਅਤੇ ਅਸੀਂ ਵਿਸ਼ਵਾਸ ਵੀ ਦੁਆਉਂਦੇ ਹਾਂ ਕਿ ਸੰਗਤ ਆਪੋ ਆਪਣੇ ਇਲਾਕੇ ਤੋਂ ਭਾਜਪਾ ਦੇ ਉਮੀਦਵਾਰਾਂ ਨੂੰ ਜੇਤੂ ਬਣਾ ਕੇ ਭੇਜੇਗੀ। ਇਸ ਮੌਕੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ 1984 ਦੀ ਸਿੱਖ ਨਸਲਕੁਸ਼ੀ ਦਾ ਇਨਸਾਫ਼ ਮੋਦੀ ਸਰਕਾਰ ਨੇ ਹੀ ਦਿੱਤਾ ਹੈ। ਇਸ ਮੌਕੇ ਪ੍ਰਦੇਸ਼ ਭਾਜਪਾ ਪ੍ਰਧਾਨ ਆਦੇਸ਼ ਗੁਪਤਾ ਨੇ ਕਿਹਾ ਕਿ ਉਹ ਦਿੱਲੀ ਗੁਰਦੁਆਰਾ ਕਮੇਟੀ ਦੇ ਧੰਨਵਾਦੀ ਹਨ ਤੇ ਸਮੁੱਚੀ ਸਿੱਖ ਸੰਗਤ ਦਾ ਬਹੁਤ ਧੰਨਵਾਦ ਕਰਦੇ ਹਨ।

***

## ਕੋਰੀਡੋਰ ਮਾਰਗ 'ਤੇ ਰਬਾਬ ਦੇ ਮਾਡਲ ਨੂੰ...

ਰਸਤੇ ਦੇ ਸ਼ੁਰੂਆਤ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਐੱਸ.ਪੀ. ਓਬਰਾਏ ਸਿੰਘ ਵੱਲੋਂ ਵੱਡੀ ਲਾਗਤ ਨਾਲ ਇਕ ਸੁੰਦਰ ਰਬਾਬ ਅਤੇ ਏਕਓਂਕਾਰ ਦਾ ਮਾਡਲ ਭਾਈ ਮਰਦਾਨਾ ਜੀ ਦੀ ਯਾਦ ਵਿਚ ਸਥਾਪਤ

ਕੀਤਾ ਗਿਆ ਸੀ। ਕਰੀਬ 3 ਸਾਲ ਦਾ ਸਮਾਂ ਬੀਤ ਜਾਣ ਉਪਰੰਤ ਹੁਣ ਇਸ ਸੁੰਦਰ ਮਾਡਲ ਦੀ ਹਾਲਤ ਖਸਤਾ ਹੋਣੀ ਸ਼ੁਰੂ ਹੋ ਗਈ ਸੀ ਤੇ ਇੱਥੋਂ ਇਲੈਕਟ੍ਰੋਨਿਕ ਸਜਾਵਟੀ ਲਾਈਟਾਂ ਅਤੇ ਹੋਰ ਸਾਮਾਨ ਚੋਰੀ ਹੋ ਚੁੱਕਾ ਸੀ। ਬੀਤੇ ਕੁਝ ਦਿਨ ਪਹਿਲਾਂ ਇੱਥੇ ਐੱਸ.ਪੀ. ਸਿੰਘ ਓਬਰਾਏ ਸਿੰਘ ਅਚਾਨਕ ਪਹੁੰਚੇ ਤੇ ਉਹ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਸੁੰਦਰ ਮਾਡਲ ਦੀ ਦੇਖ-ਰੇਖ ਕਰਨ ਵਿਚ ਅਸਫਲ ਦੱਸਦੇ ਹੋਏ ਕਾਫ਼ੀ ਖ਼ਫ਼ਾ ਹੋਏ ਸਨ। ਉਪਰੰਤ ਐਸ.ਪੀ. ਸਿੰਘ ਓਬਰਾਏ ਵੱਲੋਂ ਇਸ ਸੁੰਦਰ ਮਾਡਲ ਨੂੰ ਮੁੜ ਆਲੀਸ਼ਾਨ ਬਣਾਉਣ ਲਈ ਸੇਵਾ ਕਾਰਜ ਆਰੰਭ ਕਰ ਦਿੱਤੇ ਗਏ ਹਨ। ਇਸ ਸੁੰਦਰ ਮਾਡਲ ਦੇ ਚੌਗਿਰਦੇ ਨੂੰ ਨਾਨਕਸ਼ਾਹੀ ਇੱਟ ਨਾਲ ਤਿਆਰ ਕੀਤਾ ਜਾ ਰਿਹਾ ਹੈ, ਜਦ ਕਿ ਇਸ ਮਾਡਲ ਉੱਪਰ ਸਜਾਵਟੀ ਲਾਈਟਾਂ ਅਤੇ ਇਲੈਕਟ੍ਰੋਨਿਕ ਵਿਧੀ ਨਾਲ ਏਕਓਂਕਾਰ ਦਾ ਮਾਡਲ ਜੋ 24 ਘੰਟੇ ਘੁੰਮਦਾ ਦਿਖਾਈ ਦਿੰਦਾ ਸੀ, ਨੂੰ ਆਧੁਨਿਕ ਤਰੀਕੇ ਨਾਲ ਮੁੜ ਚਾਲੂ ਕਰ ਦਿੱਤਾ ਗਿਆ ਹੈ।

***

## ਅਕਾਲੀ ਦਲ ਦੀਆਂ ਜ਼ਿਲ੍ਹਾ ਪਟਿਆਲਾ

ਇਸੇ ਤਰ੍ਹਾਂ ਪਟਿਆਲਾ ਦਿਹਾਤੀ ਦੇ ਜਸਪਾਲ ਬਿੱਟੂ ਚੱਠਾ ਵੀ ਹਲਕੇ ਵਿਚ ਸਰਗਰਮ ਨਹੀਂ ਹਨ। ਸਮਾਣਾ ਹਲਕੇ ਵਿਚ ਸੁਰਜੀਤ ਸਿੰਘ ਰੱਖੜਾ ਸਮਾਜਿਕ ਸਮਾਗਮਾਂ ਵਿਚ ਨਜ਼ਰ ਆਉਂਦੇ ਹਨ ਪਰ ਸਿਆਸੀ ਸਰਗਰਮੀ ਨਾਂਹ ਦੇ ਬਰਾਬਰ ਹਨ। ਇਸੇ ਤਰ੍ਹਾਂ ਹਲਕਾ ਨਾਭਾ ਵਿਚ ਕਬੀਰ ਦਾਸ ਚੁੱਪ ਹਨ, ਹਲਕਾ ਘਨੌਰ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਮਾਜਿਕ ਸਮਾਗਮਾਂ ਵਿਚ ਜਾ ਰਹੇ ਹਨ ਪਰ ਸਿਆਸੀ ਸਰਗਰਮੀਆਂ ਘੱਟ ਹੀ ਹਨ। ਇਸ ਤੋਂ ਇਲਾਵਾ ਸ਼ੁਤਰਾਣਾ ਤੇ ਰਾਜਪੁਰਾ ਦਾ ਹਾਲ ਵੀ ਇਹੋ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਪਟਿਆਲਾ ਵਿਚ ਕਈ ਥਾਈਂ ਅਕਾਲੀ ਆਗੂਆਂ ਨੂੰ ਮਿਲੇ ਜਿਨ੍ਹਾਂ ਤੋਂ ਕਾਫ਼ੀ ਹੁੰਗਾਰਾ ਮਿਲਿਆ। ਉਨ੍ਹਾਂ ਨਾਲ ਕਈ ਆਗੂ ਪੂਰੀ ਤਰ੍ਹਾਂ ਸਹਿਮਤ ਹਨ ਪਰ ਵੱਡੇ ਬਾਦਲ ਕਰਕੇ ਉਹ ਅਜੇ ਖੁੱਲ੍ਹ ਕੇ ਨਹੀਂ ਚੱਲ ਰਹੇ ਪਰ ਉਨ੍ਹਾਂ ਦੇ ਮਿਲ ਰਹੇ ਹੁੰਗਾਰੇ ਤੋਂ ਇੰਜ ਜਾਪ ਰਿਹਾ ਹੈ ਕਿ ਆਉਂਦੇ ਦਿਨਾਂ ਵਿਚ ਉਨ੍ਹਾਂ ਨਾਲ ਕਈ ਅਕਾਲੀ ਆਗੂ ਖੁੱਲ੍ਹ ਕੇ ਚੱਲਣਗੇ।

## ਸਿੱਖਾਂ ਦੀ ਗਿਣਤੀ 63 ਫ਼ੀਸਦੀ ਤੋਂ

ਉਨ੍ਹਾਂ ਨੂੰ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਰਾਜ ਦੀ 'ਆਪ' ਸਰਕਾਰ ਨਾਲ ਗਿਲਾ ਕਰਦੇ ਹੋਏ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਕੋਲੋਂ ਸੂਬੇ ਵਿਚ ਕੰਮ ਕਰ ਰਹੇ ਇਸਾਈ ਪ੍ਰਚਾਰਕਾਂ ਅਤੇ ਬਣੇ ਨਵੇਂ ਗਿਰਜਾਘਰਾਂ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਮੰਗੀ ਜਾ ਰਹੀ ਹੈ ਪਰ ਅਜੇ ਤੱਕ ਉਨ੍ਹਾਂ ਕੋਈ ਵੀ ਅਜਿਹੀ ਰਿਪੋਰਟ ਨਹੀਂ ਸੌਂਪੀ ਗਈ। ਹਾਲਾਂਕਿ ਉਨ੍ਹਾਂ ਕਿਹਾ ਕਿ ਨਵੇਂ ਗਿਰਜਾਘਰ ਖੋਲ੍ਹਣੇ ਕੋਈ ਚਿੰਤਾ ਦਾ ਵਿਸ਼ਾ ਨਹੀਂ ਹੈ ਪਰ ਜਬਰੀ ਧਰਮ ਪਰਿਵਰਤਨ ਨਹੀਂ ਹੋਣਾ ਚਾਹੀਦਾ, ਜਿਸ ਨੂੰ ਰੋਕਣ ਲਈ ਕੌਮੀ ਪੱਧਰ 'ਤੇ ਸਖ਼ਤ ਕਾਨੂੰਨ ਬਣਾਏ ਜਾਣ ਦੀ ਲੋੜ ਹੈ।

***

## ਇੰਦਰਾ ਗਾਂਧੀ ਨੇ 'ਸ਼ਾਂਤੀ ਆਪ੍ਰੇਸ਼ਨ'

ਪੰਜਾਬੀਆਂ ਨੂੰ ਇਨਸਾਫ਼ ਨਹੀਂ ਦਿੱਤਾ ਜਾ ਰਿਹਾ। ਬਲਕਿ ਗੈਰ ਇਨਸਾਨੀਅਤ ਅਤਿ ਨੀਵੇਂ ਦਰਜੇ ਦੀਆਂ ਸ਼ਰਮਨਾਕ ਸਾਜ਼ਿਸ਼ਾਂ ਰਚਕੇ ਮਨੁੱਖਤਾ ਦਾ ਘਾਣ ਕਰਨ ਵਿਚ ਵਿਸ਼ਵਾਸ ਰੱਖਦੇ ਹਨ । ਜਦੋਂਕਿ ਸਿੱਖ ਕੌਮ ਨੇ ਆਪਣੇ ਮਨੁੱਖਤਾ ਪੱਖੀ ਉੱਦਮਾਂ ਸਦਕਾ ਕੇਵਲ ਪੰਜਾਬ, ਇੰਡੀਆ ਦੇ ਦੂਸਰੇ ਸੂਬਿਆਂ ਵਿਚ ਹੀ ਨਹੀਂ ਬਲਕਿ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਮੁਲਕਾਂ ਵਿਚ ਫੈਲਣ ਵਾਲੀਆਂ ਮਹਾਂਮਾਰੀਆਂ, ਜੰਗਾਂ-ਯੁੱਧਾਂ, ਹੜ੍ਹਾਂ-ਤੂਫ਼ਾਨ, ਭੂਚਾਲ ਆਦਿ ਕੁਦਰਤੀ ਆਫ਼ਤਾਂ ਸਮੇਂ ਸੇਵਾ ਭਾਵਨਾ ਨਾਲ ਮਨੁੱਖਤਾ ਲਈ ਕੰਮ ਕਰਨ ਵਾਲੀ ਸਿੱਖ ਕੌਮ ਦਾ ਤੇ ਪੰਜਾਬੀਆਂ ਦਾ ਬੀਜ ਨਾਸ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਆ ਰਹੇ ਹਨ।

ਸ. ਟਿਵਾਣਾ ਨੇ ਸਮੁੱਚੇ ਪੰਜਾਬੀਆਂ ਅਤੇ ਸਿੱਖ ਕੌਮ ਨੂੰ ਹੀ ਨਹੀਂ ਬਲਕਿ ਜਮਹੂਰੀਅਤ ਪਸੰਦ ਵੱਡੇ ਮੁਲਕਾਂ ਯੂ.ਐਨ.ਓ, ਅਮਨੈਸਟੀ ਇੰਟਰਨੈਸ਼ਨਲ, ਏਸ਼ੀਆ ਵਾਚ ਹਿਊਮਨਰਾਈਟਸ, ਕੌਮਾਂਤਰੀ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਅਤੇ ਇੱਥੇ ਵੱਸਣ ਵਾਲੇ ਸਭ ਕੌਮਾਂ, ਵਰਗਾਂ ਨਾਲ ਸੰਬੰਧਿਤ ਇਨਸਾਨੀ ਕਦਰਾਂ-ਕੀਮਤਾਂ ਉੱਤੇ ਪਹਿਰਾ ਦੇਣ ਵਾਲੀਆ ਅਤੇ ਅਮਨ-ਚੈਨ ਦੀ ਚਾਹਨਾਂ ਕਰਨ ਵਾਲੀਆਂ ਸ਼ਖ਼ਸੀਅਤਾਂ ਤੇ ਆਤਮਾਵਾਂ ਨੂੰ ਇਸ ਗੱਲੋਂ ਕਿ ਮੌਜੂਦਾ ਇੰਡੀਆ ਉੱਤੇ ਹਕੂਮਤ ਕਰ ਰਹੀਆਂ ਮੁਤੱਸਵੀ ਜਮਾਤਾਂ ਬੀਜੇਪੀ-ਆਰ.ਐਸ.ਐਸ. ਅਤੇ ਮੋਦੀ ਹਕੂਮਤ ਵੀ ਉਸ 'ਸ਼ਾਂਤੀ ਆਪ੍ਰੇਸ਼ਨ' ਦੀ ਬੀਤੇ ਸਮੇਂ ਵਿਚ ਮਰਹੂਮ ਇੰਦਰਾ ਗਾਂਧੀ ਤੇ ਏਜੰਸੀਆਂ ਵੱਲੋਂ ਰਚੀ ਸਾਜ਼ਿਸ਼ ਉੱਤੇ ਅੱਜ ਵੀ ਅਮਲੀ ਰੂਪ ਦੇਣ ਲਈ ਵੱਡੀ ਸੂਖਮਤਾ ਨਾਲ ਕੰਮ ਕਰ ਰਹੇ ਹਨ, ਸੰਬੰਧੀ ਸੁਚੇਤ ਕਰਦੇ ਹੋਏ ਅਤੇ ਕਿਸੇ ਸਮੇਂ ਵੀ ਇਹ 'ਹਿੰਦੂਤਵ ਰਾਸ਼ਟਰ' ਕਾਇਮ ਕਰਨ ਦੀ ਸੋਚ ਰੱਖਣ ਵਾਲੇ ਅਤੇ ਇੱਥੇ ਵੱਖ-ਵੱਖ ਕੌਮਾਂ, ਧਰਮਾਂ, ਫ਼ਿਰਕਿਆਂ, ਵਰਗਾਂ ਦੇ ਨਿਵਾਸੀਆਂ ਨੂੰ ਜਬਰੀ 'ਹਿੰਦੂ' ਗਰਦਾਨਣ ਵਾਲੇ ਹੁਕਮਰਾਨ ਉਸੇ ਸਾਜ਼ਿਸ਼ ਨੂੰ ਅਮਲੀ ਰੂਪ ਦੇ ਕੇ ਪੰਜਾਬੀਆਂ ਤੇ ਸਿੱਖ ਕੌਮ ਉੱਤੇ ਜੰਗ ਦੇ ਬਹਾਨੇ ਬੰਬਾਰਮੈਂਟ ਕਰਕੇ ਪੂਰਨ ਰੂਪ ਵਿਚ ਨਸਲੀ ਸਫ਼ਾਈ ਕਰਨ ਦਾ ਵੱਡਾ ਕਾਨੂੰਨੀ, ਇਨਸਾਨੀਅਤ ਵਿਰੋਧੀ ਅਮਲ ਕਰ ਸਕਦੇ ਹਨ । ਜਿਸ ਤੋਂ ਸਮੁੱਚੇ ਮੁਲਕਾਂ ਵਿਚ ਵਿਚਰ ਰਹੇ ਪੰਜਾਬੀਆਂ, ਸਿੱਖ ਕੌਮ, ਸਿੱਖ ਵਿਦਵਾਨਾਂ, ਚਿੰਤਕਾਂ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲੀਆ ਸਭ ਧਰਮਾਂ ਦੀਆਂ ਸ਼ਖ਼ਸੀਅਤਾਂ ਨੂੰ ਇਸ ਆਉਣ ਵਾਲੇ ਸਮੇਂ ਦੇ ਵੱਡੇ ਖ਼ਤਰੇ ਨੂੰ ਭਾਂਪਦਿਆਂ ਅਤੇ ਉਸਨੂੰ ਹਰ ਕੀਮਤ ਤੇ ਰੋਕਣ ਲਈ ਕੌਮਾਂਤਰੀ ਪੱਧਰ 'ਤੇ ਆਪਣੇ ਉੱਦਮ ਕਰਨੇ ਚਾਹੀਦੇ ਹਨ। ਸ. ਟਿਵਾਣਾ ਨੇ ਉਮੀਦ ਪ੍ਰਗਟ ਕੀਤੀ ਕਿ ਸਿੱਖ ਕੌਮ ਤੇ ਪੰਜਾਬੀਆਂ ਨਾਲ ਸੰਬੰਧਿਤ ਸੰਸਾਰ ਵਿਚ ਵੱਸਦੇ ਬੁੱਧੀਜੀਵੀ, ਵਿਦਵਾਨ ਹੁਕਮਰਾਨਾਂ ਦੀ ਇਸ ਖ਼ਤਰਨਾਕ ਖੇਡ ਤੋਂ ਹਰ ਪਲ ਸੁਚੇਤ ਵੀ ਰਹਿਣਗੇ। ਪੰਜਾਬੀਆਂ ਅਤੇ ਸਿੱਖ ਕੌਮ ਦੀ ਨਸਲੀ ਸਫ਼ਾਈ ਕਰਨ ਦੀ ਹਕੂਮਤੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦੇਣਗੇ।

***

## ਮੈਨੂੰ 9 ਦਸੰਬਰ ਦੀ ਰੇਲ ਹੜਤਾਲ

ਚੁੱਕੇ ਹਨ ਤੇ ਉਹ 9 ਦਸੰਬਰ ਨੂੰ ਹੜਤਾਲ 'ਤੇ ਜਾਣ ਲਈ ਬਜ਼ਿੱਦ ਹਨ ਪ੍ਰੰਤੂ ਬਾਈਡਨ ਨੂੰ ਪੂਰਾ ਭਰੋਸਾ ਹੈ ਕਿ ਬਿੱਲ ਪਾਸ ਹੋ ਜਾਣ 'ਤੇ ਹੜਤਾਲ ਨਹੀਂ ਹੋਵੇਗੀ। ਇਥੇ ਵਰਣਨਯੋਗ ਹੈ ਕਿ ਜੇਕਰ ਰੇਲ ਹੜਤਾਲ ਨਹੀਂ ਰੋਕੀ ਜਾਂਦੀ ਤਾਂ ਗੈਸ ਤੇ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਵਿਚ ਉਛਾਲ ਆ ਸਕਦਾ ਹੈ ਜਿਸ ਕਾਰਨ ਪਹਿਲਾਂ ਤੋਂ ਹੀ ਮਹਿੰਗਾਈ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਨਵੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਾਸ਼ਟਰਪਤੀ ਕਿਸੇ ਵੀ ਹਾਲਤ ਵਿਚ ਅਜਿਹਾ ਨਾ ਹੋਣ ਦੇਣ ਲਈ ਯਤਨਸ਼ੀਲ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਦੇ ਯਤਨਾਂ ਸਦਕਾ ਹੀ ਸਤੰਬਰ ਵਿਚ ਆਰਜੀ ਸਮਝੌਤਾ ਸਿਰੇ ਚੜ੍ਹਿਆ ਸੀ।

***

## ਕੈਲੀਫੋਰਨੀਆ 'ਚ ਪਰਿਵਾਰ

ਵਿਚ ਜਾ ਰਿਹਾ ਸੀ। ਬਿਆਨ ਅਨੁਸਾਰ ਸੈਨ ਬਰਨਰਡੀਨੋ ਕਾਊਂਟੀ ਦੇ ਪੁਲਿਸ ਅਫਸਰਾਂ ਨੇ ਐਡਵਰਡਜ ਨੂੰ ਰੋਕਣ ਦਾ ਯਤਨ ਕੀਤਾ ਪਰ ਉਸ ਨੇ ਰੁਕਣ ਦੀ ਬਜਾਏ ਪੁਲਿਸ ਤੇ ਗੋਲੀਆਂ ਚਲਾਈਆਂ। ਪੁਲਿਸ ਅਫਸਰਾਂ ਦੀ ਜਵਾਬੀ ਕਾਰਵਾਈ ਵਿਚ ਐਡਵਰਡਜ ਮਾਰਿਆ ਗਿਆ। ਨਾਬਾਲਗ ਕੁੜੀ ਇਸ ਸਮੇਂ ਰਿਵਰਸਾਈਡ ਕਾਊਂਟੀ ਵਿਭਾਗ ਦੀ ਪਬਲਿਕ ਸੋਸ਼ਲ ਸਰਵਿਸ ਕੋਲ ਸੁਰੱਖਿਅਤ ਹੈ। ਪੁਲਿਸ ਨੇ ਪਰਿਵਾਰਕ ਮੈਂਬਰਾਂ ਦੀ ਮੌਤ ਦੇ ਅਸਲ ਕਾਰਨ ਤੇ ਢੰਗ-ਤਰੀਕੇ ਬਾਰੇ ਅਜੇ ਖੁਲਾਸਾ ਨਹੀਂ ਕੀਤਾ ਹੈ।

## ਹਥਿਆਰਾਂ ਦੀ ਸਰਕਾਰੀ ਪਾਲਸੀ...

ਵੀ ਸਮੀਖਿਆ ਦੇ ਨਾਂ 'ਤੇ ਸਿਆਸਤ ਨਹੀਂ ਹੋਣੀ ਚਾਹੀਦੀ। ਸੂਬੇ ਵਿਚ ਜਿਵੇਂ ਵੱਡੇ ਪੱਧਰ 'ਤੇ ਫਿਰੌਤੀਆਂ ਲਈ ਕਾਲਾਂ ਆਉਣ ਦੀ ਚਰਚਾ ਹੈ ਅਤੇ ਆਪਣੀ ਜਾਨ ਤੇ ਮਾਲ ਦੀ ਰਾਖੀ ਦਾ ਜਿਵੇਂ ਹਰ ਨਾਗਰਿਕ ਨੂੰ ਹੱਕ ਹੈ ਤੇ ਸਰਕਾਰ ਲਈ ਹਰ ਨਾਗਰਿਕ ਲਈ ਪੁਲਿਸ ਸੁਰੱਖਿਆ ਪ੍ਰਦਾਨ ਕਰਨੀ ਸੰਭਵ ਵੀ ਨਹੀਂ, ਤਾਂ ਉਸ ਹਾਲਾਤ ਵਿਚ ਸਰਕਾਰ ਲਈ ਅਜਿਹੀ ਨੀਤੀ ਅਪਣਾਉਣੀ ਜ਼ਰੂਰੀ ਹੋਵੇਗੀ ਕਿ ਲੋਕਾਂ ਵਿਚਲਾ ਮੌਜੂਦਾ ਦਹਿਸ਼ਤ ਦਾ ਮਾਹੌਲ ਹੋਰ ਤਿੱਖਾ ਨਾ ਹੋਵੇ ਅਤੇ ਸੂਬੇ ਦੀ ਅਮਨ ਕਾਨੂੰਨ ਦੀ ਸਥਿਤੀ 'ਚ ਵੀ ਸੁਧਾਰ ਹੋਵੇ।

**ਬੰਦੂਕ ਸਭਿਆਚਾਰ : ਮੋਗਾ ਪੁਲਿਸ ਵੱਲੋਂ 700 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫ਼ਾਰਸ਼**

ਮੋਗਾ ਪੁਲਿਸ ਵੱਲੋਂ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਲਗਭਗ 700 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਤਕਰੀਬਨ 24 ਹਜ਼ਾਰ ਤੋਂ ਵੱਧ ਅਸਲਾਧਾਰਕਾਂ ਦੀ ਪੜਤਾਲ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ, ਜਿਸ ਤਹਿਤ ਮੁੱਢਲੀ ਪੜਤਾਲ ਵਿੱਚ 700 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 321 ਅਸਲਾ ਲਾਇਸੈਂਸਧਾਰਕਾਂ ਖ਼ਿਲਾਫ਼ ਅਸਲੇ ਦੀ ਦੁਰਵਰਤੋਂ ਕਰਨ ਸਬੰਧੀ ਕੇਸ ਦਰਜ ਸਨ ਤੇ 360 ਦਾ ਅਸਲਾ ਮੱਦੇ ਅਮਾਨਤ ਵੱਖ-ਵੱਖ ਥਾਣਿਆਂ ਵਿੱਚ ਜਮਾਂ ਹੈ। ਇਸ ਤੋਂ ਇਲਾਵਾ ਫ਼ਰਜ਼ੀ ਪਤਾ ਦੱਸ ਕੇ ਲਾਇਸੈਂਸ ਬਣਵਾਉਣ ਵਾਲਿਆਂ ਅਤੇ ਹਥਿਆਰ ਜਮਾਂ ਨਾ ਕਰਨ ਵਾਲਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਜ਼ਿਲ੍ਹਾ ਮੈਜਿਸਟ੍ਰੇਟ ਕੁਲਵੰਤ ਸਿੰਘ ਨੇ ਦੱਸਿਆ ਕਿ 15 ਅਸਲਾ ਲਾਇਸੈਂਸ ਰੱਦ ਅਤੇ 360 ਲਾਇਸੈਂਸ ਮੁਅੱਤਲ ਕੀਤੇ ਜਾ ਚੁੱਕੇ ਹਨ। ਬਾਕੀ 306 ਅਸਲਾ ਲਾਇਸੈਂਸਾਂ ਨੂੰ ਕੈਂਸਲ ਕਰਨ ਸਬੰਧੀ ਕਾਰਵਾਈ ਜਾਰੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਗੰਨ ਕਲਚਰ ਨੂੰ ਨੱਥ ਪਾਉਣ ਲਈ 13 ਨਵੰਬਰ ਨੂੰ ਜਨਤਕ ਤੌਰ 'ਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਅਤੇ ਸੋਸ਼ਲ ਮੀਡੀਆ 'ਤੇ ਹਥਿਆਰਾਂ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਪੋਸਟਾਂ ਪਾਉਣ ਅਤੇ ਗੀਤਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਦੇ ਨਾਲ ਹੀ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰ ਕੇ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ।

***

## 'ਖਵਾਜਾ ਫ਼ਰਦ ਫ਼ਕੀਰ'

ਬਾਹਰ ਬਾਨਾ ਸੂਫ਼ੀਆਂ ਅੰਦਰ ਦਗਾ ਕਮਾਏ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।
ਜਾਂ ਅੱਗੇ ਹੋਰ ਕਹਿੰਦਾ ਹੈ :
ਮੀਮ ਮੀਮੋ ਮੂਲ ਵਿਕਾਉਂਦੀ ਅੱਜ ਫ਼ਕੀਰੀ ਹੱਟ।
ਇਕ ਪੈਸੇ ਦੀ ਉਨ ਲੈ ਗਲ਼ ਨੂੰ ਸੇਹਲੀ ਵੱਟ।
ਗਿਰੀ ਰੰਗ ਲੈ ਕੱਪੜੇ ਖੋਲ੍ਹ ਸਿਰੇ ਦੇ ਵਾਲ਼।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਫ਼ਕੀਰੀ ਅੱਜ ਹੱਟੀਆਂ ਤੇ ਮੁੱਲ ਵਿਕਦੀ ਹੈ। ਇਕ ਪੈਸੇ ਦੀ ਉਨ ਲੈ ਸੇਲੀ ਵਟ ਕੇ ਗਲੇ ਦੁਆਲੇ ਬੰਨ੍ਹ ਲੈ। ਗੇਰੂ ਰੰਗ ਦੇ ਕੱਪੜੇ ਪਾ ਕੇ ਸਿਰ ਦੇ ਵਾਲ਼ ਖੋਲ੍ਹ ਲੈ। ਪਰ ਇਸ ਭੇਖ ਦਾ ਹਿਸਾਬ ਉਹ ਸੱਚਾ ਰੱਬ ਲਵੇਗਾ।

ਫ਼ਰਦ ਦੇ ਜਮਾਨੇ ਵਿਚ ਕਲਾ ਦਾ ਵਿਕਾਸ ਨਹੀਂ ਹੋਇਆ। ਔਰੰਗਜੇਬ ਦੀ 1707 ਵਿਚ ਮੌਤ ਹੋਈ ਤਾਂ ਪੰਜਾਬ ਵਿਚ 1739-1770 ਤੱਕ ਰਾਜਨੀਕਤ ਉਥਲ ਪੁਥਲ ਰਹੀ। ਨਾਦਰ ਦੇ 1739 ਅਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ 1748 ਵਿਚ ਸ਼ੁਰੂ ਹੋਏ। ਦਿੱਲੀ ਦੇ ਤਖਤ ਦੇ ਮੁਗਲ ਅਤੇ ਦੁਰਾਨੀ ਰਾਜਗੱਦੀ ਲਈ ਸੰਘਰਸ਼ ਕਰ ਰਹੇ ਸਨ। ਇਸ ਤਰ੍ਹਾਂ ਅਰਾਜਕਤਾ ਫੈਲ ਗਈ। ਇਸ ਸਮੇਂ ਸਿੱਖਾਂ ਕੋਲ ਆਪਣੀ ਤਾਕਤ ਵਧਾਉਣ ਦਾ ਸੁਨਹਿਰੀ ਮੌਕਾ ਸੀ। ਉਹ ਸ਼ਾਸਕਾਂ ਲਈ ਵੱਡੀ ਚੁਣੌਤੀ ਸਨ। ਮਰਾਠਾ ਅਤੇ ਦੁਰਾਨੀ ਦੀਆਂ ਝੜਪਾਂ ਜਾਰੀ ਸਨ। ਮਰਾਠੇ 1761 ਵਿਚ ਹਾਰ ਗਏ। ਹੁਣ ਮੁਕਾਬਲਾ ਕਮਜ਼ੋਰ ਹੋ ਰਹੇ ਦੁਰਾਨੀਆਂ ਅਤੇ ਚੜ੍ਹਦੀ ਕਲਾ ਵਾਲੇ ਸਿੱਖਾਂ ਵਿਚਕਾਰ ਸੀ। ਸੰਨ 1770 ਵਿਚ ਸਿੱਖਾਂ ਦਾ ਪੰਜਾਬ ਤੇ ਕਬਜਾ ਹੋ ਗਿਆ। ਕੁਝ ਹੀ ਸਾਲਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਸਥਾਪਤ ਹੋ ਗਿਆ ਜੋ 12 ਅਪ੍ਰੈਲ 1801 ਤੋਂ 27 ਜੂਨ 1839 ਤੱਕ ਰਿਹਾ।

ਅਜਿਹੇ ਅਸ਼ਾਂਤ ਸਮੇਂ ਵਿਚ ਜਦ ਸਿੱਖ ਰਾਜ ਤੋਂ ਪਹਿਲਾਂ ਵੱਖ ਵੱਖ ਦਾਅਵੇਦਾਰਾਂ ਵਲੋਂ ਰਾਜਗੱਦੀ ਲਈ ਸੰਘਰਸ਼ ਚਲਦੇ ਰਹੇ ਤਾਂ ਕਲਾ ਦਾ ਵਿਕਾਸ ਨਹੀਂ ਹੋ ਸਕਿਆ। ਵੱਖ ਵੱਖ ਭਾਈਚਾਰਿਆਂ ਵਿਚ ਸਹਿਣਸ਼ੀਲਤਾ ਦੀ ਘਾਟ ਸੀ। ਆਪਸੀ ਸਾਂਝੀਵਾਲਤਾ ਨੂੰ ਠੇਸ ਪਹੁੰਚੀ ਸੀ। ਅਜਿਹੇ ਅਨਿਸਚਿਤ ਸਮੇਂ ਵਿਚ ਵੱਖ ਵੱਖ ਪੀਰਾਂ ਵਲੋਂ ਪ੍ਰਚਾਰ ਕੀਤਾ ਗਿਆ। ਉਨ੍ਹਾਂ ਨੇ ਆਪਣੇ ਬਚਾਅ ਲਈ ਯਤਨ ਵੀ ਕੀਤੇ। ਸੂਫ਼ੀਵਾਦ ਪ੍ਰਸਿੱਧ ਹੋਇਆ ਜਿਸ ਨੇ ਲੋਕਾਂ ਵਿਚ ਮੁੜ ਉਤਸ਼ਾਹ ਭਰਿਆ। ਫਰਦ ਦੀ ਵੱਡੀ ਭੂਮਿਕਾ ਰਹੀ ਹੈ। ਫਰਦ ਨੂੰ ਅਰਬੀ ਫਾਰਸੀ ਅਤੇ ਆਇਤਾਂ ਦਾ ਵੱਡਾ ਗਿਆਨ ਸੀ। ਉਹ ਪੰਜਾਬੀ ਨੂੰ ਹਿੰਦੀ ਸਮਝਦਾ ਰਿਹਾ ਕਿ ਉਸ ਦੇ ਧਿਆਨ ਵਿਚ ਕਿ ਇਹ ਹਿੰਦੁਸਤਾਨ ਦੀ ਭਾਸ਼ਾ ਹੈ। ਕਸਬ-ਨਾਮਾ ਬਕਫੰਗਦੀ ਵਿਚ ਲਿਖਦਾ ਹੈ ਕਿ :

ਨਸਰ ਫਾਰਸੀ ਨੂੰ ਛੱਡ ਅਸਾਂ ਨੇ,
ਹਿੰਦੀ ਨਜ਼ਮ ਬਣਾਇਆ।

ਉਸ ਦੀ ਪੰਜਾਬੀ ਕਵਿਤਾ ਵਿਚ ਹਾਵ ਭਾਵ ਵਿਚਾਰ ਉੱਚੇ ਅਤੇ ਰਚਨਾਤਮਕ ਹਨ, ਪਰ ਉਸ ਵਿਚ ਪੇਂਡੂ ਪੰਜਾਬੀ ਲਹਿਜੇ ਦੀ ਮਿਠਾਸ ਘੱਟ ਹੈ, ਲੈਅ ਦੀ ਕਮੀ ਹੈ।

ਫਰਦ ਦੀ ਸੂਫ਼ੀ ਵਿਚਾਰਾਂ ਵਿਚ ਪ੍ਰੱਪਕਤਾ ਹੈ। ਸੀਹਰਫ਼ੀ ਨਸੀਹਤ ਵਿਚ ਇਲਮ ਨੂੰ ਮੁੱਲ ਨਾ ਵੇਚਣ ਦੀ ਨਸੀਹਤ ਕਰਦਾ ਲਿਖਦਾ ਹੈ :

ਜਾਲ਼ ਜ਼ਿਕਰ ਖੁਦਾਇਦਾ ਨਾ ਕਰ ਜ਼ਾਹਿਰ ਖਲਕ ਦਿਖਾਇ।
ਅੰਦਰ ਕਰ ਤੂੰ ਬੰਦਗੀ, ਬਾਹਰ ਪਰਦਾ ਪਾਇ।
ਮੁੱਲ ਨਾ ਵੇਚੀਂ ਇਲਮ ਨੂੰ, ਨਾ ਕਰ ਕਿਸੇ ਸਵਾਲ।
ਫਰਦਾ ਲੇਖਾ ਲੈਸੀਆ, ਰੱਬ ਕਾਦਿਰ ਜਲ ਜਲਾਲ।

ਗਿਆਨ ਤਾਂ ਹੀ ਕਲਿਆਣਕਾਰੀ ਹੈ ਜੇ ਇਸ ਵਿਚ ਅਮਲ ਸ਼ਾਮਲ ਹੋਵੇ। ਇਲਮ ਤੇ ਅਮਲ ਦਾ ਨੇੜੇ ਦਾ ਵਾਸਤਾ ਹੋਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਫਰਦ ਕਹਿੰਦਾ ਹੈ ਕਿ :

ਸੀਨ ਸੁਣਾਵੇ ਖਲਕ ਨੂੰ ਕਰ ਕਰ ਮਸਲੇ ਰੋਜ਼।
ਲੋਕਾਂ ਦਏਂ ਨਸੀਹਤਾਂ ਅੰਦਰ ਤੇਰੇ ਚੋਰ।
ਕੀ ਹੋਇਆ ਜੇ ਲੱਦਿਆਂ ਗੱਧਾ ਕਿਤਾਬਾਂ ਨਾਲ।
ਫਰਦਾ ਲੇਖਾ ਲੈਸੀਆਂ ਰੱਬ ਕਾਦਰ ਜਲ ਜਲਾਲ।

ਉਹ ਅੰਧਵਿਸ਼ਵਾਸ਼ ਵਿਚ ਪੰਡਿਤਾਂ ਦੇ ਗਿਆਨ ਦੇ ਗਿਆਨ ਤੇ ਵਿਅੰਗ ਕਰਦਾ ਹੈ :

ਮੈਂ ਵੇਦੀ ਪਾਸ ਪੜੋਸਨ ਨਿੱਤ ਪੁੱਛਦੀ ਪੰਡਿਤ ਜੋਤਸ਼ੀ

ਜਾਂ ਫਿਰ ਅੱਗੇ ਗੱਲ ਤੋਰਦਾ ਹੈ :

ਰਹੀ ਢੂੰਡ ਕਿਤਾਬਾਂ ਫੋਲ ਕੇ ਸਬ ਪੋਥੀ ਪੰਡਿਤ ਖੋਲ੍ਹ ਕੇ।

ਕਿ ਮੈਂ ਗਿਆਨ ਪ੍ਰਾਪਤ ਕਰਨ ਲਈ ਸਭ ਪੋਥੀਆਂ ਪੰਡਿਤਾਂ ਦੀ ਫੋਲ ਥੱਕੀ ਹਾਂ। ਪਰ ਸੂਫ਼ੀ ਦੀ ਵਿਚਾਰਧਾਰਾ ਵਿਚ ਰੱਬ ਨੂੰ ਪਾਉਣ ਦਾ ਕਿਆਸ ਹੈ। ਰੱਬ ਸੱਚੀ ਸ਼ਰਧਾ ਨਾਲ ਮਿਲਦਾ ਹੇ। ਪਾਖੰਡ ਨਾਲ ਨਹੀਂ।

ਅੱਜ ਹੋਵਣ ਲੇਫ਼ ਨਿਹਾਲੀਆਂ।
ਕੋਈ ਨੇਅਮਤ ਭਰੀਆਂ ਥਾਲੀਆਂ।
ਬਹਿ ਨਾਲ ਪਿਆਰੇ ਖਾਵੀਏ।
ਹੋਰ ਮੁਸਕ ਗਲਾਬ ਲਗਾਵੀਏ।
ਜੇ ਭਾਗ ਨਾ ਹੋਵਣ ਆਪਣੇ
ਤਦ ਕਾਹਨੂੰ ਬਾਤ ਚਿਤਾਰਦੀ।

ਉਸ ਦੀ ਰਚਨਾ ਵਿਚ ਸਮਾਜਿਕ ਚੇਤਨਾ ਦੀ ਚਿਣਗ ਵੀ ਪ੍ਰਤੱਖ ਦਿਖਾਈ ਦਿੰਦੀ ਹੈ। ਐਸ਼-ਆਰਾਮ ਕਰਨ ਵਾਲੀ ਹਾਕਮ ਜਮਾਤ ਨੂੰ ਨਿੰਦਦਿਆਂ ਫਰਦ ਫਕੀਰ ਕਾਮਿਆਂ ਅਤੇ ਕਸਬੀਆਂ ਦਾ ਪੱਖ ਪੂਰਦਾ ਹੈ :

ਹਾਕਮ ਹੋ ਕੇ ਬਹਿਣ ਗਲੀਚੇ ਬਹੁਤਾ ਜ਼ੁਲਮ ਕਮਾਂਦੇ।
ਮਿਹਨਤੀਆਂ ਨੂੰ ਕੰਮੀ ਆਖਣ ਖੂਨ ਉਨ੍ਹਾਂ ਦਾ ਖਾਂਦੇ।
ਪਕੜ ਵਗਾਰੀ ਲੈ ਲੈ ਜਾਵਣ, ਖੌਫ਼ ਖੁਦਾ ਦਾ ਨਾਹੀ।
ਫਰਦ ਫਕੀਰ ਦਰਦਮੰਦਾਂ ਦੀਆ ਪੋਸਨ ਆਹੀ।
ਕਾਸਬੀਆਂ ਨੂੰ ਮਿਹਰ ਮੁਕੱਦਮ, ਜਬਰਨ ਚੱਟੀ ਪਾਂਦੇ।
ਭਾਰ ਗਰੀਬਾਂ ਦਾ ਸਿਰ ਲੈ ਕੇ ਆਪੇ ਦੋਜ਼ਖ ਜਾਂਦੇ।

ਜਿੱਥੇ ਉੱਚੇ ਕਿਰਤੀਆਂ ਅਤੇ ਕਾਮਿਆਂ ਨੂੰ ਸਲਾਹੁੰਦਿਆਂ ਉਨ੍ਹਾਂ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ ਹੈ, ਉੱਥੇ ਅਖੌਤੀ ਵਰਗ ਨੂੰ ਨਿੰਦਿਆ ਵੀ ਹੈ।

ਤਾਣੀ ਮਣਕੇ ਭਿਉਂ ਪਾਣੀ ਵਿਚ ਕਲਮਾਂ ਆਖ ਜਬਾਨੋ।
ਇਹ ਚੰਗਾ ਕਸਬ ਹਲਾਲ ਵਜਾ ਦਾ ਸਿੱਖੋ ਮੁਸਲਮਾਨੋ।

ਫਰਦ ਦੀਆਂ ਰਚਨਾਵਾਂ ਕਈ ਨਿੱਜੀ ਤੌਰ 'ਤੇ ਪਾਠਕਾਂ ਕੋਲ ਹਨ ਅਤੇ ਕਈ ਸੰਸਕਰਣ ਲਾਇਬ੍ਰੇਰੀਆਂ ਵਿਚ ਉਪਲਬਧ ਹਨ। ਉਸ ਦਾ ਕਾਵਿ ਸਾਹਿਤ ਵਿਚ ਉਪਯੋਗੀ ਹੈ।

***

## ਰਾਜਸਥਾਨ 'ਚ 'ਕੁਰਸੀ' ਵਾਸਤੇ ਕਾਂਗਰਸੀਆਂ...

ਗਹਿਲੋਤ ਦੇ ਹਮਾਇਤੀਆਂ ਨੇ ਕਾਂਗਰਸ ਹਾਈਕਮਾਂਡ ਦੇ ਆਦੇਸ਼ ਨੂੰ ਸਵੀਕਾਰ ਨਾ ਕੀਤਾ ਅਤੇ ਉਸ (ਗਹਿਲੋਤ) ਨੇ ਕਾਂਗਰਸ ਪ੍ਰਧਾਨ ਦੀ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ; ਉਸ ਵੇਲੇ ਤੋਂ ਹੀ ਰਾਜਸਥਾਨ 'ਵਿਚ ਤਣਾਅ ਬਣਿਆ ਹੋਇਆ ਹੈ ਤੇ ਹੁਣ ਇਸ ਸ਼ਬਦੀ ਜੰਗ ਕਾਰਨ ਦੋਵਾਂ ਧਿਰਾਂ ਦੇ ਤਿੱਖੇ ਮਤਭੇਦ ਸਾਹਮਣੇ ਆ ਗਏ। ਸਪਸ਼ਟ ਹੈ ਕਿ ਪਾਰਟੀ ਹਾਈਕਮਾਂਡ ਨੇ ਇਕ ਵਾਰ ਫਿਰ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਮਲਿਕਾਰਜੁਨ ਖੜਗੇ ਕਾਂਗਰਸ ਦਾ ਕੁਲਵਕਤੀ ਪ੍ਰਧਾਨ ਤਾਂ ਹੈ ਪਰ ਉਹ ਜ਼ਮੀਨੀ ਪੱਧਰ 'ਤੇ ਹਾਲਾਤ 'ਚ ਬਹੁਤੀ ਤਬਦੀਲੀ ਲਿਆਉਣ ਵਿਚ ਸਫਲ ਨਹੀਂ ਹੋ ਸਕਿਆ। ਗਾਂਧੀ ਪਰਿਵਾਰ ਹੁਣ ਪਾਰਟੀ ਮਾਮਲਿਆਂ 'ਵਿਚ ਸਿੱਧਾ ਦਖ਼ਲ ਨਹੀਂ ਦੇ ਰਿਹਾ ਪਰ ਗਹਿਲੋਤ ਵਰਗੇ ਵੱਡੇ ਖੇਤਰੀ ਜਾਂ ਪਾਇਲਟ ਵਰਗੇ ਨੌਜਵਾਨ ਆਗੂਆਂ ਦੇ ਮਾਮਲੇ 'ਚ ਖੜਗੇ ਆਪਣੇ ਅਖ਼ਤਿਆਰਾਂ ਦੀ ਤਾਕਤ ਦਿਖਾਉਣ 'ਚ ਨਾਕਾਮ ਰਿਹਾ ਹੈ।

ਰਾਜਸਥਾਨ ਵਿਚ ਚੱਲ ਰਹੀ ਇਹ ਖਿੱਚੋਤਾਣ ਗੁਜਰਾਤ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਵਰਕਰਾਂ ਦੇ ਹੌਸਲੇ ਨੂੰ ਢਾਹ ਲਾ ਸਕਦੀ ਹੈ, ਇਹ ਚੋਣਾਂ ਖੜਗੇ ਦੀ ਅਗਵਾਈ ਹੇਠ ਪਾਰਟੀ ਦੀ ਪਹਿਲੀ ਵੱਡੀ ਪਰਖ ਹਨ। ਸਭ ਤੋਂ ਪੁਰਾਣੀ ਇਹ ਪਾਰਟੀ ਇਸ ਵੇਲੇ ਆਪਣੇ ਬਲਬੂਤੇ 'ਤੇ ਕੇਵਲ ਰਾਜਸਥਾਨ ਅਤੇ ਛੱਤੀਸਗੜ੍ਹ 'ਚ ਹੀ ਸੱਤਾ 'ਤੇ ਕਾਬਜ਼ ਹੈ। ਅਜਿਹੀ ਸਥਿਤੀ 'ਚ ਪਾਰਟੀ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਗਹਿਲੋਤ ਅਤੇ ਪਾਇਲਟ ਇਕ ਦੂਜੇ ਨੂੰ ਨੀਵਾਂ ਦਿਖਾਉਣ ਦਾ ਯਤਨ ਨਾ ਕਰਨ। ਹੁਣ ਦੇਖਣਾ ਇਹ ਹੈ ਕਿ ਗਾਂਧੀ ਪਰਿਵਾਰ ਇਸ ਖਿੱਚੋਤਾਣ ਨੂੰ ਜਾਰੀ ਰਹਿਣ ਦੇਵੇਗਾ ਜਾਂ ਢੁਕਵਾਂ ਦਖ਼ਲ ਦੇ ਕੇ ਮਾਹੌਲ ਨੂੰ ਸੁਖਾਵਾਂ ਬਣਾਏਗਾ। ਕਾਂਗਰਸ ਅੱਗੇ ਇਸ ਵੇਲੇ ਚੁਣੌਤੀ ਉਸ ਨੁਕਸਾਨ ਦੀ ਪੂਰਤੀ ਕਰਨ ਦੀ ਹੈ ਜੋ ਪੁਰਾਣੇ ਆਗੂਆਂ ਅਤੇ ਨੌਜਵਾਨ ਪੀੜ੍ਹੀ ਦਰਮਿਆਨ ਪਏ ਰੱਫੜ ਕਾਰਨ ਹੋਇਆ ਹੈ।

***

## ਸੁਰਾਂਗਲਾ ਸੱਜਣ

ਗਲ਼ਤੀਆਂ ਦੁਹਾਰਾਈ ਜਾਣਾ, ਆਪਣੇ ਲਾਲਚ ਵੱਸ ਕੁਦਰਤ ਦੇ ਨਿਜ਼ਾਮ, ਕੁਦਰਤ ਦੇ ਸਮੁੱਚੀ ਰਚਨਾ ਨਾਲ ਛੇੜ-ਛਾੜ ਅੱਜ ਸਮੇਂ ਦੀ ਵਡੇਰੀ ਚਿੰਤਾ ਹੈ । ਰੁੱਖਾਂ ਦੀ ਅੰਨ੍ਹੇਵਾਹ ਕੀਤੀ ਜਾ ਰਹੀ ਕਟਾਈ ਸਤਿੰਦਰ ਨੂੰ ਦੁਖੀ ਕਰਦੀ ਹੈ ਤੇ ਉਹ ਰੁੱਖ ਵੱਢ ਰਹੇ ਮਨੁੱਖ ਨੂੰ ਮੁਖ਼ਾਤਿਬ ਹੁੰਦੈ :

ਪੱਤਝੜ ਵਿਚ ਪੱਤ ਝੜਦੇ,
ਇਹ ਤਾਂ ਰੁੱਤਾਂ ਵਰਗੇ ਨੇ
ਪਾਣੀ ਪਾ ਪਾ ਪਾਲੇ
ਇਹ ਤਾਂ ਪੁੱਤਾਂ ਵਰਗੇ ਨੇ,
ਕੋਈ ਜਾ ਸਮਝਾਵੋ
ਉਨ੍ਹਾਂ ਦਿਲੋਂ ਕੁਰਖ਼ਤਾਂ ਨੂੰ,
ਜੇ ਨਾ ਰਹੀ ਹਰਿਆਲੀ ਫਿਰ
ਕੀ ਕਰਨਾ ਤਖ਼ਤਾਂ ਨੂੰ।
ਸੁਣ ਭਾਈ ਆਰੇ ਵਾਲਿਆ
ਨਾ ਚੀਰ ਦਰੱਖ਼ਤਾਂ ਨੂੰ।

ਫ਼ਨਕਾਰ ਦਾ ਅੱਵਲ ਫਰਜ਼ ਹੈ ਕਿ ਉਹ ਲੋਕਾਂ ਦੀ ਨਜ਼ਬ 'ਤੇ ਹੱਥ ਰੱਖੇ। ਉਨ੍ਹਾਂ ਦੇ ਦਿਲਾਂ ਵਿਚ ਉੱਸਲਵੱਟੇ ਲੈਂਦੀਆਂ ਭਾਵਨਾਵਾਂ ਨੂੰ ਅਲਫਾਜ਼ ਪ੍ਰਦਾਨ ਕਰੇ। ਸਤਿੰਦਰ ਦੀ ਸ਼ਾਇਰੀ ਵਿਚ ਅਜਿਹੀ ਝਲਕ ਵਾਰ ਵਾਰ ਮਿਲਦੀ ਹੈ। ਆਸਟ੍ਰੇਲੀਆ ਪੜ੍ਹਦੇ ਭਾਰਤੀ ਵਿਦਿਆਰਥੀਆਂ ਨੂੰ ਇੰਜ ਮੁਖ਼ਾਤਿਬ ਹੁੰਦੈ :

ਓਏ ਤੁਹਾਡੇ ਬਾਪੂ ਜੀ ਵੀ ਪੁੱਛਦੇ ਸੀ,
ਪੁੱਤ ਸਾਡੇ ਪੈਰਾਂ 'ਤੇ ਖ਼ਲੋਏ ਕਿ ਨਹੀਂ।
ਓ ਮੇਰਿਓ ਭਰਾਵੋ ਮੇਰੀ ਮਿੱਟੀ ਦੇ ਵਾਰਿਸੋ,
ਆਸ ਦੀ ਖੂਹੀ ਵਿਚੋਂ ਪਾਣੀ ਮੁੱਕ ਜਾਵੇ ਨਾ।
ਵੇ ਓਹਨਾਂ ਸੱਧਰਾਂ ਦੀ ਵੇਲ ਰਹੀ ਦੇਖਿਓ
ਉਡੀਕਾਂ ਵਿਚ ਸੁੱਕ ਜਾਵੇ ਨਾ।

ਆਪਣੇ ਹਲਕੇ ਫੁਲਕੇ ਗੀਤਾਂ ਵਿਚ ਵੀ ਸਤਿੰਦਰ ਕੋਈ ਸੁਚੱਜਾ ਪੈਗ਼ਾਮ ਜ਼ਰੂਰ ਦਿੰਦੈ। 'ਪਹਿਲੀ ਕਿੱਕ 'ਤੇ ਸਟਾਟ ਮੇਰਾ ਯਾਹਮਾ' ਇਸੇ ਰੰਗਤ ਵਾਲਾ ਗੀਤ ਹੈ। ਜਿਹੜਾ ਅਸਲ ਵਿਚ ਨੌਜਵਾਨ ਪੀੜ੍ਹੀ ਨੂੰ ਚਾਦਰ ਵੇਖ ਕੇ ਪੈਰ ਪਸਾਰਨ ਦਾ ਸੁਨੇਹਾ ਦਿੰਦੈ। ਪਰ ਆਪਣੀ ਇਸ ਸਮਰੱਥਾ ਦਾ ਉਹਨੂੰ ਰੱਤੀ ਭਰ ਗੁਮਾਨ ਨਹੀਂ, ਸਗੋਂ ਉਹ ਤਾਂ ਆਖਦੈ :

ਫ਼ਿਲਹਾਲ ਹਵਾਵਾਂ ਰੁਮਕਦੀਆਂ
ਜਦ ਝੱਖੜ ਝੁੱਲੂ ਦੇਖਾਂਗੇ।
ਅਜੇ ਤਾਂ ਘੜਾ ਅਕਲ ਦਾ ਊਣਾ ਏ
ਜਦ ਭਰਕੇ ਡੁੱਲ੍ਹੂ ਦੇਖਾਂਗੇ।

ਲਿਹਾਜਾ, ਸਤਿੰਦਰ ਦੇ ਹੁੰਦਿਆਂ ਪੰਜਾਬੀ ਗਾਇਕੀ ਦੇ ਚੰਗੇਰੇ ਭਵਿੱਖ ਦੀ ਭਰਪੂਰ ਆਸ ਕੀਤੀ ਜਾ ਸਕਦੀ ਏ। ਪਰ ਉਸ ਨੂੰ ਆਪਣੀ ਗਾਇਕੀ ਵਿਚ ਉਪਭੋਗਤਾਵਾਦ ਨੂੰ ਫੈਲਾਉਣ ਤੋਂ ਗੁਰੇਜ਼ ਕਰਨਾ ਹੋਵੇਗਾ। ਲੱਚਰ ਗਾਉਣ ਵਾਲਿਆਂ ਦੀ ਭੀੜ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਸੋਚ ਨੂੰ ਅਸਲੋਂ ਕੁਰਾਹੇ ਪਾ ਦਿਤੈ, ਉਨ੍ਹਾਂ ਦੀ ਨਜ਼ਰ ਵਿਚ ਮੁਹੱਬਤ ਦੇ ਅਰਥ ਹੀ ਬਦਲ ਦਿੱਤੇ ਨੇ, ਦਿਲ਼ੀ ਜਜ਼ਬਾਤ ਦੀ ਥਾਂ ਜਿਸਮਾਂ ਦੀ ਖਿੱਚ ਨੂੰ ਪ੍ਰਚਾਰਿਆ ਜਾ ਰਿਹੈ, ਸਕੂਲਾਂ ਕਾਲਜਾਂ ਨੂੰ ਵਿਦਿਆ ਦੇ ਮੰਦਰਾਂ ਤੋਂ ਆਸ਼ਕੀ ਦੇ ਅੱਡੇ ਬਣਾ ਧਰਿਐ, ਅਜਿਹੀ ਸੂਰਤ ਵਿਚ ਅਜਿਹੇ ਕਿਸੇ ਫਨਕਾਰ ਤੋਂ ਆਸ ਕਰਦੇ ਹਾਂ ਉਹ ਆਪਣੀ ਪ੍ਰਸਿੱਧੀ, ਆਪਣੀ ਹਰਮਨ ਪਿਆਰਤਾ ਨੂੰ ਵਰਤਦਿਆਂ ਪੰਜਾਬੀ ਗਾਇਕੀ ਵਿਚ ਆਏ ਨਿਘਾਰ ਦਾ ਬਦਲ ਪੇਸ਼ ਕਰੇਗਾ। ਫਿਲਹਾਲ ਤਾਂ ਉਹ ਏਸੇ ਰਸਤੇ ਚੱਲ ਰਿਹੈ। ਰੱਬ ਕਰੇ ਉਹਦੇ ਕਦਮ ਥਿੜਕਣ ਨਾ। ਆਪਣੀ ਉਮਰ ਤੋਂ ਕਿਤੇ ਵੱਡੀਆਂ ਗੱਲਾਂ ਕਰਨ ਵਾਲੇ ਇਸ ਸੁਰਾਂਗਲੇ ਸੱਜਣ ਨੂੰ ਕਿਸੇ ਦੀ ਨਜ਼ਰ ਨਾ ਲੱਗੇ।

***

## ਲਾਤੀਨੀ ਅਮਰੀਕਾ 'ਚ

ਉਹ ਉੱਥੇ ਸ਼ਾਂਤੀ, ਵਿਕਾਸ, ਸਨਅਤੀਕਰਨ ਅਤੇ ਰੁਜ਼ਗਾਰ ਨੂੰ ਤੇਜ਼ ਕਰਨ ਲਈ ਨਿਵੇਸ਼, ਨਵੀਨੀਕਰਨ ਅਤੇ ਨਵੀਆਂ ਨੀਤੀਆਂ ਦੇ ਅਮਲ ਲਈ ਸਿਵਲ ਪ੍ਰਸ਼ਾਸਨ ਨੂੰ ਪਰਪੱਕ ਅਤੇ ਮਜ਼ਬੂਤ ਕਰਨਾ ਚਾਹੁੰਦੇ ਹਨ।

ਲੇਕਿਨ ਕਾਰਪੋਰੇਟ ਘਰਾਣੇ, ਉਨ੍ਹਾਂ ਦੇ ਪੱਛਮ ਵਿਚ ਬੈਠੇ ਆਕਾ ਫ਼ੌਜ ਦੀ ਲੰਬੇ ਸਮੇਂ ਤੋਂ ਚਲਦੀ ਆ ਰਹੀ ਹਮਾਇਤ ਕਰਕੇ ਆਏ ਦਿਨ ਚੁਣੌਤੀਆਂ ਖੜ੍ਹੀਆਂ ਕਰ ਰਹੇ ਹਨ।

ਮੈਕਸੀਕੋ ਦੇ ਰਾਸ਼ਟਰਪਤੀ ਲੋਪੇਜ਼ ਆਬਰਾਡੋਰ ਲਈ ਅਮਰੀਕਾ ਨੇ ਲੰਬੇ ਸਮੇਂ ਤੋਂ ਚਲਦੀ ਆ ਰਹੀ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦਰਮਿਆਨ ਤ੍ਰੈਪੱਖੀ ਵਪਾਰਕ ਨੀਤੀ ਤੋੜ ਕੇ ਕੈਨੇਡਾ ਅਤੇ ਮੈਕਸੀਕੋ ਨਾਲ ਵੱਖੋ-ਵੱਖਰੀ ਦੁਵੱਲੀ ਵਪਾਰਕ ਨੀਤੀ ਠੋਸਣ ਕਰਕੇ ਵੱਡੀਆਂ ਮੁਸ਼ਕਿਲਾਂ ਪੈਦਾ ਹੋਈਆਂ ਹਨ।

ਬ੍ਰਾਜ਼ੀਲ ਅੰਦਰ ਵੱਖ-ਵੱਖ ਵਿਭਾਗਾਂ ਵਿਚੋਂ 6000 ਫ਼ੌਜੀਆਂ ਦੀ ਵਾਪਸੀ, ਐਮਾਜ਼ੋਨ ਦੇ ਬਾਰਸ਼ੀ ਜੰਗਲਾਂ ਦੀ ਮਾਫੀਆ ਗ੍ਰੋਹਾਂ ਦੁਆਰਾ ਕਟਾਈ ਰੋਕਣਾ ਜੋ ਪੂਰੇ ਵਿਸ਼ਵ ਦੀ ਜਲਵਾਯੂ ਤਬਦੀਲੀ ਨੂੰ ਪ੍ਰਭਾਵਿਤ ਕਰਦੇ ਹਨ, ਮੂਲ ਨਿਵਾਸੀਆਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਵਿਸ਼ੇਸ਼ ਮੰਤਰਾਲੇ ਦਾ ਗਠਨ, ਰਾਸ਼ਟਰਪਤੀ ਲੂਲਾ ਜਦੋਂ ਪਹਿਲਾਂ ਰਾਸ਼ਟਰਪਤੀ ਸਨ ਤਾਂ ਬ੍ਰਾਜ਼ੀਲ ਵਿਸ਼ਵ ਦੀ 7ਵੀਂ ਵੱਡੀ ਆਰਥਿਕਤਾ ਵਜੋਂ ਉੱਭਰਿਆ ਸੀ, ਪਰ ਫਾਸ਼ੀਵਾਦੀ ਨਿਜ਼ਾਮ 'ਚ 13ਵੀਂ ਪੁਜੀਸ਼ਨ 'ਤੇ ਤਿਲਕਣ ਕਰਕੇ ਉਸ ਨੂੰ ਮੁੜ ਪੈਰੀਂ ਖੜ੍ਹਾ ਕਰਨ ਵੱਡੀਆਂ ਚੁਣੌਤੀਆਂ ਹਨ। ਗੁਰਬਤ, ਆਰਥਿਕ ਮੰਦਹਾਲੀ, ਭੁੱਖਮਰੀ ਦਾ ਆਲਮ ਇਹ ਹੈ ਕਿ ਪੇਰੂ ਦੀ ਰਾਜਧਾਨੀ ਲੀਮਾ ਅੰਦਰ ਬੱਚਿਆਂ ਨੂੰ ਦੋ ਵਕਤ ਦੀ ਰੋਟੀ ਦੇਣ ਲਈ ਮਾਪਿਆਂ ਨੂੰ ਇਕ ਵਕਤ ਦਾ ਖਾਣਾ ਤਜਣਾ ਪੈ ਰਿਹਾ ਹੈ। ਪੱਛਮੀ ਦੇਸ਼ਾਂ ਵੱਲੋਂ ਲਾਤੀਨੀ ਅਮਰੀਕਾ ਅੰਦਰ ਖੱਬੇ ਪੱਖੀ ਉਭਾਰ ਨੂੰ ਰੋਕਣ ਲਈ ਮਸਨੂਈ ਮਹਿੰਗਾਈ ਥੋਪੀ ਜਾ ਰਹੀ ਹੈ ਤਾਂ ਕਿ ਲੋਕ ਉਨ੍ਹਾਂ ਵਿਰੁੱਧ ਖੜ੍ਹੇ ਹੋ ਜਾਣ। ਮਹਿੰਗਾਈ, ਗੁਰਬਤ, ਬੇਰੁਜ਼ਗਾਰੀ, ਪ੍ਰਵਾਸ ਅਤੇ ਕੋਵਿਡ-19 ਬਾਅਦ ਬਜਟ ਸਮੱਸਿਆਵਾਂ ਖੱਬੇ ਪੱਖੀ ਰਾਸ਼ਟਰਪਤੀਆਂ ਦੇ ਜਨਤਕ ਮਕਬੂਲੀਅਤ ਗ੍ਰਾਫ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਲੇਕਿਨ ਉਹ ਮਾਰੂ ਫਾਸ਼ੀਵਾਦੀ, ਪੱਛਮੀ ਦੇਸ਼ਾਂ, ਕਾਰਪੋਰੇਟਵਾਦੀਆਂ ਅਤੇ ਮਾਫ਼ੀਆ ਡਾਨਾਂ ਦੇ ਮੰਦ-ਇਰਾਦੇ ਅਸਫਲ ਬਣਾਉਣ ਲਈ ਡਟੇ ਹੋਏ ਹਨ।

***

## ਲੋਕ ਸਾਹਿਤ ਸੰਗਮ ਰਾਜਪੁਰਾ

ਪ੍ਰਧਾਨਗੀ ਅਤੇ ਧੰਨਵਾਦੀ ਸ਼ਬਦਾਂ ਵਿਚ ਅਜਾਇਬ ਸਿੰਘ ਚੱਠਾ ਨੇ ਕਿਹਾ ਕਿ ਦੇਸ਼ ਵਿਦੇਸ਼ ਤੋਂ ਆਏ ਸਾਹਿਤਕਾਰਾਂ ਦੇ ਉਦਮ ਦੀ ਸ਼ਲਾਘਾ ਕੀਤੀ ਜਾਂਦੀ ਹੈ। ਦੇਸ਼ ਵਿਦੇਸ਼ ਵਿਚ ਅਜਿਹੇ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਪ੍ਰੋਗਰਮ ਜਾਰੀ ਰਹਿਣੇ ਚਾਹੀਦੇ ਹਨ। ਬਲਦੇਵ ਸਿੰਘ ਪੁਰਾਣਾ ਵਲੋਂ ਮੰਚ ਸੰਚਾਲਨ ਬਾਖੂਬੀ ਨਿਭਾਇਆ ਗਿਆ। ਉਪਰੰਤ ਕੁਲਵੰਤ ਸਿੰਘ ਜੱਸਲ, ਅਵਤਾਰ ਪੁਆਰ, ਸ਼ਤਰੂਘਨ ਗੁਪਤਾ, ਸਨੀਤਾ ਰਾਣੀ, ਕੁਲਵੰਤ ਸ਼ਰਮਾ, ਕਰਨੈਲ ਸਿੰਘ ਪ੍ਰਵਾਨਾ, ਸਰੇਸ਼ ਕੱਕੜ ਅਤੇ ਸੰਗਮ ਦੇ ਸਮੂਹ ਮੈਂਬਰਾਂ ਦਾ ਭਰਪੂਰ ਯੋਗਦਾਨ ਰਿਹਾ।

**

## ਪੰਜਾਬ ਦੀ ਤਬਾਹੀ

ਲੋਕਾਂ ਦੀ ਗਿਣਤੀ ਪੰਜਾਬ ਨਾਲੋਂ ਵੱਧ ਹੈ ਅਤੇ ਸਿੱਖਿਆ ਦੇ ਖੇਤਰ ਲਈ ਸੱਭਿਆਚਾਰਕ ਰਵਾਇਤਾਂ ਤੇ ਪੰਜਾਬੀਆਂ ਦੀ ਮਾਨਸਿਕਤਾ ਅਤੇ ਮਜਬੂਰੀਆਂ ਦਿੱਲੀ ਦੇ ਲੋਕਾਂ ਨਾਲੋਂ ਵੱਖਰੀਆਂ ਹਨ।

ਜੇਕਰ ਦਿੱਲੀ ਦੇ ਨਮੂਨੇ 'ਤੇ ਪੰਜਾਬ ਦੇ ਸਕੂਲਾਂ ਦੇ ਪ੍ਰਬੰਧ ਨੂੰ ਢਾਲਣਾ ਸੀ ਤਾਂ ਇਸ ਦੀ ਵਿਉਂਤਬੰਦੀ ਤੇ ਨਵਾਂ ਖਾਕਾ ਤਿਆਰ ਕਰਨ ਲਈ ਪੰਜਾਬ ਕੋਲ ਸਿੱਖਿਆ ਸ਼ਾਸਤਰੀਆਂ ਤੇ ਵਿਦਵਾਨਾਂ ਦੀ ਕੋਈ ਕਮੀ ਨਹੀਂ ਸੀ ਪਰ ਉਨ੍ਹਾਂ ਦੀ ਸਲਾਹ ਲੈਣ ਦੀ ਕੋਈ ਲੋੜ ਨਹੀਂ ਸਮਝੀ ਗਈ। ਸਿੱਖਿਆ ਦੇ ਖੇਤਰ ਵਿਚ ਪੁਰਾਤਨ ਪੰਜਾਬ ਦੀਆਂ ਗੌਰਵਮਈ ਤੇ ਮਹੱਤਵਪੂਰਨ ਰਵਾਇਤਾਂ ਰਹੀਆਂ ਹਨ, ਵੈਦਿਕ ਕਾਲ ਵਿਚ ਪੰਜਾਬ ਨੇ ਸਿੱਖਿਆ ਦੇ ਖੇਤਰ ਵਿਚ ਨਵੀਆਂ ਲੀਹਾਂ ਪਾਈਆਂ ਸਨ ਤੇ ਕਦੇ ਇੱਥੋਂ ਦੇ ਟੈਕਸਲਾ ਵਿਸ਼ਵ ਵਿਦਿਆਲੇ ਦੀ ਸਾਰੇ ਵਿਸ਼ਵ ਵਿਚ ਆਪਣੀ ਵਿਲੱਖਣ ਪਛਾਣ ਹੁੰਦੀ ਸੀ, ਹਾਲਾਂਕਿ ਸਿੱਖਿਆ ਲਈ ਨਵੀਂ ਸੇਧ ਗ੍ਰਹਿਣ ਕਰਨ ਲਈ ਤਾਂ ਦੱਖਣੀ ਭਾਰਤ ਦੇ ਰਾਜਾਂ ਨਾਲ ਸੰਪਰਕ ਕਰਕੇ ਵਿੱਦਿਅਕ ਸੇਧਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਸਨ, ਜਿੱਥੇ ਵਿੱਦਿਆ, ਸਾਹਿਤ, ਕਲਾ ਤੇ ਵਿਗਿਆਨ ਦਾ ਸ਼ਾਨਦਾਰ ਸੰਸਾਰ ਵਿਕਸਿਤ ਹੋਇਆ ਹੈ। ਸੰਨ 1990 ਵਿਚ ਮੈਂ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਹਿਯੋਗ ਰਾਹੀਂ ਦੱਖਣੀ ਭਾਰਤ ਦੇ ਸੂਬਿਆਂ ਵਿਚ ਗਿਆ ਤੇ ਉੱਥੇ ਮਦਰਾਸ (ਹੁਣ ਚੇਨਈ) ਵਿਚ ਪੰਜਾਬ ਵਿਚੋਂ ਗਏ ਲੋਕਾਂ ਦੀ ਇਕ ਸੰਸਥਾ 'ਪੰਜਾਬ ਐਸੋਸੀਏਸ਼ਨ' ਦੇ ਸੱਦੇ 'ਤੇ ਜਾ ਕੇ ਵਿੱਦਿਆ ਦੇ ਖੇਤਰ ਵਿਚ ਇਸ ਸੰਸਥਾ ਦਾ ਸ਼ਾਨਦਾਰ ਕੰਮ ਵੇਖ ਕੇ ਮੈਂ ਦੰਗ ਰਹਿ ਗਿਆ। ਇਸ ਕਰਮਸ਼ੀਲ ਸੰਸਥਾ ਵਲੋਂ ਜਿੱਥੇ ਚਾਰ ਵੱਡੇ ਡਿਗਰੀ ਕਾਲਜ ਤੇ ਸੀਨੀਅਰ ਸੈਕੰਡਰੀ ਪੱਧਰ ਦੇ ਦਸ ਨਾਮਵਰ ਸਕੂਲ ਚਲਾਏ ਜਾ ਰਹੇ ਸਨ, ਉੱਥੇ ਤਾਮਿਲਨਾਡੂ ਦੇ ਪਛੜੇ ਕਬਾਇਲੀ ਲੋਕਾਂ ਦੇ ਜ਼ਿਲ੍ਹੇ ਚਿੰਗਲ ਪੱਟੂ ਵਿਚ ਅੱਠ ਸੌ ਬਾਲਗ ਸਿੱਖਿਆ ਨਾਲ ਸੰਬੰਧਿਤ ਸਫਲ ਸਕੂਲ ਨਵੀਂ ਤੇ ਆਧੁਨਿਕ ਵਿੱਦਿਆ ਦਾ ਸ਼ਾਨਦਾਰ ਪਸਾਰ ਕਰ ਰਹੇ ਸਨ, ਇਨ੍ਹਾਂ ਸਕੂਲਾਂ ਕਾਲਜਾਂ ਦਾ ਸ਼ਾਨਦਾਰ ਨਮੂਨਾ ਵੇਖਣ ਲਈ ਸੰਨ 1986 ਵਿਚ ਭਾਰਤ ਦੇ ਰਾਸ਼ਟਰਪਤੀ ਖ਼ੁਦ ਤਾਮਿਲਨਾਡੂ ਗਏ ਤੇ ਪੰਜਾਬ ਐਸੋਸੀਏਸ਼ਨ ਦੀ ਭਰਪੂਰ ਪ੍ਰਸੰਸਾ ਕਰਕੇ ਆਏ ਸਨ। ਸਾਨੂੰ ਵੀ ਅਜਿਹੇ ਯਤਨਾਂ ਦੀ ਹੀ ਲੋੜ ਹੈ।

## ਲੋਕਾਂ ਦੇ ਵੱਡੇ ਸੰਤਾਪ

ਕਰਵਾਏ ਜਾਂਦੇ ਹਨ ਤਾਂ ਇਸ ਲਈ ਕਰਜ਼ਾ ਚੁੱਕਿਆ ਜਾਂਦਾ ਹੈ। ਇਸ ਸਮੇਂ ਪੰਜਾਬ ਸਿਰ ਸਾਰੇ ਸੂਬਿਆਂ ਤੋਂ ਵੱਧ ਕਰਜ਼ਾ ਹੈ। ਇਸ ਵਿਚ ਕਮੀ ਆਉਣ ਦੀ ਥਾਂ ਵਾਧਾ ਹੋ ਰਿਹਾ ਹੈ। ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਰਾਜਸੀ ਆਗੂਆਂ ਵੱਲੋਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਬੇਤਹਾਸ਼ਾ ਖ਼ਰਚ ਕਰਨਾ ਹੈ। ਤਾਕਤ ਪ੍ਰਾਪਤੀ ਲਈ ਚੋਣ ਜਿੱਤਣਾ ਜ਼ਰੂਰੀ ਹੈ ਅਤੇ ਚੋਣਾਂ ਵਿਚ ਜਿੱਤ ਲਈ ਕੀਤੀ ਸੇਵਾ ਦੀ ਥਾਂ ਪੈਸੇ ਦੀ ਵਰਤੋਂ ਹੋਣ ਲੱਗ ਪਈ ਹੈ। ਚੋਣ ਕਮਿਸ਼ਨ ਦੀਆਂ ਪਾਬੰਦੀਆਂ ਦੇ ਬਾਵਜੂਦ ਚੋਣਾਂ ਜਿੱਤਣ ਲਈ ਪੈਸਾ ਪਾਨੀ ਵਾਂਗ ਵਹਾਇਆ ਜਾਂਦਾ ਹੈ। ਟਿਕਟ ਲੈਣ ਜਾਂ ਵਜ਼ੀਰੀ ਲੈਣ ਲਈ ਵੀ ਪਾਰਟੀ ਨੂੰ ਫੰਡ ਦੇਣਾ ਪੈਂਦਾ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਰਾਜਸੀ ਪਾਰਟੀਆਂ ਆਪ ਹੀ ਆਪਣੇ ਵਿਧਾਇਕਾਂ, ਮੰਤਰੀਆਂ ਤੇ ਮੁੱਖ ਮੰਤਰੀਆਂ ਨੂੰ ਉੱਪਰਲੀ ਕਮਾਈ ਕਰਨ ਲਈ ਮਜਬੂਰ ਕਰਦੀਆਂ ਹਨ।

ਇੰਜ ਰਾਜਸੀ ਭ੍ਰਿਸ਼ਟਾਚਾਰ ਦਾ ਦੇਸ਼ ਵਿਚ ਬੋਲਬਾਲਾ ਵਧ ਰਿਹਾ ਹੈ। ਪੰਜਾਬ ਵਿਚ ਇਸ ਦਾ ਪ੍ਰਭਾਵ ਸਭ ਤੋਂ ਵੱਧ ਹੈ ਕਿਉਂਕਿ ਇਸ ਨੂੰ ਅਮੀਰ ਸੂਬਾ ਮੰਨਿਆ ਜਾਂਦਾ ਹੈ ਤੇ ਇੱਥੋਂ ਮੋਟੀ ਕਮਾਈ ਦੀ ਉਮੀਦ ਕੀਤੀ ਜਾਂਦੀ ਹੈ। ਉਂਜ ਵੀ ਪੰਜਾਬ ਵਿਚ ਬਹੁਤ ਅਮੀਰ ਘਰਾਣੇ ਘੱਟ ਹਨ। ਇਸ ਕਰਕੇ ਉਤਲੀ ਕਮਾਈ ਆਮ ਲੋਕਾਂ ਤੋਂ ਹੀ ਕਰਨੀ ਪੈਂਦੀ ਹੈ। ਇਸ ਕਮਾਈ ਲਈ ਕਰਮਚਾਰੀਆਂ ਨੂੰ ਮਜਬੂਰ ਕੀਤਾ ਜਾਂਦਾ ਹੈ। ਜਦੋਂ ਉਹ ਰਿਸ਼ਵਤਖੋਰੀ ਦੀ ਦਲਦਲ ਵਿਚ ਫਸ ਜਾਂਦੇ ਹਨ ਤਾਂ ਫਿਰ ਉਹ ਆਪਣੇ ਲਈ ਵੀ ਕਮਾਈ ਕਰਦੇ ਹਨ। ਇਹ ਸਿਲਸਿਲਾ ਹੇਠਲੇ ਪੱਧਰ ਤੋਂ ਸ਼ੁਰੂ ਹੋ ਕੇ ਉੱਪਰ ਤਕ ਜਾਂਦਾ ਹੈ। ਇਸ ਦੀ ਮਾਰ ਤੋਂ ਬਚਣਾ ਔਖਾ ਹੈ।ਕਿਸਾਨ ਅੰਦੋਲਨ ਸਮੇਂ ਪੰਜਾਬ ਦੇ ਲੋਕਾਂ ਨੂੰ ਉਮੀਦ ਹੋਈ ਸੀ ਕਿ ਹੁਣ ਇਸ ਭ੍ਰਿਸ਼ਟ ਅਤੇ ਮਾਫ਼ੀਆ ਰਾਜ ਤੋਂ ਰਾਹਤ ਮਿਲੇਗੀ। ਇਸੇ ਕਰਕੇ ਉਨ੍ਹਾਂ ਖੁੱਲ੍ਹ ਕੇ ਹਮਾਇਤ ਕੀਤੀ ਸੀ। ਲੋਕ ਚਾਹੁੰਦੇ ਸਨ ਕਿ ਅੰਦੋਲਨ ਜਿੱਤਣ ਪਿੱਛੋਂ ਚੋਣਾਂ ਵੀ ਲੜੀਆਂ ਜਾਣ ਤੇ ਸਾਫ਼-ਸੁਥਰੀ ਛਵੀ ਵਾਲੇ ਇਮਾਨਦਾਰ ਆਗੂ ਚੁਣੇ ਜਾਣ ਜਿਸ ਨਾਲ ਪੰਜਾਬ ਵਿਚ ਸੱਚਮੁੱਚ ਲੋਕਰਾਜ ਸਥਾਪਿਤ ਹੋ ਸਕੇਗਾ। ਪਰ ਕਿਸਾਨ ਮੋਰਚੇ ਵਿਚ ਫੁੱਟ ਪੈ ਗਈ ਜਿਸ ਨਾਲ ਲੋਕਾਂ ਦੀਆਂ ਉਮੀਦਾਂ ਉੱਤੇ ਪਾਣੀ ਫਿਰ ਗਿਆ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬੀਆਂ ਦੀ ਹਾਰ ਹੋਈ ਹੈ ਉਹ ਆਪਸੀ ਫੁੱਟ ਕਾਰਨ ਹੀ ਹੋਈ ਹੈ।

ਪੰਜਾਬ ਦੇ ਵੋਟਰਾਂ ਕੋਲ ਦੂਜਾ ਬਦਲ ਆਮ ਆਦਮੀ ਪਾਰਟੀ ਹੀ ਸੀ। ਭਗਵੰਤ ਮਾਨ ਨੂੰ ਮੁੱਖ ਮੰਤਰੀ ਐਲਾਨੇ ਜਾਣ ਨਾਲ ਪੰਜਾਬੀਆਂ ਨੂੰ ਹੌਸਲਾ ਹੋਇਆ ਕਿ ਹੁਣ ਪੰਜਾਬ ਵਿਚ ਤਬਦੀਲੀ ਲਈ ਇਸ ਬਦਲ ਨੂੰ ਮੌਕਾ ਦਿੱਤਾ ਜਾਵੇ। ਹੁਣ ਵੇਖਣਾ ਹੈ ਕਿ ਕੀ ਮਾਨ ਸਰਕਾਰ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਅਤੇ ਮਾਫ਼ੀਆ ਰਾਜ ਨੂੰ ਕਾਬੂ ਕਰ ਸਕੇਗੀ ? ਲੋਕਰਾਜ ਵਿਚ ਰਾਜ ਲੋਕਾਂ ਦਾ ਹੁੰਦਾ ਹੈ। ਸਰਕਾਰੀ ਕਰਮਚਾਰੀ ਤਾਂ ਉਨ੍ਹਾਂ ਦੇ ਨੌਕਰ ਹੁੰਦੇ ਹਨ।

***

## ‘ਬੈਲਾਂ ਦੀਆਂ ਜੋੜੀਆਂ,

ਕਿਸੇ ਲੜਕੇ ਦੇ ਹਿੱਸੇ ਵਿੱਚ ਬਲਦ ਨਹੀਂ ਆਉਂਦੇ ਸਨ, ਤਾਂ ਉਸ ਦੀ ਵਹੁਟੀ ਬੈਲਾਂ ਦੀ ਜੋੜੀ ਦੀ ਮੰਗ ਆਪਣੇ ਬਾਬਲ ਤੋਂ ਕਰ ਲੈਂਦੀ ਸੀ, ਜਿਵੇਂ :

‘ਮੈਨੂੰ ਲੈ ਦੇ ਬਲਦਾਂ ਦੀ ਜੋੜੀ,
ਬਾਪੂ ਵੇ ਮੈਂ ਅੱਡ ਹੁੰਦੀ ਆਂ।’

ਬਸ, ਅੱਜ ਬੈਲਾਂ ਦੀਆਂ ਜੋੜੀਆਂ ਯਾਦਾਂ ਦੇ ਸਿਰਨਾਵੇਂ ਬਣ ਕੇ ਰਹਿ ਗਈਆਂ ਹਨ ਤੇ ਉਹ ਸਮੇਂ ਬਹੁਤ ਯਾਦ ਆਉਂਦੇ ਹਨ, ਜਦੋਂ ਨਾਨਕੇ-ਘਰ ਬੈਲਾਂ ਨਾਲ਼ ਹਲ਼ ਵਾਹੁੰਦੇ ਸਮੇਂ ਨਾਨਾ ਜੀ ਤੇ ਮਾਮਾ ਜੀ ਨਾਲ਼ ਸੁਹਾਗੇ ਝੂਟਣ ਦਾ ਲੁਤਫ਼ ਮਾਣਦੇ ਹੁੰਦੇ ਸੀ। ਕਾਸ਼, ਉਹ ਵੇਲੇ ਅੱਜ ਵਾਪਸ ਆ ਜਾਂਦੇ…।

***

## ਔਨਲਾਈਨ ਪੜ੍ਹਾਈ

ਬੱਚਿਆਂ ਨੇ ਔਨਲਾਈਨ ਪੜ੍ਹਨਾ ਨਹੀਂ,
ਔਨਲਾਈਨ ਤੇ ਹੜ੍ਹਨਾ ਏ,
ਕਰ ਦਿਖਾਵਾ ਔਨਲਾਈਨ ਦਾ,
ਕਿਸੇ ਹੋਰ ਹੀ ਸੂਲੀ ਚੜ੍ਹਨਾ ਏ,
ਅਣਜਾਣ ਨੇ ਮਾਪੇ ਔਨਲਾਈਨ ਤੋਂ,
ਤਾਹੀਓਂ ਬੱਚੇ ਹੋਏ ਔਨਲਾਈਨ ਏ,
ਪਾਉਣ ਸਿਆਪੇ ਔਨਲਾਈਨ ਤੇ,
ਖਾਣਾ-ਪੀਣਾ, ਸੌਣਾ ਜਾਗਣਾ,
ਸਭ ਹੋ ਗਿਆ ਔਨਲਾਈਨ ਏ,
ਸਭ ਹੋ ਗਿਆ ਔਨਲਾਈਨ ਏ,
ਉੱਠ ਪਓ, ਜਾਗ ਪਓ,
ਛੱਡੋ ਔਨਲਾਈਨ ਨੂੰ,
ਨਹੀਂ ਤਾਂ ਲੱਬਣੇ ਨਹੀਂ,
ਡਾਕਟਰ, ਅਧਿਆਪਕ,
ਜਾਂ ਫ਼ੇਰ ਹੋਰ ਕ੍ਰਾਂਤੀਕਾਰੀ ਲੋਕ,
ਇਹ ਔਨਲਾਈਨ ਚੰਦਰੀ ਬਿਮਾਰੀ ਏ,
ਪਤਾ ਨਹੀਂ ਕਿਉਂ ਮੱਤ ਸਾਡੀ ਗਈ ਮਾਰੀ ਏ ?
ਪਤਾ ਨਹੀਂ ਕਿਉਂ ਮੱਤ ਸਾਡੀ ਗਈ ਮਾਰੀ ਏ ?

***

## ਘਰ ਦੀ ਗੱਲ

ਜਦੋਂ ਦਲੀਪ ਨੇ ਜੈਰਾਮ ਨਾਲ ਜਮੀਨ ਵੇਚਣ ਬਾਬਤ ਗੱਲਬਾਤ ਕੀਤੀ ਤਾਂ ਜੈਰਾਮ ਨੇ ਕਿਹਾ ਕਿ ‘ਮੇਰੇ ਕੋਲ ਤਾਂ ਪੈਸੇ ਹੈ ਨੀਂ, ਮੈਂ ਤਾਂ ਇਵੇਂ ਹੀ ਦੇ ਦਿੰਦਾ। ਤੂੰ ਇੰਝ ਕਰ ਆਪਣੇ ਸੰਦੀਪ ਨਾਲ ਗੱਲ ਕਰਲੇ, ਉਹ ਆਪਣੇ ਸਹੁਰੇ ਨੂੰ ਪੈਲੀ ਦਵਾ ਦੇਵੇਗਾ ਨਾਲੇ ਘਰ ਦੀ ਗੱਲ ਘਰ ’ਚ ਰਹਿਜੂ’। ਅਸਲ ’ਚ ਜਮੀਨ ਤਾਂ ਜੈਰਾਮ ਤੇ ਸੰਦੀਪ ਨੇ ਆਪ ਹੀ ਲੈਣੀ ਸੀ। ਆਹ ਸਹੁਰੇ ਆਲੇ ਤਾਂ ਬਸ ਦਾਅ ਹੀ ਖੇਡਿਆ ਗਿਆ ਸੀ। ਦੱਬੇ ਹੋਏ ਦਲੀਪ ਨੇ ਆਪਣੀ ਦੋ ਕਿਲੇ ਪੈਲੀ ਕੋਡੀਆਂ ਦੇ ਭਾਅ ਸੰਦੀਪ ਨੂੰ ਬੈਅ ਕਰਾ ਦਿੱਤੇ। ਮਾਣੀ ਨੂੰ ਪਤਾ ਸੀ ਕਿ ਹੁਣ ਉਹ ਮਰਨ ਕਿਨਾਰੇ ਹੈ। ਉਸਨੇ ਦਲੀਪ ਨੂੰ ਕੋਲ ਬਿਠਾ ਕੇ ਕਿਹਾ, ‘ਮੈਂ ਤਾਂ ਹੁਣ ਚੱਲੀ ਹਾਂ ਪਰ ਧੀ ਦੀਪੋ ਤੇ ਰਮਨ ਹੁਣ ਤੇਰੇ ਹੀ ਜੁੰਮੇ ਨੇ। ਮੇਰੇ ਜਿਊਂਦਿਆਂ ਤਾਂ ਮੈਂ ਇਨ੍ਹਾਂ ਬੁੱਕਲ ਦੇ ਸੱਪਾਂ ਤੋਂ ਬਚੀ ਰਹੀ ਤੇ ਆਪਣੀਆਂ ਧੀਆਂ ਨੂੰ ਵੀ ਬਚਾਈ ਰੱਖਿਆ ਪਰ ਹੁਣ ਦੀਪੋ ਨੂੰ ਭੇੜੀਏ ਨਾ ਦਬੋਚ ਲੈਣ, ਮੈਨੂੰ ਵਾਅਦਾ ਦੇ’। ਕਿੰਨੀ ਹੀ ਦੇਰ ਦਲੀਪ ਤੇ ਮਾਣੀ ਹੱਥ ’ਚ ਹੱਥ ਰੱਖ ਰੋਂਦੇ ਰਹੇ।ਦੋਵੇਂ ਧੀਆਂ ਦੇ ਵਿਆਹ ਤੇ ਮਾਣੀ ਦੀ ਮੌਤ ਤੋਂ ਬਾਅਦ ਦਲੀਪ, ਧੀ ਦੀਪੋ ਤੇ ਰਮਨ ਤਿੰਨੋ ਹੀ ਰਹਿ ਗਏ। ਕਰਜੇ ’ਚ ਦੱਬਿਆ ਹੋਇਆ ਦਲੀਪ ਹੁਣ ਜਿਆਦਾ ਸਮਾਂ ਘਰ ਹੀ ਰਹਿੰਦਾ। ਦੀਪੋ ਨੇ ਬਾਰਾਂ ਜਮਾਤਾਂ ਪਾਸ ਕਰ ਬੀ ਏ ਦੇ ਪ੍ਰਾਈਵੇਟ ਫਾਰਮ ਭਰ ਦਿੱਤੇ ਤੇ ਨਾਲ ਹੀ ਸਾਰੇ ਘਰ ਦਾ ਕੰਮ ਸਾਂਭਦੀ। ਸਭ ਕੁੱਝ ਠੀਕ ਹੁੰਦਾ ਜਾਪ ਹੀ ਰਿਹਾ ਸੀ ਕਿ ਇਕ ਰਾਤ ਪਾਣੀ ਦੀ ਵਾਰੀ ਤੇ ਗਏ ਦਲੀਪ ਤੇ ਰਮਨ ਮਗਰੋਂ ਬਹਾਨੇ ਨਾਲ ਸੰਦੀਪ, ਦਲੀਪ ਘਰੇ ਵੜ ਗਿਆ। ਦੀਪੋ ਨੇ ਬਹੁਤ ਵਿਰੋਧ ਕੀਤਾ ਪਰ ਅਖੀਰ ਬੁੱਕਲ ਦੇ ਸੱਪ ਨੇ ਦੀਪੋ ਨੂੰ ਡੱਸ ਲਿਆ। ਉਹ ਕਿੰਨਾ ਹੀ ਚਿਰ ਰੋਂਦੀ ਰਹੀ ਪਰ ਆਪਣੇ ਦੱਬੂ ਤੇ ਸ਼ਰੀਫ ਬਾਪ ਦੀ ਤਰਸਯੋਗ ਹਾਲਤ ਵੇਖ ਚੁੱਪ ਕਰ ਗਈ। ਪਰ ਹੁਣ ਕੁੱਤੇ ਦੇ ਮੂੰਹ ਨੂੰ ਖ਼ੂਨ ਲੱਗ ਚੁੱਕਾ ਸੀ। ਉਸ ਭੇੜੀਏ ਨੂੰ ਹੁਣ ਜਦੋਂ ਵੀ ਮੌਕਾ ਮਿਲਦਾ, ਦੀਪੋ ਨੂੰ ਦਬੋਚ ਲੈਂਦਾ, ਉਹ ਬਿਲਕੁਲ ਚੁੱਪ ਰਹਿਣ ਲੱਗ ਪਈ। ਦਲੀਪ ਨੇ ਬੜਾ ਪੁੱਛਿਆ ਪਰ ਉਹ ਕੋਈ ਵੀ ਜਵਾਬ ਨਾ ਦਿੰਦੀ। ਸਮੇਂ ਦਾ ਨਾਲ ਜਦੋਂ ਤਿੰਨ ਮਹੀਨੇ ਤੱਕ ਦੀਪੋ ਦਾ ਖ਼ੂਨ ਸਾਫ ਹੋਣ ਆਲਾ ਚੱਕਰ ਨਾ ਆਇਆ ਤਾਂ ਉਹਨੂੰ ਸਮਝ ਆ ਗਈ ਕਿ ਪਾਪ ਤਾਂ ਭਾਵੇਂ ਸੰਦੀਪ ਦਾ ਏ। ਪਰ ਹੁਣ ਉਹ ਇਸ ਮਰਦ ਪ੍ਰਧਾਨ ਸਮਾਜ ਵਿੱਚ ਆਪਣੇ ਬਾਪ ਲਈ ਕਲੰਕ ਬਣ ਚੁੱਕੀ ਏ। ਦੀਪੋ ਨੇ ਆਪਣੀ ਸਾਰੀ ਦਾਸਤਾਨ ਕਾਗਜ ਤੇ ਲਿਖ, ਸਪਰੈ ਪੀ ਲਈ। ਦਲੀਪ ਜਦੋਂ ਨੂੰ ਖੇਤ ਤੋਂ ਘਰ ਆਇਆ ਤਾਂ ਘਰੇ ਸਥਰ ਵਿੱਛ ਚੁੱਕੇ ਸਨ। ਜੈਰਾਮ ਹੁਰਾਂ ਨੂੰ ਆਪਣੀ ਗੰਦੀ ਔਲਾਦ ਦੀ ਅਸਲੀਅਤ ਪਤਾ ਸੀ। ਉਨ੍ਹਾਂ ਸੱਚ ਛੁਪਾਉਂਦੇ ਹੋਏ ਸਭ ਨੂੰ ਆਖ ਦਿੱਤਾ ਕਿ ਦੀਪੋ ਨੂੰ ਦੌਰਾ ਪੈ ਗਿਆ ਹੈ। ਦਲੀਪ ਨੂੰ ਸ਼ੱਕ ਹੋਇਆ ਤਾਂ ਜੈਰਾਮ ਕਹਿੰਦਾ, ‘ਤੂੰ ਜਿਆਦਾ ਰੌਲਾ ਨਾ ਪਾ, ਜੋ ਹੋਇਆ ਠੀਕ ਹੋਇਆ, ਘਰ ਦੀ ਗੱਲ ਘਰ ’ਚ ਰਹਿਜੂ, ਬਾਹਰ ਬਦਨਾਮੀ ਹੋਊ’।

ਦੀਪੋ ਦੀ ਲਾਸ਼ ਕੋਲ ਰੋਂਦੇ ਦਲੀਪ ਦੇ ਹੱਥ ਉਹ ਕਾਗਜ਼ ਆ ਗਿਆ, ਜਿਸ ਵਿੱਚ ਸਾਰਾ ਸੱਚ ਉਹ ਲਿਖ ਕੇ ਮਰੀ ਸੀ। ਦਲੀਪ ਦੇ ਅੰਦਰ ਦਾ ਜਵਾਲਾਮੁਖੀ ਫੱਟ ਗਿਆ। ਉਸਨੇ ਕੁਝ ਨਾ ਵੇਖਿਆ ਤੇ ਚੁੰਢ ’ਚ ਪਿਆ ਕੁਹਾੜਾ ਚੱਕ ਸੰਦੀਪ ਦਾ ਗਾਟਾ ਲਾਹ ਦਿੱਤਾ। ਚਾਰੇ ਪਾਸੇ ਹਾਹਾਕਾਰ ਮੱਚ ਗਿਆ। ਦਲੀਪ ਨੇ ਇਕੋ ਵਾਰ ਨਾਲ ਪਾਪੀ ਦਾ ਅੰਤ ਕਰ ਦਿੱਤਾ। ਪੁਲਿਸ ਆਲੀ ਗੱਡੀ ’ਚ ਬੈਠਦਿਆਂ ਦਲੀਪ ਆਪਣੇ ਆਪ ਨੂੰ ਕਹਿੰਦਾ ਬੋਲਦਾ ਜਾ ਰਿਹਾ ਸੀ, ‘ਘਰ ਦੀ ਗੱਲ ਉਦੋਂ ਤੱਕ ਈ ਘਰ ’ਚ ਰੱਖਣੀ ਚਾਹੀਦੀ ਹੈ, ਜਦੋਂ ਤੱਕ ਇੱਜ਼ਤ ਨਾਲ ਸਮਝੌਤਾ ਨਾ ਕਰਨਾ ਪਵੇ’। ਗੱਡੀ ਥਾਣੇ ਵੱਲ ਨੂੰ ਤੇਜ਼ੀ ਨਾਲ ਜਾ ਰਹੀ ਸੀ।

***

## ਬੱਚਿਆਂ ਲਈ ਸਰੀਰਕ

ਅਜਿਹਾ ਕਰਨ ਨਾਲ ਬੱਚਿਆਂ ਦੇ ਸਰੀਰ ਚੰਗੀ ਤਰ੍ਹਾਂ ਮੌਲ ਸਕਦੇ ਹਨ ਤੇ ਉਹ ਸਰੀਰਕ ਖੇਡਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ ਤਿਆਰ ਹੋ ਸਕਦੇ ਹਨ। ਹਰ ਸਕੂਲ ਦੇ ਪੀਟੀਆਈ ਤੇ ਡੀਪੀਈ ਲਈ ਜ਼ਰੂਰੀ ਹੋਵੇ ਕਿ ਵਿਦਿਆਰਥੀਆਂ ਦੇ ਕਸਰਤੀ ਤੇ ਖੇਡਾਂ ਦੇ ਪੀਰੀਅਡ ਲਾਜ਼ਮੀ ਲਾਵੇ। ਪੰਜਾਹ ਸੱਠ ਸਾਲ ਪਹਿਲਾਂ ਜਦੋਂ ਅਸੀਂ ਸਕੂਲੇ ਪੜ੍ਹਦੇ ਸਾਂ ਤਾਂ ਅਜਿਹਾ ਕਰਨਾ ਲਾਜ਼ਮੀ ਸੀ। ਮੈਨੂੰ ਸਕੂਲ ਦੀ ‘ਡਰਿੱਲ’ ਅਜੇ ਤਕ ਭੁੱਲੀ। ਸਾਡੇ ਵਿਦਿਆਰਥੀਆਂ ਦੇ ਕਮਜ਼ੋਰ ਹੁੰਦੇ ਜਾ ਰਹੇ ਜੁੱਸਿਆਂ ਦਾ ਇਕ ਕਾਰਨ ਇਹ ਵੀ ਹੈ ਕਿ ਸਾਡੇ ਬਹੁਤ ਸਾਰੇ ਸਕੂਲਾਂ ਵਿਚ ਸਰੀਰਕ ਸਿੱਖਿਆ ਤੇ ਖੇਡਾਂ ਦਾ ਲਾਜ਼ਮੀ ਪੀਰੀਅਡ ਹੀ ਨਹੀਂ ਲੱਗਦਾ। ਬਹੁਤ ਸਾਰੇ ਸਕੂਲਾਂ ਵਿਚ ਸਰੀਰਕ ਸਿੱਖਿਆ ਦੇ ਅਧਿਆਪਕ ਜਾਂ ਖੇਡਾਂ ਦੇ ਇੰਸਟ੍ਰੱਕਟਰ ਹੈ ਹੀ ਨਹੀਂ ਤੇ ਜਿਥੇ ਹੈਨ ਵੀ ਉਥੇ ਵਿਹਲੇ ਬੈਠੇ ਜਾਂ ਬਿਠਾ ਰੱਖੇ ਹਨ। ਉਨ੍ਹਾਂ ਕੋਲ ਆਪਣਾ ਕੰਮ ਈਮਾਨਦਾਰੀ ਨਾਲ ਨਾ ਕਰ ਸਕਣ ਦੇ ਬਹਾਨਿਆਂ ਦੀ ਵੀ ਕੋਈ ਕਮੀ ਨਹੀਂ। ਪੁੱਛ ਪੜਤਾਲ ਕੀਤੀ ਜਾਣੀ ਚਾਹੀਦੀ ਹੈ ਕਿ ਹਜ਼ਾਰਾਂ ਪੀਟੀ ਤੇ ਡੀਪੀਈ ਕਰ ਕੀ ਰਹੇ ਹਨ ? ਪੰਜਾਬ ਦੇ ਕਿੰਨੇ ਸਕੂਲ ਹਨ ਜੋ ਖੇਡਾਂ ਦੀਆਂ ਟੀਮਾਂ ਤਿਆਰ ਕਰਦੇ ਹਨ ਤੇ ਖੇਡ ਮੁਕਾਬਲਿਆਂ ਵਿਚ ਭਾਗ ਲੈਂਦੇ ਹਨ ? ਖੇਡਾਂ ਕੇਵਲ ‘ਜਿੱਤਣ’ ਲਈ ਹੀ ਨਹੀਂ ਹੁੰਦੀਆਂ ‘ਖੇਡਣ’ ਤੇ ‘ਫਿੱਟ’ ਰਹਿਣ ਲਈ ਵੀ ਖੇਡੀਆਂ ਜਾਣੀਆਂ ਜ਼ਰੂਰੀ ਹਨ।

ਇਹ ਠੀਕ ਹੈ ਕਿ ਟੀਮ ਖੇਡਾਂ ਲਈ ਕਈ ਵਾਰ ਪੂਰੇ ਖਿਡਾਰੀ ਨਹੀਂ ਮਿਲਦੇ ਪਰ ਵਿਅਕਤੀਗਤ ਖੇਡਾਂ ਲਈ ਤਾਂ ਅਜਿਹੀ ਕੋਈ ਮਜਬੂਰੀ ਨਹੀਂ ਹੁੰਦੀ। ਕਿਸੇ ਨੂੰ ਅਥਲੈਟਿਕਸ, ਕਿਸੇ ਨੂੰ ਤੈਰਾਕੀ, ਕਿਸੇ ਨੂੰ ਕੁਸ਼ਤੀ, ਮੁੱਕੇਬਾਜ਼ੀ, ਕਿਸੇ ਨੂੰ ਸ਼ੂਟਿੰਗ, ਬੈਡਮਿੰਟਨ, ਟੈਨਿਸ, ਵੇਟਲਿਫਟਿੰਗ, ਗੱਲ ਕੀ ਵਿਦਿਆਰਥੀ ਦੀ ਪ੍ਰਤਿਭਾ ਤੇ ਸੌਖ ਨਾਲ ਮਿਲਣ ਵਾਲੀ ਸਹੂਲਤ ਨੂੰ ਵੇਖਦਿਆਂ ਕਿਸੇ ਵੀ ਖੇਡ ਵਿਚ ਪਾਇਆ ਜਾ ਸਕਦੈ। ਲੰਮੇ ਕੱਦ ਵਾਲਿਆਂ ਲਈ ਬਾਸਕਟਬਾਲ ਤੇ ਵਾਲੀਬਾਲ, ਮਧਰੇ ਕੱਦ ਵਾਲਿਆਂ ਲਈ ਜਿਮਨਾਸਟਿਕਸ, ਹੌਲੇ ਵਜ਼ਨ ਵਾਲਿਆਂ ਲਈ ਛਾਲਾਂ ਤੇ ਲੰਮੀਆਂ ਦੌੜਾਂ ਅਤੇ ਕੱਦਾਵਰ ਭਾਰੇ ਵਜ਼ਨ ਵਾਲਿਆਂ ਲਈ ਗੋਲਾ ਡਿਸਕਸ ਵਰਗੀਆਂ ਸੁੱਟਾਂ ਵਧੇਰੇ ਜੱਚਵੀਆਂ ਹਨ। ਕੋਸਿ.ਸ਼ ਹੋਵੇ ਕਿ ਕਿਸੇ ਵੀ ਖੇਡ ਦੀ ਮੁੱਢਲੀ ਸਿਖਲਾਈ ਮਾਹਿਰ ਕੋਚ ਤੋਂ ਮਿਲੇ ਤਾਂ ਕਿ ਖੇਡਣ ਦੀ ਕੋਈ .ਗਲਤ ਆਦਤ ਨਾ ਪੱਕੇ। ਜਦੋਂ ਕਿਸੇ ਨੂੰ ਅਜਿਹੀ ਖੇਡ ਵਿਚ ਪਾਉਂਦੇ ਹਾਂ ਜਿਸ ਅਨੁਸਾਰ ਉਹਦਾ ਜੁੱਸਾ ਹੀ ਨਹੀਂ ਹੁੰਦਾ ਤਾਂ ਉਹ ਉਸ ਖੇਡ ਦੇ ਸਿਖਰ ਉਤੇ ਨਹੀਂ ਪੁੱਜ ਸਕਦਾ। ਮੇਰਾ ਆਪਣਾ ਜੁੱਸਾ ਗੋਲਾ ਸੁੱਟਣ ਵਾਲਾ ਨਹੀਂ ਸੀ ਜਿਸ ਕਰਕੇ ਮੈਂ ਯੂਨੀਵਰਸਿਟੀ ਦਾ ਚੈਂਪੀਅਨ ਬਣਨ ਤੋਂ ਅੱਗੇ ਨਾ ਵਧ ਸਕਿਆ। ਜੇਕਰ ਜੈਵਲਿਨ ਸੁੱਟਣ ਲੱਗਦਾ ਤਾਂ ਸੰਭਵ ਸੀ ਨਤੀਜੇ ਬਿਹਤਰ ਦਿੰਦਾ।ਬੱਚੇ ਲਈ ਖੇਡ ਦੀ ਚੋਣ ਕਰਨੀ ਬੇਸ਼ਕ ਖੇਡ ਮਾਹਿਰਾਂ ਦਾ ਕੰਮ ਹੈ ਪਰ ਬੱਚੇ ਨੂੰ ਖੇਡਾਂ ਵਿਚ ਪਾਉਣਾ ਤਾਂ ਹਰ ਮਾਪੇ ਤੇ ਸਕੂਲ ਦੀ ਜ਼ਿੰਮੇਵਾਰੀ ਹੈ। ਜੇਕਰ ਮਾਪੇ ਆਪਣੇ ਬੱਚਿਆਂ ਨੂੰ ਤਕੜੇ, ਨਰੋਏ ਤੇ ਖ਼ੁਸ਼ ਵੇਖਣਾ ਚਾਹੁੰਦੇ ਹਨ, ਖੇਡਾਂ ਰਾਹੀਂ ਕਿੱਤਾਕਾਰੀ ਕੋਰਸਾਂ ਦੀਆਂ ਖਿਡਾਰੀ-ਵਿਦਿਆਰਥੀਆਂ ਵਾਲੀਆਂ ਸੀਟਾਂ ਲੈਣੀਆਂ ਲੋਚਦੇ ਹਨ, ਖੇਡਾਂ ਦੇ ਸਿਰ ’ਤੇ ਨੌਕਰੀਆਂ ਅਤੇ ਨਾਂ ਤੇ ਨਾਵਾਂ ਕਮਾਉਣਾ ਚਾਹੁੰਦੇ ਹਨ ਤਾਂ ਬੱਚਿਆਂ ਦੀ ਪੜ੍ਹਾਈ ਲਿਖਾਈ ਕਰਾਉਣ ਦੇ ਨਾਲ ਉਨ੍ਹਾਂ ਨੂੰ ਖੇਡਾਂ ਵਿਚ ਵੀ ਪਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਕਿਸੇ ਵੀ ਮੁਲਕ ਜਾਂ ਕੌਮ ਦੀ ਅਗਲੀ ਪੀੜ੍ਹੀ ਕਿਸੇ ਵੀ ਕੰਮ ਲਈ ਵਧੇਰੇ ਫਿੱਟ ਰੱਖੀ ਜਾ ਸਕਦੀ ਹੈ। ਫਿੱਟ ਜੁੱਸੇ ਨਾਲ ਦੀ ਰੀਸ ਨਹੀਂ। ਸਿਆਣਿਆਂ ਨੇ ‘ਹੈਲਥ ਇਜ਼ ਵੈਲਥ’ ਐਵੇਂ ਨਹੀ ਕਿਹਾ।

***

## ਭਾਈ ਅੰਮ੍ਰਿਤਪਾਲ ਸਿੰਘ ਵਰਤਾਰਾ

ਸ. ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਜੋਟੀਦਾਰ ਅਕਾਲੀ ਆਗੂ ਕੀ ਇਨ੍ਹਾਂ ਕਠਿਨ ਹਾਲਾਤ ਵਿਚ ਅਕਾਲੀ ਰਾਜਨੀਤੀ ਦੀ ਪੁਨਰ-ਸੁਰਜੀਤੀ ਕਰ ਲੈਣਗੇ, ਇਸ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਦੂਜੇ ਪਾਸੇ ਕੀ ਸ. ਸਿਮਰਨਜੀਤ ਸਿੰਘ ਮਾਨ ਆਪਣੇ ਦਲ ਦਾ ਫੈਲਾਅ ਕਰਦਿਆਂ ਸਿੱਖ ਰਾਜਨੀਤੀ ਦਾ ਨਵਾਂ-ਮੁਹਾਂਦਰਾ ਸਿਰਜ ਲੈਣਗੇ ਅਤੇ 2027 ਜਾਂ ਉਸ ਤੋਂ ਪਹਿਲਾਂ ਸਿੱਖ ਸੋਚ ਵਾਲੀ ਰਾਜਨੀਤੀ ਦਾ ਉਭਾਰ ਕਰਕੇ ਪੰਜਾਬ ਦੀ ਸੱਤਾ ਉੱਤੇ ਆਪਣਾ ਸੰਜੀਦਾ ਦਾਅਵਾ ਪੇਸ਼ ਕਰ ਸਕਣਗੇ, ਇਸ ਬਾਰੇ ਵੀ ਕੋਈ ਸਪਸ਼ਟਤਾ ਨਹੀਂ ਹੈ। ਇਨ੍ਹਾਂ ਸਾਰੇ ਹਲਾਤ ਵਿਚ ਜਦੋਂ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਸੱਤਾ ਉੱਤੇ ਦਾਅਵਾ ਕਮਜ਼ੋਰ ਪੈ ਰਿਹਾ ਹੈ ਤਾਂ ਕੀ ‘ਵਾਰਿਸ ਪੰਜਾਬ ਦੇ’ ਜਥੇਬੰਦੀ ਜਾਂ ਕੋਈ ਹੋਰ ਨਵੀਂ ਸਿੱਖ ਰਾਜਨੀਤਿਕ ਪਾਰਟੀ ਇਸ ਸਬੰਧੀ ਨਿਕਟ ਭਵਿੱਖ ਵਿਚ ਆਪਣੀ ਸ਼ਕਤੀ ਬਣਾ ਲਏਗੀ। ਇਕ ਰਾਜਨੀਤਿਕ ਅਤੇ ਨੀਤੀਵਾਨ ਭਾਈ ਅੰਮ੍ਰਿਤਪਾਲ ਸਿੰਘ ਸਾਹਮਣੇ ਇਹ ਇਕ ਵੱਡੀ ਚੁਣੌਤੀ ਹੈ। ਯਕੀਨਨ ਸਿੱਖ ਰਾਜਨੀਤੀ ਦਾ ਬਦਲਵਾਂ ਖ਼ਾਲਸਾ ਸਭਿਆਚਾਰ ਸਿਰਜਣ ਦਾ ਇਹ ਇਕ ਨਵਾਂ ਮੌਕਾ ਪੈਦਾ ਹੋ ਰਿਹਾ ਹੈ।

ਸਿੱਖ ਪੰਥ ਭਾਰਤ ਦੇ ਜਿਸ ਰਾਜਨੀਤਿਕ ਵਾਤਾਵਰਣ ਤੇ ਸਥਿਤੀਆਂ ਵਿਚ ਰਹਿ ਰਿਹਾ ਹੈ, ਉੱਥੇ ਇਕ ਗੱਲ ਸਪਸ਼ਟ ਹੈ ਕਿ ਹਰ ਜਾਗਦੀ ਪੰਥਕ ਜ਼ਮੀਰ ਵਾਲੀ ਸ਼ਕਤੀ, ਜਥੇਬੰਦੀ, ਸ਼ਖ਼ਸੀਅਤ ਅਤੇ ਧਾਰਮਿਕ-ਰਾਜਨੀਤਿਕ ਲਹਿਰ ਆਦਿ ਨੂੰ ਸਟੇਟ ਅਤੇ ਬਹੁ-ਗਿਣਤੀ ਹਿੰਦੂਆਂ, ਹਿੰਦੂਪ੍ਰਸਤ ਮੀਡੀਆ, ਖੱਬੇ ਪੱਖੀਆਂ ਅਤੇ ਦਿੱਲੀ ਦੇ ਹਮਾਇਤੀ ਅੰਦਰਲੇ ਸਿੱਖ ਚਿਹਰਿਆਂ ਵਾਲੇ ਸਿੱਖ ਆਗੂਆਂ ਤੋਂ ਹਮੇਸ਼ਾ ਇਸ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਨੂੰ ਵੀ ਅਜਿਹੇ ਅੰਦਰੂਨੀ ਤੇ ਬਾਹਰੀ ਵਿਰੋਧਤਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਈ ਅੰਮ੍ਰਿਤਪਾਲ ਸਿੰਘ ਦੇ ਬੇਬਾਕੀ ਨਾਲ ਦਿੱਤੇ ਜਾਂਦੇ ਵਿਚਾਰਾਂ ਨੂੰ .ਗਲਤ ਰੂਪ ਵਿਚ ਪੇਸ਼ ਕਰਕੇ ਇਨ੍ਹਾਂ ਸ਼ਕਤੀਆਂ ਵੱਲੋਂ ਪੰਜਾਬ ਵਾਸੀਆਂ ਨੂੰ ਸੂਬੇ ਦੇ ਹਾਲਾਤ ਖ਼ਰਾਬ ਹੋਣ ਦਾ ਡਰ ਵਿਖਾ ਕੇ ਭੜਕਾਇਆ ਜਾ ਰਿਹਾ ਹੈ। ਖੱਬੇ ਪੱਖੀ ਵਿਦਵਾਨ, ਪੱਤਰਕਾਰ, ਵਿਰੋਧ ਵਾਲੀ ਹਿੰਦੂ ਮਾਨਸਿਕਤਾ, ਸ਼ਿਵ ਸੈਨਿਕ ਆਦਿ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੀਆਂ ਸਾਫ਼ਗੋਈ ਗੱਲਾਂ ਕਾਰਨ ਪੰਜਾਬ ਵਿਚ ਡਰ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ।

ਦੂਸਰੇ ਪਾਸੇ ਪਿਛਲੇ ਸੰਘਰਸ਼ ਦੀਆਂ ਜੁਝਾਰੂ ਧਿਰਾਂ ਦੇ ਵਾਰਿਸਾਂ, ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਸੰਪਰਦਾਵਾਂ, ਪੰਥਕ ਵਿਦਵਾਨਾਂ ਅਤੇ ਵਿਸ਼ਵ ਸਿੱਖ ਜਥੇਬੰਦੀਆਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਤੋਂ ਬੁਝਾਰਤੀ ਦੂਰੀ ਬਣਾ ਕੇ ਰੱਖੀ ਜਾ ਰਹੀ ਹੈ। ਉਹ ‘ਉਡੀਕੋ ਤੇ ਵੇਖੋ’ ਦੀ ਲੀਹ ਉੱਤੇ ਚੱਲਦੇ ਨਜ਼ਰ ਆ ਰਹੇ ਹਨ। ਪਰ ਸਿੱਖ ਸੰਗਤਾਂ, ਗੁਰਦੁਆਰਾ ਕਮੇਟੀਆਂ, ਧਰਮ ਪ੍ਰਚਾਰ ਸੰਸਥਾਵਾਂ, ਰਾਗੀ-ਢਾਡੀ ਜਥੇ ਆਦਿ ਭਾਈ ਅੰਮ੍ਰਿਤਪਾਲ ਸਿੰਘ ਨਾਲ ਲਗਾਤਾਰ ਜੁੜ ਰਹੇ ਹਨ। ਪੰਥਕ ਸਫ਼ਾਂ ਵਿਚ ਉੱਭਰ ਰਹੇ ਇਸ ਨੌਜੁਆਨ ਆਗੂ ਨੂੰ ਨਾ ਕੇਵਲ ਪੰਜਾਬ, ਭਾਰਤ ਸਗੋਂ ਵਿਦੇਸ਼ਾਂ ਵਿਚੋਂ ਮਿਲ ਰਹੇ ਸਮਰਥਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਭਾਈ ਅੰਮ੍ਰਿਤਪਾਲ ਸਿੰਘ, ਉਨ੍ਹਾਂ ਦੀ ਟੀਮ ਅਤੇ ਜਥੇਬੰਦੀ ਆਪਣੀਆਂ ਸਰਗਰਮੀਆਂ ਨੂੰ ਲਗਾਤਾਰ ਜਾਰੀ ਰੱਖ ਰਹੀਆਂ ਹਨ। 23 ਨਵੰਬਰ 2022 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਜਾਣ ਵਾਲੀ ਖ਼ਾਲਸਾ ਵਹੀਰ ਨੂੰ ਸਿੱਖ ਸੰਗਤਾਂ ਦਾ ਵੱਡਾ ਸਮਰਥਨ ਮਿਲ ਰਿਹਾ ਹੈ। ਇਨ੍ਹਾਂ ਸਾਰੇ ਹਾਲਾਤ ਵਿਚ ਨਿਰਾਸ਼, ਬੇਚੈਨ ਅਤੇ ਦਰਦ ਵਿਚ ਜੀਅ ਰਹੇ ਸਿੱਖ ਪੰਥ ਨੂੰ ਨਵੀਆਂ ਉਮੀਦਾਂ ਦੀ ਆਸ ਬੱਝ ਰਹੀ ਹੈ। ਅਜਿਹੀਆਂ ਸਥਿਤੀਆਂ ਵਿਚ ਭਾਈ ਅੰਮ੍ਰਿਤਪਾਲ ਸਿੰਘ ਪੰਥ ਦੀ ਨਵੀਂ ਆਸ ਦੀ ਕਿਰਨ ਕਿਵੇਂ ਬਣਕੇ ਸਾਰੇ ਅਕਾਲੀ ਅਤੇ ਪੰਥਕ ਚਿਹਰਿਆਂ ਤੋਂ ਅੱਗੇ ਵੱਡੀ ਲਕੀਰ ਬਣਾਉਂਦੇ ਹੋਏ ਕਿਵੇਂ ਪ੍ਰਵਾਨਤ ਪੰਥਕ ਚਿਹਰੇ ਵਜੋਂ ਉੱਭਰਨਗੇ, ਇਹ ਕਠਿਨ ਪਰ ਸੰਭਵ ਸਵਾਲ ਦੇ ਜਵਾਬ ਨਿਕਟ ਭਵਿੱਖ ਦੇ ਇਤਿਹਾਸ ਦੇ ਗਰਭ ਵਿਚ ਪਏ ਹਨ। ‘ਵਾਰਿਸ ਪੰਜਾਬ ਦੇ’ ਜਥੇਬੰਦੀ ਅਤੇ ਉਨ੍ਹਾਂ ਸਾਹਮਣੇ ਚੁਣੌਤੀਆਂ ਦਾ ਵੱਡਾ ਅੰਬਾਰ ਲੱਗਾ ਹੋਇਆ ਹੈ। ਪਰ ਉਹ ਗੁਰੂ ਦਾ ਓਟ ਆਸਰਾ ਲੈ ਕੇ ਜਿਵੇਂ ਪੰਥਕ ਮਿਸ਼ਨ ਦੀ ਪ੍ਰਾਪਤੀ ਲਈ ਅੱਗੇ ਵੱਧ ਰਹੇ ਹਨ, ਸਿੱਖ ਪੰਥ ਵਡੇਰੇ ਹਿੱਤਾਂ ਨੂੰ ਮੁੱਖ ਰੱਖਕੇ ਸਮੁੱਚੇ ਸਿੱਖ ਪੰਥ ਸਿੱਖ ਸੰਸਥਾਵਾਂ, ਵਿਦਵਾਨਾਂ ਅਤੇ ਆਗੂਆਂ ਨੂੰ ਉਨ੍ਹਾਂ ਦੀ ਹਮਾਇਤ ਵਿਚ ਉਨ੍ਹਾਂ ਨਾਲ ਖੜ੍ਹਨਾ ਚਾਹੀਦਾ ਹੈ। ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਦੀ ਸਫ਼ਲਤਾ ਦੀਆਂ ਸੰਭਾਵਨਾਵਾਂ ਅਜਿਹੀ ਹਮਾਇਤ ਤੋਂ ਪਾਰ ਪਈਆਂ ਹਨ।

**

## ਸਮਾਰਟ ਫ਼ੋਨ ਦੀ ...

ਆਪਣੇ ਆਪ ਨੂੰ ਰੋਕ ਨਹੀਂ ਸਕਦੇ। ਇਸ ਤੋਂ ਇਲਾਵਾ ਅਸੀਂ ਲਗਾਤਾਰ ਲੈਪਟਾਪ ਜਾਂ ਡੈਸਕਟਾਪ ’ਤੇ ਕੰਮ ਕਰਦੇ ਹਾਂ, ਟੀਵੀ ਵੀ ਦੇਖਦੇ ਹਾਂ। ਜਿਸ ਕਾਰਨ ਸਾਡੀਆਂ ਅੱਖਾਂ ’ਤੇ ਦਬਾਅ ਪੈਂਦਾ ਹੈ, ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਖ਼ੁਸ਼ਕੀ ਦੀ ਸਮੱਸਿਆ ਵੀ ਸ਼ੁਰੂ ਹੋ ਜਾਂਦੀ ਹੈ। ਦਰਅਸਲ, ਗੈਜੇਟਸ ਦੀ ਵਰਤੋਂ ਕਰਦੇ ਸਮੇਂ ਅਸੀਂ ਪਲਕਾਂ ਨੂੰ ਝਪਕਣਾ ਭੁੱਲ ਜਾਂਦੇ ਹਾਂ, ਜਿਸ ਕਾਰਨ ਅੱਖਾਂ ਵਿੱਚ ਖ਼ੁਸ਼ਕੀ ਆਉਣ ਲੱਗਦੀ ਹੈ। ਖ਼ੁਸ਼ਕੀ ਨਾਲ ਇਨਫੈਕਸ਼ਨ ਅਤੇ ਹੋਰ ਸਮੱਸਿਆਵਾਂ ਵੀ ਹੁੰਦੀਆਂ ਹਨ। ਇਸ ਦੇ ਲਈ ਜ਼ਰੂਰੀ ਹੈ ਕਿ ਤੁਸੀਂ ਕੰਮ ਦੇ ਵਿਚਕਾਰ ਹਰ 20 ਮਿੰਟ ਵਿਚ 20 ਸਕਿੰਟ ਲਈ ਅੱਖਾਂ ਨੂੰ ਆਰਾਮ ਦਿਓ। ਗੈਜੇਟਸ ਨੂੰ ਵੀ ਦੂਰ ਰੱਖੋ ਅਤੇ ਹਾਂ, ਝਪਕਣਾ ਨਾ ਭੁੱਲੋ। ਨਾਲ ਹੀ ਤੁਸੀਂ ਮੋਬਾਈਲ ਜਾਂ ਲੈਪਟਾਪ ਦੀ ਚਮਕ ਵੀ ਘਟਾ ਸਕਦੇ ਹੋ।ਇਸ ਸਮੱਸਿਆ ਨੂੰ ਟੇਕਸ ਕਲੋ ਕਿਹਾ ਜਾਂਦਾ ਹੈ, ਜਿਸ ਵਿੱਚ ਤੁਹਾਨੂੰ ਲਗਾਤਾਰ ਆਪਣੀਆਂ ਉਂਗਲਾਂ ਵਿੱਚ ਦਰਦ ਮਹਿਸੂਸ ਹੁੰਦਾ ਹੈ। ਜੇਕਰ ਤੁਸੀਂ ਵੀ ਇਸ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ, ਤਾਂ ਤੁਸੀਂ ਇਕੱਲੇ ਨਹੀਂ ਹੋ। ਇਹ ਦਰਦ ਸਮਾਰਟ ਫ਼ੋਨ ਦੀ ਲਗਾਤਾਰ ਵਰਤੋਂ ਨਾਲ ਹੁੰਦਾ ਹੈ, ਹਾਲਾਂਕਿ, ਇਹ ਉਂਗਲਾਂ ਦੀ ਲਗਾਤਾਰ ਵਰਤੋਂ ਨਾਲ ਹੁੰਦਾ ਹੈ, ਜੋ ਕਿਸੇ ਵੀ ਕੰਮ ਕਾਰਨ ਹੋ ਸਕਦਾ ਹੈ।ਇਸ ਤੋਂ ਕਿਵੇਂ ਬਚੀਏ : ਇਸ ਦੇ ਲਈ ਹੱਥਾਂ ਦੀ ਮਾਲਿਸ਼ ਕਰੋ, ਖਿੱਚੋ। ਫ਼ੋਨ ਦੀ ਵਰਤੋਂ ਘਟਾਓ।

ਸਮਾਰਟ ਫ਼ੋਨ ਨੂੰ ਘੰਟਿਆਂ ਤੱਕ ਹੱਥਾਂ ਵਿੱਚ ਫੜੀ ਰੱਖਣ ਨਾਲ ਤੁਹਾਡੇ ਹੱਥਾਂ ਨੂੰ ਜ਼ਿਆਦਾਤਰ ਸਮਾਂ ਜੋੜਿਆ ਜਾਂਦਾ ਹੈ। ਜਿਸ ਕਾਰਨ ਇਹ ਦਰਦ ਪੈਦਾ ਹੁੰਦਾ ਹੈ। ਜੇ ਤੁਹਾਨੂੰ ਅਕਸਰ ਕੂਹਣੀ ਵਿੱਚ ਦਰਦ, ਸੁਣਨ ਜਾਂ ਝਰਨਾਹਟ ਹੁੰਦੀ ਹੈ, ਤਾਂ ਤੁਹਾਡੇ ਫ਼ੋਨ ਦੀ ਵਰਤੋਂ ਇਸਦੇ ਪਿੱਛੇ ਹੋ ਸਕਦੀ ਹੈ। ਇਸਦੇ ਲਈ ਵੀ ਤੁਹਾਨੂੰ ਫ਼ੋਨ ਦੀ ਵਰਤੋਂ ਘੱਟ ਕਰਨੀ ਪਵੇਗੀ। ਨਾਲ ਹੀ, ਰੋਜ਼ਾਨਾ ਹੱਥਾਂ ਨੂੰ ਖਿੱਚਣ ਦੀ ਕਸਰਤ ਕਰੋ, ਤਾਂ ਜੋ ਖ਼ੂਨ ਦਾ ਸੰਚਾਰ ਠੀਕ ਰਹੇ।

***

## ਦੁਸ਼ਮਣਾਂ ਨਾਲ ਲੋਹਾ ਲੈਂਦੀਆਂ ਨੇ ਯੁਕਰੇਨ

ਫ਼ੌਜ ਵਿੱਚ ਰੋਜ਼ਾਨਾ ਜੀਵਨ ਅਜੇ ਵੀ ਮਰਦਾਂ ’ਤੇ ਕੇਂਦਰਿਤ ਹੈ। ਔਰਤਾਂ ਮਰਦਾਂ ਵਾਂਗ ਹੀ ਵਰਦੀ ਪਹਿਨਦੀਆਂ ਹਨ, ਛੋਟੇ ਸਾਈਜ਼ ਦੇ ਫ਼ੌਜੀ ਬੂਟਾਂ ਨੂੰ ਲੱਭਣਾ ਅਸਲੋਂ ਚੁਣੌਤੀ ਹੈ। ਔਰਤਾਂ ਨੂੰ ਥਰਮਲ ਅੰਡਰਵੀਅਰ ਪ੍ਰਦਾਨ ਨਹੀਂ ਕੀਤੇ ਜਾਂਦੇ ਹਨ। ਮੋਲੋਸ਼ਨਾ ਕਹਿੰਦੀ ਹੈ ਕਿ ਔਰਤਾਂ ਨੂੰ ਆਪਣੇ ਖ਼ੁਦ ਦੇ ਔਰਤਾਂ ਸੰਬੰਧੀ ਸਫ਼ਾਈ ਉਤਪਾਦ ਵੀ ਖ਼ਰੀਦਣੇ ਪੈਂਦੇ ਹਨ, ਜਿਵੇਂ ਕਿ ਪੈਡ ਜਾਂ ਟੈਂਪੋਜ਼।

ਫ਼ੌਜ ਵਿੱਚ ਔਰਤਾਂ ਦੀ ਮਦਦ ਕਰਨ ਵਾਲੀ ‘ਜ਼ੇਮਲਿਆਚਕੀ’ ਜਨਤਕ ਸੰਸਥਾ ਦੀ ਸਹਿ-ਸੰਸਥਾਪਕ, ਕਸੇਨੀਆ ਡ੍ਰਾਗਨਯੁਕ ਕਹਿੰਦੀ ਹੈ, ਹਰ ਰੋਜ਼ ਹਜ਼ਾਰਾਂ ਫ਼ੌਜੀ ਔਰਤਾਂ ਸਾਡੇ ਕੋਲ ਅਜਿਹੀਆਂ ਸਮੱਸਿਆਵਾਂ ਨਾਲ ਆਉਂਦੀਆਂ ਹਨ।

ਓਕਸਾਨਾ ਗ੍ਰੀਗੋਰੀਵਾ ਕਹਿੰਦੀ ਹੈ ਕਿ ਹਥਿਆਰਬੰਦ ਫ਼ੋਰਸਜ਼ ਵਿਤਕਰੇ ਨੂੰ ਖ਼ਤਮ ਕਰਨ ਅਤੇ ਫ਼ੌਜੀ ਕਰਮਚਾਰੀਆਂ ਨੂੰ ਸਿੱਖਿਅਤ ਕਰਨ ਲਈ ਕੰਮ ਕਰ ਰਹੇ ਹਨ, ਪਰ ਔਰਤਾਂ ਨੂੰ ਆਪਣੇ ਤਤਕਾਲ ਸੁਪਰਵਾਈਜ਼ਰ, ਸਲਾਹਕਾਰ ਜਾਂ ਰੱਖਿਆ ਮੰਤਰਾਲੇ ਵੱਲੋਂ ਦਿੱਤੇ ਗਏ ਸੰਪਰਕ ਨੰਬਰਾਂ ’ਤੇ ਪ੍ਰੇਸ਼ਾਨੀ ਜਾਂ ਵਿਤਕਰੇ ਵਰਗੀਆਂ ਸਮੱਸਿਆਵਾਂ ਬਾਰੇ ਰਿਪੋਰਟ ਦਰਜ ਕਰਵਾਉਣੀ ਚਾਹੀਦੀ ਹੈ।ਗ੍ਰੀਗੋਰੀਏਵਾ ਫ਼ੌਜ ਵਿੱਚ ਕੰਮ ਕਰਦੀਆਂ ਔਰਤਾਂ ਨੂੰ ਕਹਿੰਦੀ ਹੈ, ‘ਮੈਂ ਔਰਤਾਂ ਨੂੰ ਬੋਲਣ ਲਈ ਉਤਸ਼ਾਹਿਤ ਕਰਦੀ ਹਾਂ, ਅਸੀਂ ਮਦਦ ਕਰਾਂਗੇ। ਕੋਈ ਵੀ ਕਮਾਂਡਰ ਤੰਗ ਕਰਨ ਜਾਂ ਵਿਤਕਰਾ ਕਰਨ ਤੋਂ ਡਰੇਗਾ ਜੇਕਰ ਉਹ ਵਿਤਕਰਾ ਕਰੇਗਾ ਉਸ ਨੂੰ ਸਜ਼ਾ ਮਿਲੇਗੀ। ਇਹ ਇੱਕ ਤਾੜਨਾ ਜਾਂ ਡਿਮੋਸ਼ਨ ਹੋ ਸਕਦਾ ਹੈ।’ਮੋਲੋਸ਼ਨਾ ਕਹਿੰਦੀ ਹੈ ਕਿ ਯੁਕਰੇਨ ਦੀ ਫ਼ੌਜ ਵਿੱਚ ਜਿੰਨੀਆਂ ਜ਼ਿਆਦਾ ਔਰਤਾਂ ਆਉਣਗੀਆਂ, ਓਨੀ ਹੀ ਤੇਜ਼ੀ ਨਾਲ ਬਦਲਾਅ ਆਉਣਗੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com